@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
ਕੌਮੀ ਪਤ੍ਰਿਕਾ
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Monday, 9 December 2024
Punjabi National Daily
Qaumi Patrika NO.1
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਸੋਮਵਾਰ 9 ਦਸੰਬਰ 2024, 25 ਮੱਘਰ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 29, qpatrika@gmail.com ਫੋਨ : 9971359517 www.qaumipatrika.org

# ਦਿੱਲੀ 'ਚ ਵਪਾਰੀ ਦੇ ਕਤਲ ਨੂੰ ਲੈ ਕੇ ਕੇਜਰੀਵਾਲ ਨੇ ਭਾਜਪਾ 'ਤੇ ਵਿੰਨ੍ਹਿਆ ਨਿਸ਼ਾਨਾ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 8 ਦਸੰਬਰ। ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਿਚ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਲੈ ਕੇ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਵਾਲੀ ਰਾਸਟਰੀ ਜਨਤਾਂਤਰਿਕ ਗਠਜੋੜ (ਐੱਨ.ਡੀ.ਏ.) ਸਰਕਾਰ 'ਤੇ ਨਿਸਾਨਾ ਵਿੰਨ੍ਹਿਆ ਅਤੇ ਕਿਹਾ ਕਿ ਇਸ ਮੁੱਦੇ ਦਾ ਸਿਆਸੀਕਰਨ ਕਰਨ ਦੀ ਬਜਾਏ ਉਨ੍ਹਾਂ ਨੂੰ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ 'ਤੇ ਧਿਆਨ ਦੇਣਾ ਚਾਹੀਦਾ ਹੈ। ਦਿੱਲੀ 'ਚ ਅਗਲੇ ਸਾਲ ਫਰਵਰੀ 'ਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ ਅਤੇ ਪੁਲਸ ਕੇਂਦਰੀ ਗ੍ਰਹਿ ਮੰਤਰਾਲਾ ਦੇ ਅਧੀਨ ਆਉਂਦੀ ਹੈ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਸਵੇਰ ਦੀ ਸੈਰ ਦੌਰਾਨ ਇਕ ਵਪਾਰੀ ਦਾ ਗੋਲੀ ਮਾਰ ਕੇ ਕਤਲ, ਪੰਚਸੀਲ ਐਨਕਲੇਵ 'ਚ ਇਕ ਬਜੁਰਗ ਦੇ ਕਤਲ ਅਤੇ ਜਬਰਨ ਵਸੂਲੀ ਦੀਆਂ ਵਧਦੀਆਂ ਘਟਨਾਵਾਂ ਸਮੇਤ ਕਈ ਹਿੰਸਕ ਘਟਨਾਵਾਂ 'ਤੇ ਚਿੰਤਾ ਜਾਹਰ ਕੀਤੀ। ਕੇਜਰੀਵਾਲ ਨੇ ਕਿਹਾ,"ਲੋਕ ਘਬਰਾਏ ਹੋਏ ਹਨ ਅਤੇ ਕਾਨੂੰਨ-



ਵਿਵਸਥਾ ਚਰਮਰਾ ਗਈ ਹੈ। ਬਜੁਰਗ ਡਰੇ ਹੋਏ ਹਨ, ਔਰਤਾਂ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਹਨ ਅਤੇ ਗੈਂਗਵਾਰ ਹੋ ਰਿਹਾ ਹੈ। ਦਿੱਲੀ ਦੇ ਹਰ ਕੋਨੇ 'ਚ ਨਸ਼ੀਲੇ ਪਦਾਰਥ ਵਿਕ ਰਹੇ ਹਨ। ਦਿੱਲੀ ਪੁਲਸ ਕਿੱਥੇ ਹੈ? ਗ੍ਰਹਿ ਮੰਤਰੀ ਕਿੱਥੇ ਹਨ?" ਉਨ੍ਹਾਂ ਨੇ ਕੁਝ ਅਪਰਾਧਾਂ ਦੇ ਪਿੱਛੇ ਰੋਹਿੰਗੀਆ ਦਾ ਹੱਥ ਹੋਣ ਦੇ ਭਾਜਪਾ ਦੇ ਦਾਅਵੇ 'ਤੇ ਕਿਹਾ,"ਜੇਕਰ ਉਹ ਰੋਹਿੰਗੀਆ ਹਨ ਤਾਂ ਗ੍ਰਹਿ ਮੰਤਰੀ ਨੇ ਉਨ੍ਹਾਂ ਨੂੰ ਮਿਆਂਮਾਰ ਅਤੇ ਬੰਗਲਾਦੇਸ਼ ਦੀਆਂ ਸਰਹੱਦਾਂ 'ਤੇ ਕਿਉਂ ਨਹੀਂ ਰੋਕਿਆ? ਅਤੇ ਜੇਕਰ ਉਹ ਦਿੱਲੀ 'ਚ ਦਾਖਲ ਹੋਏ ਹਨ ਤਾਂ ਦਿੱਲੀ ਪੁਲਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਿਉਂ ਨਹੀਂ ਕੀਤਾ? ਇਸ ਮੁੱਦੇ ਦਾ ਸਿਆਸੀਕਰਨ ਕਰਨ ਦੀ ਬਜਾਏ, ਉਨ੍ਹਾਂ ਨੂੰ ਦਿੱਲੀ ਦੇ ਲੋਕਾਂ ਦੀ ਸੁਰੱਖਿਆ ਯਕੀਨੀ ਕਰਨ 'ਤੇ ਧਿਆਨ ਦੇਣਾ ਚਾਹੀਦਾ।" ਭਾਜਪਾ ਨੇ ਪਹਿਲੇ ਵੀ 'ਆਪ' 'ਤੇ ਰਾਜਨੀਤਕ ਲਾਭ ਲਈ ਅਪਰਾਧਕ ਤੱਤਾਂ ਨੂੰ ਬਚਾਉਣ ਦਾ ਦੋਸ਼ ਲਗਾ ਕੇ ਦੋਸ਼ਾਂ ਦਾ ਜਵਾਬ ਦਿੱਤਾ ਹੈ। ਕੇਜਰੀਵਾਲ ਨੇ ਹਾਲਾਂਕਿ, ਤਰਕ ਦਿੱਤਾ ਕਿ ਇਸ ਤਰਾਂ ਦੇ ਦਾਅਵੇ ਲੋਕਾਂ ਦਾ ਧਿਆਨ ਜਨਤਕ ਸੁਰੱਖਿਆ ਦੇ ਅਹਿਮ ਮੁੱਦੇ ਤੋਂ ਭਟਕਾਉਣ ਦੀ ਕੋਸ਼ਿਸ਼ ਹੈ।

## ਹੈਕਰ ਨੇ ਮੇਰੇ ਸਮਾਰਟਫੋਨ ਤੇ ਲੈਪਟਾਪ ਹੈਕ ਕੀਤੇ, ਹਜਾਰਾਂ ਡਾਲਰ ਮੰਗੇ : ਪਿਤ੍ਰੋਦਾ

ਨਵੀਂ ਦਿੱਲੀ, 8 ਦਸੰਬਰ। ਕਾਂਗਰਸ ਨੇਤਾ ਸੈਮ ਪਿਤ੍ਰੋਦਾ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਸਮਾਰਟਫੋਨ, ਲੈਪਟਾਪ ਅਤੇ ਸਰਵਰ ਨੂੰ ਪਿਛਲੇ ਹਫਤੇ ਵਾਰ-ਵਾਰ ਹੈਕ ਕੀਤਾ ਗਿਆ ਹੈ ਅਤੇ ਹੈਕਰ ਉਨ੍ਹਾਂ ਨੂੰ ਧਮਕੀਆਂ ਦੇ ਰਹੇ ਹਨ ਅਤੇ ਕ੍ਰਿਪਟੋ ਕਰੰਸੀ ਵਿਚ ਹਜਾਰਾਂ ਡਾਲਰ ਲਗਾਉਣ ਦੀ ਮੰਗ ਕਰ ਰਹੇ ਹਨ। ਪਿਤ੍ਰੋਦਾ ਨੇ ਇਕ ਈਮੇਲ ਸੰਦੇਸ



ਵਿਚ ਕਿਹਾ ਕਿ ਹੈਕਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਭੁਗਤਾਨ ਨਹੀਂ ਕੀਤਾ ਜਾਂਦਾ ਹੈ ਤਾਂ ਉਹ ਮੇਰੇ ਨੈੱਟਵਰਕ ਦੇ ਲੋਕਾਂ ਨਾਲ ਸੰਪਰਕ ਕਰ ਕੇ ਮੇਰੀ ਸਾਖ ਨੂੰ ਸੱਟ ਮਾਰਨ ਲਈ ਗਲਤ ਸੂਚਨਾ ਮੁਹਿੰਮ ਚਲਾਉਣਗੇ। ਮੇਲ ਵਿਚ ਲਿਖਿਆ ਗਿਆ ਹੈ ਕਿ ਮੈਂ ਤੁਹਾਡੇ ਧਿਆਨ ਵਿਚ ਇਕ ਅਹਿਮ ਮਾਮਲਾ ਲਿਆਉਣਾ ਚਾਹੁੰਦਾ ਹਾਂ। ਪਿਛਲੇ ਕੁਝ ਹਫਤਿਆਂ ਵਿਚ ਮੇਰੇ ਲੈਪਟਾਪ, ਸਮਾਰਟਫੋਨ ਅਤੇ ਸਰਵਰ ਨੂੰ ਵਾਰ-ਵਾਰ ਹੈਕ ਕੀਤਾ ਗਿਆ ਹੈ ਅਤੇ ਗੰਭੀਰ ਰੂਪ ਨਾਲ ਛੇੜਛਾੜ ਕੀਤੀ ਗਈ ਹੈ। ਪਰਿਵਾਰ ਅਤੇ ਦੋਸਤਾਂ ਨੂੰ ਸੰਬੋਧਤ ਈਮੇਲ ਵਿਚ 'ਇੰਡੀਅਨ ਓਵਰਸੀਜ ਕਾਂਗਰਸ' ਦੇ ਮੁਖੀ ਨੇ ਉਨ੍ਹਾਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਅਣਪਛਾਤੀ ਮੇਲ ਆਈ.ਡੀ. ਜਾਂ ਮੋਬਾਈਲ ਨੰਬਰ ਨਾਲ ਉਨ੍ਹਾਂ ਦੇ ਬਾਰੇ ਆਉਣ ਵਾਲੀ ਕਿਸੇ ਵੀ ਈਮੇਲ ਜਾਂ ਮੈਸੇਜ ਨੂੰ 'ਨਾ ਖੋਲ੍ਹਣ', ਕਿਸੇ ਵੀ ਲਿੰਕ 'ਤੇ ਕਲਿੱਕ ਨਾ ਕਰਨ ਅਤੇ ਡਾਊਨਲੋਡ ਨਾ ਕਰਨ।

## ਮਾਮਲਾ 84 ਦੇ ਦੰਗਿਆਂ ਦਾ: ਸਾਬਕਾ ਕੌਂਸਲਰ ਖੋਖਰ ਦੀ ਪਟੀਸ਼ਨ 'ਤੇ ਅਦਾਲਤ ਨੇ ਸੀ. ਬੀ. ਆਈ. ਤੋਂ ਮੰਗਿਆ ਜਵਾਬ

ਨਵੀਂ ਦਿੱਲੀ 8 ਦਸੰਬਰ। ਸੁਪਰੀਮ ਕੋਰਟ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਉਮਰ ਕੈਦ ਦੀ ਸਜਾ ਭੁਗਤ ਰਹੇ ਸਾਬਕਾ ਕਾਂਗਰਸੀ ਕੌਂਸਲਰ ਬਲਵਾਨ ਖੋਖਰ ਵੱਲੋਂ ਦਾਇਰ ਉਸ ਪਟੀਸਨ ਉੱਤੇ ਸੀ. ਬੀ. ਆਈ. ਤੋਂ ਜਵਾਬ ਮੰਗਿਆ ਹੈ, ਜਿਸ ਵਿਚ ਉਨ੍ਹਾਂ ਨੇ ਉਮਰ ਕੈਦ ਦੀ ਸਜਾ ਨੂੰ ਮੁਲਤਵੀ ਕਰਨ ਦੀ ਅਪੀਲ ਕੀਤੀ ਹੈ। ਜਸਟਿਸ ਜੇ.




ਕੇ. ਮਹੇਸਵਰੀ ਅਤੇ ਜਸਟਿਸ ਰਾਜੇਸ ਬਿੰਦਲ ਦੀ ਬੈਂਚ ਨੇ ਵਧੀਕ ਸਾਲਿਸਟਰ ਜਨਰਲ ਐਸਵਰਿਆ ਭਾਟੀ ਨੂੰ ਦੋਸੀ ਦੇ ਵਿਵਹਾਰ 'ਤੇ ਜੇਲ੍ਹ ਪ੍ਰਸਾਸਨ ਤੋਂ ਸਰਟੀਫਿਕੇਟ ਲੈਣ ਦੇ ਨਿਰਦੇਸ ਦਿੱਤੇ ਹਨ। ਇਸ ਮਾਮਲੇ ਦੇ ਸਬੰਧ ਵਿਚ ਭਾਟੀ ਨੇ ਅਦਾਲਤ ਨੂੰ ਦੱਸਿਆ ਕਿ ਖੋਖਰ ਦੀ ਜਮਾਨਤ ਪਟੀਸਨ ਪਹਿਲਾਂ ਵੀ ਤਿੰਨ ਵਾਰ ਖਾਰਜ ਹੋ ਚੁੱਕੀ ਹੈ। ਖੋਖਰ ਤੋਂ ਇਲਾਵਾ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਵੀ ਇਸ ਮਾਮਲੇ ਵਿਚ ਉਮਰ ਕੈਦ ਦੀ ਸਜਾ ਕੱਟ ਰਹੇ ਹਨ। ਇਸ ਮਾਮਲੇ ਵਿਚ ਸਾਬਕਾ ਵਿਧਾਇਕ ਮਹਿੰਦਰ ਯਾਦਵ ਦੀ ਮੰਡੋਲੀ ਜੇਲ੍ਹ ਵਿਚ ਕੋਵਿਡ ਨਾਲ ਮੌਤ ਹੋ ਗਈ ਸੀ, ਜਿਸ ਨੂੰ 10 ਸਾਲ ਦੀ ਸਜਾ ਸੁਣਾਈ ਗਈ ਸੀ। 18 ਦਸੰਬਰ, 2018 ਨੂੰ ਦੋਸੀ ਠਹਿਰਾਏ ਜਾਣ ਤੋਂ ਬਾਅਦ ਕੁਮਾਰ ਅਤੇ ਖੋਖਰ ਤਿਹਾੜ ਜੇਲ੍ਹ ਵਿੱਚ ਬੰਦ ਹਨ। ਦਿੱਲੀ ਹਾਈ ਕੋਰਟ ਨੇ 2018 ਵਿੱਚ ਖੋਖਰ ਦੀ ਸਜਾ ਨੂੰ ਬਰਕਰਾਰ ਰੱਖਿਆ ਅਤੇ ਕੁਮਾਰ ਨੂੰ ਬਰੀ ਕਰਨ ਦੇ 2013 ਵਿੱਚ ਹੇਠਲੀ ਅਦਾਲਤ ਦੇ ਫੈਸਲੇ ਨੂੰ ਪਲਟ ਦਿੱਤਾ। ਇਹ ਮਾਮਲਾ 1-2 ਨਵੰਬਰ 1984 ਨੂੰ ਦੱਖਣ-ਪੱਛਮੀ ਦਿੱਲੀ ਦੀ ਪਾਲਮ ਕਲੋਨੀ ਦੇ ਰਾਜ ਨਗਰ ਪਾਰਟ-1 ਵਿੱਚ ਪੰਜ ਸਿੱਖਾਂ ਦੇ ਕਤਲ ਅਤੇ ਰਾਜ ਨਗਰ ਪਾਰਟ-2 ਵਿੱਚ ਇੱਕ ਗੁਰਦੁਆਰੇ ਨੂੰ ਅੱਗ ਲਾਉਣ ਨਾਲ ਸਬੰਧਤ ਹੈ।

## ਕਿਸਾਨ ਇਜਾਜਤ ਲੈ ਲੈਣ, ਫਿਰ ਜਾਣ ਦੇਵਾਂਗੇ ਦਿੱਲੀ: ਵਿਜ

ਚੰਡੀਗੜ੍ਹ 8 ਦਸੰਬਰ। ਗਾਰੰਟੀ ਕਾਨੂੰਨ ਅਤੇ ਹੋਰ ਮੰਗਾਂ ਨੂੰ ਲੈ ਕੇ ਕਿਸਾਨਾਂ ਦੇ ਦਿੱਲੀ ਕੂਚ ਨੂੰ ਲੈ ਕੇ ਹਰਿਆਣਾ ਦੇ ਊਰਜਾ ਅਤੇ ਟਰਾਂਸਪੋਰਟ ਮੰਤਰੀ ਅਨਿਲ ਵਿਜ ਨੇ ਕਿਹਾ ਕਿਸਾਨ ਦਿੱਲੀ ਤੋਂ ਇਜਾਜਤ ਲੈ ਲੈਣ, ਫਿਰ ਉਨ੍ਹਾਂ ਨੂੰ ਅੱਗੇ ਜਾਣ ਦਿੱਤਾ ਜਾਵੇਗਾ। ਅੰਬਾਲਾ ਛਾਉਣੀ ਦੇ ਵਿਧਾਇਕ ਵਿਜ ਨੇ



ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਿਸਾਨਾਂ ਨੇ ਦਿੱਲੀ ਵਿਚ ਪ੍ਰਦਰਸ਼ਨ ਦੀ ਇਜਾਜਤ ਨਹੀਂ ਲਈ ਹੈ, ਤਾਂ ਉਨ੍ਹਾਂ ਨੂੰ ਕਿਵੇਂ ਜਾਣ ਦਿੱਤਾ ਜਾ ਸਕਦਾ ਹੈ? ਉਨ੍ਹਾਂ ਕਿਹਾ ਕਿ ਦਿੱਲੀ 'ਚ ਐਂਟਰੀ ਨਾ ਮਿਲਣ ਕਾਰਨ ਉਹ ਹਰਿਆਣਾ 'ਚ ਹੀ ਰਹਿਣਗੇ, ਜਿਵੇਂ ਕਿ ਪਹਿਲਾਂ ਵੀ ਹੋ ਚੁੱਕਾ ਹੈ। ਉਹ ਇਜਾਜਤ ਲੈ ਲੈਣ, ਉਨ੍ਹਾਂ ਨੂੰ ਜਾਣ ਦਿੱਤਾ ਜਾਵੇਗਾ। ਜਿ਼ਕਰਯੋਗ ਹੈ ਕਿ ਪੰਜਾਬ ਨਾਲ ਲੱਗਦੇ ਸ਼ੰਭੂ ਬਾਰਡਰ ਤੋਂ 101 ਕਿਸਾਨਾਂ ਦਾ ਜੱਥਾ ਦਿੱਲੀ ਲਈ ਪੈਦਲ ਰਵਾਨਾ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ। ਅੰਬਾਲਾ ਪੁਲਸ ਉਨ੍ਹਾਂ ਬੈਰੀਕੇਡ ਪਾਰ ਕਰਨ ਨਹੀਂ ਦੇ ਰਹੀ ਹੈ। ਕਿਸਾਨਾਂ ਅਤੇ ਪੁਲਸ ਪ੍ਰਸ਼ਾਸਨ ਵਿਚਾਲੇ ਗੱਲਬਾਤ ਜਾਰੀ ਹੈ। ਇਸ ਦਰਮਿਆਨ ਹਰਿਆਣਾ ਸਰਕਾਰ ਨੇ ਦੋ ਦਿਨ ਪਹਿਲਾਂ ਹੀ ਕਿਸਾਨਾਂ ਨੂੰ ਦਿੱਲੀ ਪੁਲਸ ਤੋਂ ਇਜਾਜਤ ਲੈਣ ਨੂੰ ਕਹਿ ਕੇ ਅੰਬਾਲਾ ਵਿਚ ਧਾਰਾ 163 (ਪਹਿਲਾਂ 144) ਲਾਉਣ ਦਾ ਐਲਾਨ ਕੀਤਾ ਸੀ, ਜਿਸ ਦੇ ਤਹਿਤ 5 ਜਾਂ ਉਸ ਤੋਂ ਜਿ਼ਆਦਾ ਲੋਕ ਇਕੱਠੇ ਨਹੀਂ ਹੋ ਸਕਦੇ। ਇਸ ਤੋਂ ਇਲਾਵਾ ਅੰਬਾਲਾ ਜਿ਼ਲ੍ਹੇ ਦੇ 10 ਪਿੰਡਾਂ ਵਿਚ ਅੱਜ ਤੋਂ ਸੋਮਵਾਰ ਤੱਕ ਇੰਟਰਨੈੱਟ ਸੇਵਾਵਾਂ ਬੰਦ ਕਰ ਦਿੱਤੀਆਂ ਗਈਆਂ ਹਨ।

## ਬੰਗਲਾਦੇਸ਼ ਮੁੱਦੇ 'ਤੇ ਚੁੱਪ ਪਰ ਮੁਸਲਿਮ ਵੋਟਾਂ ਲਈ ਰੌਲਾ ਪਾ ਰਹੀ ਕਾਂਗਰਸ: ਮਾਇਆਵਤੀ

ਲਖਨਊ 8 ਦਸੰਬਰ। ਬਹੁਜਨ ਸਮਾਜ ਪਾਰਟੀ (ਬਸਪਾ) ਦੀ ਮੁਖੀ ਮਾਇਆਵਤੀ ਨੇ ਕਾਂਗਰਸ ਪਾਰਟੀ 'ਤੇ ਨਿਸਾਨਾ ਸਾਧਦੇ ਹੋਏ ਕਿਹਾ ਕਿ ਇਸ ਨੇ ਬੰਗਲਾਦੇਸ ਮੁੱਦੇ 'ਤੇ ਚੁੱਪ ਧਾਰੀ ਹੋਈ ਹੈ ਪਰ ਮੁਸਲਿਮ ਵੋਟਾਂ ਲਈ 'ਸੰਭਲ ਸੰਭਲ' ਦਾ ਨਾਹਰਾ ਮਾਰ ਰਹੀ ਹੈ। ਮਾਇਆਵਤੀ ਨੇ ਇਹ ਵੀ ਕਿਹਾ ਕਿ ਸਮਾਜਵਾਦੀ



ਪਾਰਟੀ (ਸਪਾ) ਅਤੇ ਕਾਂਗਰਸ ਸੰਭਲ ਵਿੱਚ ਹਿੰਸਾ ਦੀ ਆੜ ਵਿੱਚ ਮੁਸਲਿਮ ਵੋਟਰਾਂ ਨੂੰ ਲੁਭਾਉਣ ਦੀ ਕੋਸਿ਼ਸ਼ ਕਰ ਰਹੇ ਹਨ। ਲਖਨਊ ਵਿੱਚ ਪਾਰਟੀ ਦਫਤਰ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਸਪਾ ਮੁਖੀ ਮਾਇਆਵਤੀ ਨੇ ਕਿਹਾ ਕਿ ਬੰਗਲਾਦੇਸ ਵਿੱਚ ਹਿੰਦੂ ਵੱਡੀ ਗਿਣਤੀ ਵਿੱਚ ਹਮਲਿਆਂ ਦਾ ਸਿ਼ਕਾਰ ਹੋ ਰਹੇ ਹਨ, ਜਿਨ੍ਹਾਂ ਵਿੱਚ ਜਿ਼ਆਦਾਤਰ ਦਲਿਤ ਅਤੇ ਕਮਜੋਰ ਵਰਗ ਦੇ ਲੋਕ ਹਨ। ਉਨ੍ਹਾਂ ਕਿਹਾ, "ਇਸ ਸਮੇਂ ਸੰਸਦ ਦਾ ਸੈਸਨ ਚੱਲ ਰਿਹਾ ਹੈ ਅਤੇ ਵਿਰੋਧੀ ਧਿਰ ਖਾਸ ਕਰਕੇ ਸਪਾ ਅਤੇ ਕਾਂਗਰਸ ਰਾਸਟਰੀ ਅਤੇ ਲੋਕ ਹਿੱਤ ਦੇ ਮੁੱਦੇ ਉਠਾਉਣ ਦੀ ਬਜਾਏ ਆਪਣੇ ਸਿਆਸੀ ਹਿੱਤਾਂ ਨੂੰ ਅੱਗੇ ਵਧਾਉਣ ਲਈ ਹਿੰਸਾ ਦੀ ਆੜ 'ਚ ਮੁਸਲਿਮ ਵੋਟਾਂ ਨੂੰ ਲੁਭਾਉਣ ਦੀ ਕੋਸਿ਼ਸ਼ ਕਰ ਰਹੇ ਹਨ।" ਮਾਇਆਵਤੀ ਨੇ ਕਿਹਾ, "ਦੁੱਖ ਦੀ ਗੱਲ ਇਹ ਹੈ ਕਿ ਜਿਨ੍ਹਾਂ ਨੇ ਦਲਿਤ ਵਰਗ ਦੇ ਸੰਸਦ ਮੈਂਬਰਾਂ ਨੂੰ ਸੰਸਦ ਤੱਕ ਪਹੁੰਚਣ ਵਿੱਚ ਮਦਦ ਕੀਤੀ ਹੈ, ਉਹ ਵੀ ਆਪਣੀ ਪਾਰਟੀ ਦੇ ਆਕਾਵਾਂ ਨੂੰ ਖੁਸ ਕਰਨ ਲਈ ਦਲਿਤ ਅੱਤਿਆਚਾਰ ਦੇ ਮੁੱਦਿਆਂ 'ਤੇ ਚੁੱਪ ਧਾਰੀ ਬੈਠੇ ਹਨ।" ਉਹਨਾਂ ਕਿਹਾ ਕਿ ਬੰਗਲਾਦੇਸ ਵਿੱਚ ਜੋ ਹਿੰਦੂ ਅੱਤਿਆਚਾਰਾਂ ਦਾ ਸਿ਼ਕਾਰ ਹੋ ਰਹੇ ਹਨ, ਉਹ ਜਿ਼ਆਦਾਤਰ ਦਲਿਤ ਅਤੇ ਕਮਜੋਰ ਵਰਗ ਦੇ ਲੋਕ ਹਨ।

## ਵਿਚਾਰ ਅਧੀਨ ਕੈਦੀ ਨੂੰ ਅਣਮਿੱਥੇ ਸਮੇਂ ਤੱਕ ਕੈਦ 'ਚ ਨਹੀਂ ਰੱਖਿਆ ਜਾ ਸਕਦਾ

ਨਵੀਂ ਦਿੱਲੀ 8 ਦਸੰਬਰ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਮੁਕੱਦਮੇ ਦਾ ਤੇਜੀ ਨਾਲ ਨਿਪਟਾਰਾ ਮੌਲਿਕ ਅਧਿਕਾਰ ਹੈ । ਵਿਚਾਰ ਅਧੀਨ ਕੈਦੀ ਨੂੰ ਅਣਮਿੱਥੇ ਸਮੇਂ ਤਕ ਕੈਦ 'ਚ ਨਹੀਂ ਰੱਖਿਆ ਜਾ ਸਕਦਾ। ਜਸਟਿਸ ਰਿਸੀਕੇਸ ਰਾਏ ਤੇ ਪੰਕਜ ਮਿਥਲ ਦੇ ਬੈਂਚ ਨੇ ਬਿਹਾਰ 'ਚ ਦਰਜ ਇਕ ਮਾਮਲੇ 'ਚ ਕਰੀਬ 4 ਸਾਲ 2 ਮਹੀਨਿਆਂ ਤੋਂ ਜੇਲ 'ਚ ਬੰਦ ਇਕ ਵਿਅਕਤੀ ਨੂੰ ਜਮਾਨਤ ਦਿੰਦੇ ਹੋਏ ਸ਼ੁੱਕਰਵਾਰ ਇਹ ਟਿੱਪਣੀ ਕੀਤੀ। ਅਦਾਲਤ ਨੇ ਨੋਟ ਕੀਤਾ ਕਿ ਇਸ ਮਾਮਲੇ ਦੀ ਸੁਣਵਾਈ ਜਲਦੀ ਪੂਰੀ ਹੋਣ ਦੀ ਸੰਭਾਵਨਾ ਨਹੀਂ ਹੈ।

## ਐੱਚ. ਐੱਸ. ਫੂਲਕਾ ਵਲੋਂ ਅਕਾਲੀ ਦਲ ਵਿਚ ਸ਼ਾਮਲ ਹੋਣ ਦਾ ਐਲਾਨ

ਚੰਡੀਗੜ੍ਹ 8 ਦਸੰਬਰ। ਹਾਈਕਰਟ ਦੇ ਸੀਨੀਅਰ ਵਕੀਲ ਅਤੇ ਹਲਕਾ ਦਾਖਾ ਤੋਂ ਵਿਧਾਇਕ ਰਹਿ ਚੁੱਕੇ ਐੱਚ. ਐੱਸ. ਫੂਲਕਾ ਨੇ ਅਕਾਲੀ ਦਲ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਫੂਲਕਾ ਨੇ ਆਖਿਆ ਹੈ ਕਿ ਜਦੋਂ ਅਕਾਲੀ ਵਿਚ ਮੈਂਬਰਸ਼ਿਪ ਡ੍ਰਾਈਵ ਖੁੱਲੇਗੀ ਤਾਂ ਉਹ ਖੁਦ ਪਾਰਟੀ ਦੇ ਦਫਤਰ ਵਿਚ ਜਾਣਗੇ ਅਤੇ ਫਾਰਮ ਭਰ ਕੇ ਅਕਾਲੀ ਦਲ ਵਿਚ ਸ਼ਾਮਲ ਹੋਣਗੇ। ਫੂਲਕਾ ਨੇ ਕਿਹਾ ਕਿ ਕੇਂਦਰ ਦੀਆਂ ਪਾਰਟੀਆਂ ਦਾ ਧਿਆਨ ਜਿ਼ਆਦਾ ਕੇਂਦਰੀ ਮੁੱਦਿਆਂ 'ਤੇ ਹੀ ਰਹਿੰਦਾ ਹੈ। ਲਿਹਾਜਾ ਉਹ ਸੂਬੇ ਦੀਆਂ ਮੰਗਾਂ ਵੱਲ ਧਿਆ ਨਹੀਂ ਦਿੰਦੇ। ਪੰਜਾਬ ਨੂੰ ਅੱਜ ਸਥਾਨਕ ਪਾਰਟੀ ਦੀ ਲੋੜ ਹੈ, ਜੋ ਪੰਜਾਬ ਲਈ ਕੰਮ ਕਰੇ ਅਤੇ ਪੰਜਾਬ ਦੇ ਮੁੱਦਿਆਂ ਨੂੰ ਪਹਿਲ ਦੇਵੇ। ਇਸ ਲਈ ਉਹ ਪੰਜਾਬ ਦੀ ਖੇਤਰੀ ਪਾਰਟੀ ਦਾ ਹਿੱਸਾ ਬਣਨਗੇ। ਫੂਲਕਾ ਨੇ ਕਿਹਾ ਕਿ ਮੈਂ ਇਹ ਫੈਸਲਾ ਲਿਆ ਹੈ ਕਿ ਜਦੋਂ ਅਕਾਲੀ ਦਲ ਵਿਚ ਮੈਂਬਰਸ਼ਿਪ ਡਰਾਈਵ ਸ਼ੁਰੂ ਹੋਵੇਗੀ ਤਾਂ ਮੈਂ ਦਫਤਰ ਵਿਚ ਜਾ ਕੇ ਬਕਾਇਦਾ ਫਾਰਮ ਭਰ ਕੇ ਅਕਾਲੀ ਦਲ ਦਾ ਮੈਂਬਰ ਬਣਾਂਗਾ। ਫੂਲਕਾ ਨੇ ਕਿਹਾ ਕਿ ਉਹ ਬਾਕੀਆਂ ਨੂੰ ਵੀ ਅਪੀਲ ਕਰਦੇ ਹਨ ਕਿ ਉਹ ਵੀ ਅਕਾਲੀ ਦਲ ਦੇ ਦਫਤਰ ਵਿਚ ਜਾ ਕੇ ਮੈਂਬਰਸ਼ਿਪ ਦੇ ਫਾਰਮ ਭਰਕੇ ਅਕਾਲੀ ਦਲ ਦੇ ਮੈਂਬਰ ਬਣੋ। ਜਿਸ ਤੋਂ ਬਾਅਦ ਬਕਾਇਦਾ ਡੈਲੀਗੇਟ ਚੁਣਿਆ ਜਾਵੇ । ਅਸੀਂ ਸਾਰੇ ਅਕਾਲੀ ਦਲ ਨੂੰ ਰੀਜਨ ਪਾਰਟੀ ਦੇ ਤੌਰ 'ਤੇ ਮਜਬੂਤ ਕਰੀਏ ਅਤੇ ਪਹਿਲਾਂ ਵਾਲੇ ਅਕਾਲੀ ਦਲ ਨੂੰ ਵਾਪਸ ਲੈ ਕੇ ਆਈਏ ਅਤੇ ਪਾਰਟੀ ਦੇ ਮੁੱਢਲੇ ਸਿਧਾਂਤਾਂ ਦੇ ਕਾਇਮ ਕਰੀਏ।

## ਸਰਕਾਰ ਸਮਾਜ ਦੇ ਹਰ ਵਰਗ ਨੂੰ ਸਕੂਲੀ ਸਿੱਖਿਆ ਦਿਵਾਉਣ ਲਈ ਵਚਨਬੱਧ : ਪ੍ਰਧਾਨ ਮੰਤਰੀ ਮੋਦੀ

ਨਵੀਂ ਦਿੱਲੀ 8 ਦਸੰਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਸਕੂਲੀ ਸਿੱਖਿਆ ਨੂੰ ਵੱਧ ਤੋਂ ਵੱਧ ਪਹੁੰਚਯੋਗ ਬਣਾਉਣ ਲਈ ਇਕ ਹੋਰ ਵੱਡਾ ਫੈਸਲਾ ਲੈਂਦੇ ਹੋਏ ਨਵੇਂ ਕੇਂਦਰੀ ਵਿਦਿਆਲਿਆ ਖੋਲ੍ਹਣ ਨੂੰ ਮਨਜੂਰੀ ਦੇ ਦਿੱਤੀ



ਹੈ। ਉਨ੍ਹਾਂ ਕਿਹਾ ਕਿ ਇਸ ਕਦਮ ਨਾਲ ਜਿੱਥੇ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਨੂੰ ਫਾਇਦਾ ਹੋਵੇਗਾ, ਉੱਥੇ ਰੁਜਗਾਰ ਦੇ ਕਈ ਨਵੇਂ ਮੌਕੇ ਵੀ ਪੈਦਾ ਹੋਣਗੇ। ਮੋਦੀ ਨੇ 'ਐਕਸ' 'ਤੇ ਇਕ ਪੋਸਟ ਵਿਚ ਕਿਹਾ ਕਿ ਇਸ ਤਹਿਤ ਦੇਸ ਭਰ ਵਿਚ 85 ਨਵੇਂ ਕੇਂਦਰੀ ਵਿਦਿਆਲਿਆ ਖੋਲ੍ਹੇ ਜਾਣਗੇ। ਸਰਕਾਰ ਰਾਸਟਰੀ ਸਿੱਖਿਆ ਨੀਤੀ ਅਨੁਸਾਰ ਸਮਾਜ ਦੇ ਹਰ ਵਰਗ ਨੂੰ ਸਕੂਲੀ ਸਿੱਖਿਆ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਪ੍ਰਧਾਨ ਮੰਤਰੀ ਮੋਦੀ ਨੇ ਇਕ ਹੋਰ ਪੋਸਟ ਵਿਚ ਕਿਹਾ ਕਿ ਸਰਕਾਰ ਨੇ ਦੇਸ ਭਰ ਵਿਚ 28 ਨਵੇਂ ਨਵੋਦਿਆ ਵਿਦਿਆਲਿਆ ਖੋਲ੍ਹਣ ਨੂੰ ਵੀ ਮਨਜੂਰੀ ਦੇ ਦਿੱਤੀ ਹੈ। ਇਸ ਨਾਲ ਰਿਹਾਇਸੀ ਅਤੇ ਗੁਣਵੱਤਾਪੂਰਨ ਸਕੂਲੀ ਸਿੱਖਿਆ ਦਾ ਵੱਡੇ ਦਾਇਰੇ 'ਚ ਵਿਸਥਾਰ ਹੋਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇਸ ਭਰ ਵਿਚ ਸੰਪਰਕ ਨੂੰ ਬਿਹਤਰ ਬਣਾਉਣ ਲਈ ਵਚਨਬੱਧ ਹੈ। ਮੋਦੀ ਨੇ ਕਿਹਾ ਕਿ ਇਸ ਦਿਸਾ ਵਿਚ ਸਾਡੀ ਸਰਕਾਰ ਨੇ ਰਾਸਟਰੀ ਰਾਜਧਾਨੀ ਖੇਤਰ ਵਿਚ ਦਿੱਲੀ ਮੈਟਰੋ ਦੇ ਚੌਥੇ ਪੜਾਅ ਦੇ ਤਹਿਤ ਰਿਠਾਲਾ-ਕੁੰਡਲੀ ਕਾਰੀਡੋਰ ਨੂੰ ਮਨਜੂਰੀ ਦਿੱਤੀ ਹੈ। ਇਸ ਨਾਲ ਦਿੱਲੀ ਅਤੇ ਹਰਿਆਣਾ ਵਿਚਕਾਰ ਆਉਣ-ਜਾਣ ਵਿਚ ਆਸਾਨੀ ਹੋਵੇਗੀ।

# ਪੰਜਾਬ ਸਰਕਾਰ ਦਾ ਵੱਡਾ ਕਦਮ, ਸੂਬੇ ਭਰ ਵਿਚ ਲੱਗਣਗੇ ਸੋਲਰ ਪੰਪ

**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ 8 ਦਸੰਬਰ। ਖੇਤੀ ਸੈਕਟਰ ਵਿਚ ਗਰੀਨ ਊਰਜਾ ਦੀ ਵਰਤੋਂ ਨੂੰ ਉਤਸਾਹਿਤ ਕਰਦਿਆਂ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਵੱਲੋਂ ਖੇਤੀਬਾੜੀ ਵਾਸਤੇ ਸੂਬੇ ਭਰ ਵਿਚ 2,356 ਸੋਲਰ ਪੰਪ ਲਗਾਏ ਜਾਣਗੇ। ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਅਮਨ ਅਰੋੜਾ ਨੇ ਸੂਬੇ ਵਿਚ ਖੇਤੀਬਾੜੀ ਵਾਸਤੇ ਮੈਸਰਜ ਏ.ਵੀ.ਆਈ. ਐਪਲਾਇੰਸਜ ਪ੍ਰਾਈਵੇਟ ਲਿਮਟਿਡ, ਮੈਸਰਜ ਪੀ.ਵੀ. ਪਾਵਰ ਟੈਕਨਾਲੋਜੀਜ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ ਹਿਮਾਲੀਅਨ ਸੋਲਰ ਪ੍ਰਾਈਵੇਟ ਲਿਮਟਿਡ ਨੂੰ 2,356 ਸੋਲਰ ਪੰਪ ਲਗਾਉਣ ਸਬੰਧੀ ਵਰਕ ਆਰਡਰ ਸੌਂਪੇ। ਅਮਨ ਅਰੋੜਾ ਨੇ ਦੱਸਿਆ ਕਿ ਇਨ੍ਹਾਂ ਕੰਪਨੀਆਂ ਨੂੰ ਪਾਰਦਰਸੀ ਅਤੇ ਬੋਲੀ ਪ੍ਰਕਿਰਿਆ ਰਾਹੀਂ ਚੁਣਿਆ ਗਿਆ ਹੈ। ਇਨ੍ਹਾਂ ਪੰਪਾਂ ਨੂੰ ਲਗਾਉਣ ਸਬੰਧੀ ਕਾਰਜ ਦੇ ਚਾਰ ਮਹੀਨਿਆਂ ਵਿਚ ਮੁਕੰਮਲ ਹੋਣ ਦੀ ਉਮੀਦ ਹੈ। ਦੱਸਣਯੋਗ ਹੈ ਕਿ 3, 5, 7.5 ਅਤੇ 10 ਐੱਚ.ਪੀ. ਦੀ ਸਮਰੱਥਾ ਵਾਲੇ ਸੋਲਰ ਪੰਪਾਂ ਵਾਸਤੇ ਜਨਰਲ ਸ੍ਰੇਣੀ ਦੇ ਕਿਸਾਨਾਂ ਲਈ 60 ਫ਼ੀਸਦ ਅਤੇ ਅਨੁਸੂਚਿਤ ਜਾਤੀ ਦੇ ਕਿਸਾਨਾਂ ਲਈ 80 ਫ਼ੀਸਦ ਸਬਸਿਡੀ ਉਪਲੱਬਧ ਹੈ। ਉਨ੍ਹਾਂ ਕਿਹਾ



ਕਿ ਡਾਰਕ ਜੋਨਾਂ (ਧਰਤੀ ਹੇਠਲਾਂ ਪਾਣੀ ਡੂੰਘਾ ਚਲਾ ਗਿਆ ਹੈ ਵਾਲੇ ਬਲਾਕ) ਵਿਚ ਇਹ ਸੋਲਰ ਪੰਪ ਉਨ੍ਹਾਂ ਕਿਸਾਨਾਂ ਦੇ ਬੋਰ-ਵੈਲਾਂ 'ਤੇ ਲਗਾਏ ਜਾਣਗੇ, ਜੋ ਪਹਿਲਾਂ ਹੀ ਮਾਈਕਰੋ ਸਿੰਜਾਈ ਪ੍ਰਣਾਲੀ (ਤੁਪਕਾ ਜਾਂ ਫੁਹਾਰਾ) ਦੀ ਵਰਤੋਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਸੋਲਰ ਪੰਪਾਂ ਦੇ ਲੱਗਣ ਨਾਲ ਕਿਸਾਨਾਂ ਨੂੰ ਸਿੰਜਾਈ ਲਈ ਰਾਤ ਸਮੇਂ ਆਪਣੇ ਖੇਤਾਂ ਵਿਚ ਜਾਣ ਦੀ ਲੋੜ ਨਹੀਂ ਪਵੇਗੀ ਕਿਉਂਕਿ ਇਹ ਪੰਪ ਦਿਨ ਵੇਲੇ ਕਾਰਜਸ਼ੀਲ ਹੋਣਗੇ। ਇਸ ਨਾਲ ਨਾ ਸਿਰਫ ਡੀਜਲ ਉੱਤੇ ਆਉਣ ਵਾਲਾ ਖਰਚਾ ਬਚੇਗਾ ਸਗੋਂ ਜੀਰੋ ਫ਼ੀਸਦ ਕਾਰਬਨ ਨਿਕਾਸੀ ਹੋਵੇਗੀ, ਜਿਸ ਨਾਲ ਵਧੇਰੇ ਟਿਕਾਊ ਖੇਤੀ ਅਭਿਆਸਾਂ ਨੂੰ ਉਤਸਾਹ ਮਿਲੇਗਾ। ਅਮਨ ਅਰੋੜਾ ਨੇ ਪੇਡਾ ਦੇ ਅਧਿਕਾਰੀਆਂ ਨੂੰ ਕਿਸਾਨਾਂ ਦੀ ਭਲਾਈ ਲਈ ਹੋਰ ਖੇਤੀ ਸੋਲਰ ਪੰਪ ਲਗਾਉਣ ਲਈ ਉਪਰਾਲੇ ਕਰਨ ਦੇ ਵੀ ਨਿਰਦੇਸ ਦਿੱਤੇ। ਇਸ ਮੌਕੇ ਪੇਡਾ ਦੇ ਮੁੱਖ ਕਾਰਜਕਾਰੀ ਅਧਿਕਾਰੀ ਸੰਦੀਪ ਹੰਸ, ਡਾਇਰੈਕਟਰ ਐੱਮ.ਪੀ. ਸਿੰਘ ਅਤੇ ਸਬੰਧਤ ਕੰਪਨੀਆਂ ਦੇ ਨੁਮਾਇੰਦੇ ਵੀ ਹਾਜਰ ਸਨ।



# ਰਾਤ ਨੂੰ ਭਰਾ ਦੀ ਹੋਈ ਮੌਤ, ਖਬਰ ਸੁਣ ਵੱਡੀ ਭੈਣ ਨੇ ਵੀ ਛੱਡ'ਤੀ ਦੁਨੀਆ

ਖਮਾਣੋਂ 8 ਦਸੰਬਰ। ਬੀਤੇ ਦਿਨੀਂ ਪਿੰਡ ਮੁਸਤਫਾਬਾਦ ਵਿਖੇ ਵਿਆਹ ਸਮਾਗਮ ਦੌਰਾਨ ਸਿਲੰਡਰ ਦੀ ਅੱਗ ਕਈ ਪਰਿਵਾਰਾਂ ਨੂੰ ਵੱਡੇ ਜਖਮ ਦੇ ਗਈ। ਇਸੇ ਮਾਮਲੇ 'ਚ ਹੁਣ ਇਕ ਹੋਰ ਦਿਲ ਨੂੰ ਝੰਜੋੜ ਦੇਣ ਵਾਲੀ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਇਸ ਹਾਦਸੇ 'ਚ ਜਖਮੀ ਹੋਏ ਨੌਜਵਾਨ ਦੀ ਇਲਾਜ ਦੌਰਾਨ ਮੌਤ ਹੋ ਗਈ। ਉਸ ਦੀ ਮੌਤ ਦੀ ਗੱਲ ਸੁਣਦਿਆਂ ਹੀ ਸਦਮੇ 'ਚ ਉਸ ਦੀ ਵੱਡੀ ਭੈਣ ਨੇ ਵੀ ਸਾਹ ਛੱਡ ਦਿੱਤੇ। ਇਸ ਦੁਖਾਂਤ ਤੋਂ ਬਾਅਦ 2 ਪਿੰਡਾਂ 'ਚ ਸਨਾਟਾ ਪਸਰ ਗਿਆ ਤੇ ਘਰਾਂ 'ਚ ਚੁੱਲ੍ਹੇ ਠੰਢੇ ਪੈ ਗਏ। ਹਾਦਸੇ ਕਾਰਨ ਹੁਣ ਮ੍ਰਿਤਕਾਂ ਦੀ ਗਿਣਤੀ 6 ਹੋ ਗਈ ਹੈ। ਜਿਕਰਯੋਗ ਹੈ ਕਿ 24 ਨਵੰਬਰ ਨੂੰ ਸਿਮਰਨਜੀਤ ਕੌਰ ਪੁੱਤਰੀ ਅਵਤਾਰ ਸਿੰਘ ਦਾ ਵਿਆਹ ਸੀ। ਇਸ ਲਈ 22 ਨਵੰਬਰ ਦੀ ਸਾਮ ਔਰਤਾਂ ਪ੍ਰਸਾਦਾ ਤਿਆਰ ਕਰ ਰਹੀਆਂ ਸਨ ਕਿ ਅਚਾਨਕ ਗੈਸ ਲੀਕ ਹੋ ਗਈ ਤੇ ਧਮਾਕਾ ਹੋਣ ਮਗਰੋਂ ਸਿਲੰਡਰ ਨੂੰ ਅੱਗ ਲੱਗ ਗਈ। ਇਸ ਕਾਰਨ ਚਾਰ ਔਰਤਾਂ ਸਮੇਤ ਦੋ ਵਿਅਕਤੀ ਝੁਲਸ ਗਏ। ਜਖਮੀਆਂ ਨੂੰ ਤੁਰੰਤ ਪੀ.ਜੀ.ਆਈ. 'ਚ ਭਰਤੀ ਕਰਵਾਇਆ ਗਿਆ। ਇਲਾਜ ਦੌਰਾਨ ਗੁਰਦੀਸ ਕੌਰ (50) ਪਤਨੀ ਨਿਰਮਲ ਸਿੰਘ, ਕੁਲਜੀਤ ਕੌਰ (37) ਪਤਨੀ ਜਗਦੀਪ ਸਿੰਘ, ਰਾਜ ਰਾਣੀ (62) ਪਤਨੀ ਧਰਮਪਾਲ ਸਿੰਘ, ਰਜਿੰਦਰ ਕੌਰ (36) ਪਤਨੀ ਕਮਲਜੀਤ ਸਿੰਘ ਦੀ ਮੌਤ ਹੋ ਗਈ ਸੀ। ਬੀਤੀ ਰਾਤ 28 ਨਵੰਬਰ ਨੂੰ ਕੁੜੀ ਦੇ ਭਰਾ ਦੇ ਦੋਸਤ ਨਵਜੋਤ ਸਿੰਘ (22) ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਬਰਵਾਲੀ ਕਲਾਂ ਦੀ ਮੌਤ ਹੋ ਗਈ। ਦੁਨਿਆ 'ਚੋਂ ਭਰਾ ਦੇ ਜਾਣ ਦਾ ਗਮ ਉਸ ਦੀ ਭੈਣ ਪਰਮਿੰਦਰ ਕੌਰ ਨਹੀਂ ਝੱਲ ਸਕੀ




ਤੇ ਸਦਮੇ 'ਚ ਸ਼ੁੱਕਰਵਾਰ ਨੂੰ ਉਸ ਨੇ ਵੀ ਦਮ ਤੋੜ ਦਿੱਤਾ। ਜਾਣਕਾਰੀ ਅਨੁਸਾਰ ਉਹ ਬੀ.ਕਾਮ. ਕਰ ਰਹੀ ਸੀ। ਪਿੰਡ ਬਰਵਾਲੀ ਕਲਾਂ ਵਿਖੇ ਭੈਣ-ਭਰਾ ਦਾ ਸਸਕਾਰ ਕੀਤਾ ਗਿਆ। ਇਸ ਦੁਖਾਂਤ 'ਤੇ ਪੂਰੇ ਇਲਾਕੇ 'ਚ ਗਮਗੀਨ ਮਾਹੌਲ ਹੈ। ਪੂਰਾ ਪਰਿਵਾਰ ਬੇਸੁੱਧ ਹੈ। ਰਿਸ਼ਤੇਦਾਰ ਕਿਸੇ ਤਰ੍ਹਾਂ ਮ੍ਰਿਤਕਾਂ ਦੇ ਮਾਪਿਆਂ ਨੂੰ ਸੰਭਾਲ ਰਹੇ ਹਨ। ਬੁੱਧੀਜੀਵੀ ਵਰਗ ਨੇ ਐੱਮ.ਪੀ. ਡਾ. ਅਮਰ ਸਿੰਘ ਤੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਤੋਂ ਪਰਿਵਾਰਾਂ ਨੂੰ ਭੋਗ ਸਮਾਗਮ ਮੌਕੇ ਸਰਕਾਰ ਵੱਲੋਂ ਮਦਦ ਦੀ ਗੁਹਾਰ ਲਾਈ ਹੈ ਤਾਂ ਜੋ ਗਰੀਬ ਪਰਿਵਾਰਾਂ ਨੂੰ ਥੋੜ੍ਹਾ ਆਸਰਾ ਮਿਲ ਸਕੇ। ਹਾਦਸੇ 'ਚ ਜਖਮੀ ਸਿਮਰਨਪ੍ਰੀਤ ਕੌਰ ਦੇ ਨਾਨਾ ਵਿਸਾਖਾ ਸਿੰਘ ਵਾਸੀ ਪਿੰਡ ਲਖਨਪੁਰ ਪੀ.ਜੀ.ਆਈ. 'ਚ ਜੇਰੇ ਇਲਾਜ ਹਨ। ਇਸ ਸਬੰਧੀ ਉਪ ਪੁਲਸ ਕਪਤਾਨ ਰਮਿੰਦਰ ਸਿੰਘ ਕਾਹਲੋਂ ਨੇ ਦੱਸਿਆ ਕਿ ਪੋਸਟਮਾਰਟਮ ਕਰਨ ਉਪਰੰਤ ਨਵਜੋਤ ਸਿੰਘ ਦੀ ਲਾਸ ਵਾਰਸਾਂ ਹਵਾਲੇ ਕਰ ਦਿੱਤੀ ਹੈ ਤੇ ਸ਼ਾਮੀਂ ਸਸਕਾਰ ਹੋ ਗਿਆ ਹੈ।

## ਰੇਲਗੱਡੀ 'ਚ 75 ਲੱਖ ਦੀ 'ਹਵਾਲਾ' ਰਾਸ਼ੀ ਸਮੇਤ ਯਾਤਰੀ ਗ੍ਰਿਫਤਾਰ

ਤਿਰੂਚਿਰਾਪੱਲੀ, 8 ਦਸੰਬਰ। ਰੇਲਵੇ ਸੁਰੱਖਿਆ ਫੋਰਸ (ਆਰ. ਪੀ. ਐੱਫ.) ਨੇ ਸਨੀਵਾਰ ਨੂੰ ਤਾਮਿਲਨਾਡੂ ਦੇ ਤਿਰੂਚਿਰਾਪੱਲੀ ਰੇਲਵੇ ਸਟੇਸਨ 'ਤੇ ਹਾਵੜਾ-ਤਿਰੂਚਿਰਾਪੱਲੀ ਐਕਸਪ੍ਰੈੱਸ 'ਚ ਸਵਾਰ ਇਕ ਯਾਤਰੀ ਤੋਂ 75 ਲੱਖ ਰੁਪਏ ਦੀ 'ਹਵਾਲਾ' ਲੈਣ-ਦੇਣ ਨਾਲ ਸਬੰਧਤ ਰਾਸ਼ੀ ਜਬਤ ਕੀਤੀ। ਆਰ. ਪੀ. ਐੱਫ. ਦੇ ਸੂਤਰਾਂ ਮੁਤਾਬਕ ਰੇਲਗੱਡੀ ਜਦੋਂ ਤਿਰੂਚਿਰਾਪੱਲੀ ਰੇਲਵੇ ਜੰਕਸਨ 'ਤੇ ਪਹੁੰਚੀ, ਤਾਂ ਇੰਸਪੈਕਟਰ ਕੇ. ਪੀ. ਸੇਬੇਸਟੀਅਨ ਦੀ ਅਗਵਾਈ ਵਾਲੀ ਆਰ. ਪੀ. ਐੱਫ. ਟੀਮ ਨੇ ਸ਼ਿਵਗੰਗਾ ਜ਼ਿਲੇ ਦੇ ਦੇਵਕੋਟਈ ਦੇ ਰਹਿਣ ਵਾਲੇ ਵੀ. ਅਰੋਕਿਆਡੋਸ (49) ਨੂੰ ਸ਼ੱਕੀ ਹਾਲਤ ਵਿਚ ਬੈਗ ਲੈ ਕੇ ਘੁੰਮਦੇ ਦੇਖਿਆ। ਸ਼ੱਕ ਦੇ ਆਧਾਰ 'ਤੇ ਉਨ੍ਹਾਂ ਨੂੰ ਪੁੱਛਗਿੱਛ ਕੀਤੀ ਗਈ। ਜਾਂਚ ਦੌਰਾਨ ਉਸ ਦੇ ਕੋਲੋਂ 75 ਲੱਖ ਰੁਪਏ ਦੀ ਨਕਦੀ ਬਰਾਮਦ ਕੀਤੀ ਗਈ, ਜਿਸ 'ਚੋਂ ਜ਼ਿਆਦਾਤਰ 500 ਅਤੇ 200 ਰੁਪਏ ਦੇ ਨੋਟ ਸਨ। ਮੁਲਜਮ ਨੇ ਦੱਸਿਆ ਕਿ ਉਸ ਨੂੰ ਸ਼ਿਵਗੰਗਾ ਦੇ ਕਰਾਈਕੁਡੀ ਵਿਚ ਇਕ ਅਣਪਛਾਤੇ ਨੂੰ ਬੇਹਿਸਾਬ ਨਕਦੀ ਨਾਲ ਭਰਿਆ ਬੈਗ ਦੇਣ ਦਾ ਕੰਮ ਸੌਂਪਿਆ ਗਿਆ ਸੀ।

## ਅਮਨ-ਕਾਨੂੰਨ ਦੀ ਸਥਿਤੀ ਨੂੰ ਕਾਬੂ ਕਰਨ 'ਚ ਨਾਕਾਮ ਰਹੀ ਹਰਿਆਣਾ ਸਰਕਾਰ : ਗਰਗ

ਹਰਿਆਣਾ 8 ਦਸੰਬਰ। ਹਰਿਆਣਾ ਰਾਜ ਵਪਾਰ ਮੰਡਲ ਦੇ ਸੂਬਾਈ ਪ੍ਰਧਾਨ ਬਜਰੰਗ ਗਰਗ ਨੇ ਐਤਵਾਰ ਨੂੰ ਦੋਸ ਲਾਇਆ ਕਿ ਸਰਕਾਰ ਹਰਿਆਣਾ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਕਾਬੂ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ ਅਤੇ ਵਪਾਰੀ ਦਹਿਸਤ ਵਿੱਚ ਹਨ। ਸ੍ਰੀ ਗਰਗ ਨੇ ਇੱਥੇ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਹਾਲ ਹੀ ਦੇ ਸਮੇਂ ਵਿੱਚ ਰੇਵਾੜੀ, ਜੁਲਾਨਾ, ਨਰਵਾਣਾ, ਹਾਂਸੀ, ਹਿਸਾਰ, ਯਮੁਨਾਨਗਰ, ਰੋਹਤਕ, ਕਰਨਾਲ, ਕੈਥਲ, ਸੋਨੀਪਤ, ਗੁੜਗਾਓਂ, ਫਤਿਹਾਬਾਦ ਆਦਿ ਥਾਵਾਂ 'ਤੇ ਜਬਰ-ਜਨਾਹ, ਲੁੱਟਮਾਰ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਅਜਿਹੀਆਂ ਘਟਨਾਵਾਂ ਨੂੰ ਲੈ ਕੇ ਸੂਬੇ ਦੇ ਵਪਾਰੀਆਂ ਅਤੇ ਆਮ ਲੋਕਾਂ ਵਿੱਚ ਦਹਿਸਤ ਦਾ ਮਾਹੌਲ ਹੈ। ਉਨ੍ਹਾਂ ਕਿਹਾ ਕਿ ਅਪਰਾਧਾਂ ਦੇ ਵਧਣ ਨਾਲ ਸੂਬੇ ਦੇ ਵਪਾਰ ਅਤੇ ਉਦਯੋਗਾਂ 'ਤੇ ਮਾੜਾ ਅਸਰ ਪੈ ਰਿਹਾ ਹੈ ਅਤੇ ਗੁਆਂਢੀ ਰਾਜਾਂ ਦਾ ਕੋਈ ਵੀ ਉਦਯੋਗਪਤੀ ਹਰਿਆਣਾ ਵਿੱਚ ਪੂੰਜੀ ਨਿਵੇਸ ਨਹੀਂ ਕਰ ਰਿਹਾ ਹੈ। ਸ੍ਰੀ ਗਰਗ ਨੇ ਕਿਹਾ ਕਿ ਅਪਰਾਧਾਂ ਵਿੱਚ ਵਾਧੇ ਦਾ ਮੁੱਖ ਕਾਰਨ ਬੇਰੁਜਗਾਰੀ ਅਤੇ ਨਸ਼ਿਆਂ ਵਿੱਚ ਵਾਧਾ ਹੈ ਅਤੇ ਸਰਕਾਰ ਨੂੰ ਬੇਰੁਜਗਾਰੀ ਅਤੇ ਨਸ਼ਿਆਂ ਨੂੰ ਖਤਮ ਕਰਨ ਲਈ ਸਖਤ ਕਦਮ ਚੁੱਕਣ ਦੀ ਲੋੜ ਹੈ।

## ਵਿਦਾਈ ਸਮੇਂ ਲਾੜੀ ਨੂੰ ਰੋਂਦੀ ਵੇਖ ਲਾੜੇ ਦੇ ਵੀ ਛਲਕੇ ਹੰਝੂ

ਨਵੀਂ ਦਿੱਲੀ 8 ਦਸੰਬਰ। ਵਿਆਹ ਹਰ ਇਨਸਾਨ ਦੀ ਜ਼ਿਦਗੀ ਦਾ ਇਕ ਅਜਿਹਾ ਖ਼ੂਬਸੂਰਤ ਪਲ ਹੁੰਦਾ ਹੈ ਜੋ ਹਮੇਸ਼ਾ ਲਈ ਯਾਦਾਂ 'ਚ ਵਸ ਜਾਂਦਾ ਹੈ। ਇਨ੍ਹੀ ਦਿਨੀਂ ਵਿਆਹ ਦਾ ਸੀਜਨ ਚੱਲ ਰਿਹਾ ਹੈ ਅਤੇ ਸੋਸ਼ਲ ਮੀਡੀਆ 'ਤੇ ਇਸ ਨਾਲ ਜੁੜੀਆਂ ਕਈ ਭਾਵੁਕ ਵੀਡੀਓਜ ਵਾਇਰਲ ਹੋ ਰਹੀਆਂ ਹਨ। ਕੁਝ ਵੀਡੀਓ 'ਚ ਲਾੜਾ-ਲਾੜੀ ਦੀ ਮਸਤੀ ਅਤੇ ਨੋਕਝੋਕ ਦਿਸਦੀ ਹੈ ਤਾਂ ਕੁਝ 'ਚ ਵਿਦਾਈ ਦੌਰਾਨ ਛਲਕਦੇ ਹੰਝੂ ਲੋਕਾਂ ਨੂੰ ਭਾਵੁਕ ਕਰ ਦਿੰਦੇ ਹਨ। ਹਾਲ ਹੀ 'ਚ ਅਜਿਹੀ ਹੀ ਇਕ ਵੀਡੀਓ ਸਾਹਮਣੇ ਆਈ ਹੈ, ਜਿਸ ਵਿਚ ਵਿਦਾਈ ਦੌਰਾਨ ਲਾੜਾ ਆਪਣੇ ਹੰਝੂ ਨਹੀਂ ਰੋਕ ਪਾਉਂਦਾ। ਇਹ ਖਾਸ ਪਲ




ਕੈਮਰੇ 'ਚ ਕੈਦ ਹੋ ਗਿਆ ਅਤੇ ਹੁਣ ਇਹ ਵੀਡੀਓ ਲੋਕਾਂ ਦੇ ਦਿਲਾਂ ਨੂੰ ਛੂਹ ਰਹੀ ਹੈ। ਇੰਸਟਾਗ੍ਰਾਮ ਹੈਂਡਲ " 'ਤੇ ਸ਼ੇਅਰ ਕੀਤੀ ਗਈ ਇਸ ਵੀਡੀਓ ਨੂੰ 1.8 ਮਿਲੀਅਨ ਤੋਂ ਵੱਧ ਵਿਊਜ ਮਿਲੇ ਹਨ। ਵਿਦਾਈ ਦੇ ਇਸ ਖਾਲ ਪਲ 'ਚ ਲਾੜੀ ਦੇ ਹੰਝੂਆਂ ਨੂੰ ਦੇਖ ਕੇ ਲਾੜਾ ਵੀ ਆਪਣੇ ਹੰਝੂ ਨਹੀਂ ਰੋਕ ਸਕਿਆ। ਪੋਸਟ ਦੀ ਕੈਪਸ਼ਨ ਨੇ ਇਸ ਪਲ ਨੂੰ ਬਾਖੂਬੀ ਬਿਆਨ ਕੀਤਾ- 'ਜਦੋਂ ਉਹ ਤੁਹਾਡੀ ਵਿਦਾਈ 'ਤੇ ਰੋਂਦਾ ਹੈ, ਤਾਂ ਸਮਝੋ ਕਿ ਤੁਸੀਂ ਸਹੀ ਜੀਵਨਸਾਥੀ ਚੁਣਿਆ ਹੈ।' ਵੀਡੀਓ 'ਤੇ ਕਈ ਯੂਜਰਜ ਨੇ ਆਪਣੇ ਅਨੁਭਵ ਸ਼ੇਅਰ ਕੀਤੇ। ਇਕ ਯੂਜਰ ਨੇ ਲਿਖਿਆ, 'ਸੱਚਾ ਪਿਆਰ ਇਹੀ ਹੁੰਦਾ ਹੈ। ਇਸ ਨੂੰ ਦੇਖ ਕੇ ਮੇਰੀਆਂ ਅੱਖਾਂ ਵੀ ਨਮ ਹੋ ਗਈਆਂ।' ਦੂਜੇ ਨੇ ਕਿਹਾ, 'ਤੁਸੀਂ ਉਸ ਦੀਆਂ ਅੱਖਾਂ 'ਚ ਸੱਚਾ ਪਿਆਰ ਦੇਖ ਸਕਦੇ ਹੋ। ਇਹ ਪਲ ਅਨਮੋਲ ਹੈ।' ਲਾੜੇ ਦੇ ਹੰਝੂਆਂ ਨੇ ਸਾਬਿਤ ਕੀਤਾ ਕਿ ਵਿਦਾਈ ਦਾ ਇਹ ਪਲ ਨਾ ਸਿਰਫ ਲਾੜੀ ਸਗੋਂ ਲਾੜੇ ਲਈ ਵੀ ਬੇਹੱਦ ਭਾਵੁਕ ਹੁੰਦਾ ਹੈ/ਇਕ ਯੂਜਰ ਨੇ ਮਜਾਕ 'ਚ ਕਿਹਾ, 'ਇਹ ਵੀਡੀਓ ਦਿਖਾਉਂਦੀ ਹੈ ਕਿ ਲਾੜੀ ਦੀ ਵਿਦਾਈ ਲਾੜੇ ਲਈ ਵੀ ਓਨੀ ਹੀ ਭਾਵੁਕ ਹੁੰਦੀ ਹੈ!' ਇਸ ਵੀਡੀਓ ਨੇ ਸੱਚੇ ਪਿਆਰ ਦਾ ਅਸਲੀ ਮਲਤਬ ਲੋਕਾਂ ਨੂੰ ਮਹਿਸੂਸ ਕਰਵਾਇਆ।

## 4 ਕਿੱਲੋ 28 ਗ੍ਰਾਮ ਸੁੱਕੀ ਭੰਗ ਸਮੇਤ ਇਕ ਗ੍ਰਿਫਤਾਰ

ਫਿਰੋਜ਼ਪੁਰ 8 ਦਸੰਬਰ। ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ 4 ਕਿਲੋ 28 ਗ੍ਰਾਮ ਸੁੱਕੀ ਭੰਗ ਸਮੇਤ ਗ੍ਰਿਫਤਾਰ ਕਰਕੇ ਉਸ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਚੈਕਿੰਗ ਦੇ ਸਬੰਧ ਵਿਚ ਨੇੜੇ ਪੁਲ ਖਾਈ ਫੇਮੇ ਦੇ ਕੋਲ ਪੁੱਜੇ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਬੇਅੰਤ ਸਿੰਘ ਉਰਫ ਮੰਗੂ ਪੁੱਤਰ ਮੁਖਤਿਆਰ ਸਿੰਘ ਵਾਸੀ ਪਿੰਡ ਗੋਬਿੰਦ ਨਗਰ ਜੋ ਮੇਨ ਬਾਜ਼ਾਰ ਖਾਈ ਫੇਮੇ ਵਿਖੇ ਨਾਈ ਦੀ ਦੁਕਾਨ ਕਰਦਾ ਹੈ ਅਤੇ ਨਾਈ ਦੀ ਦੁਕਾਨ ਦੇ ਨਾਲ ਹੀ ਖਾਲੀ ਦੁਕਾਨ 'ਚ ਸੁੱਕੀ ਭੰਗ ਰੱਖ ਕੇ ਵੇਚਦਾ ਹੈ। ਜੇਕਰ ਹੁਣੇ ਛਾਪੇਮਾਰੀ ਕੀਤੀ ਜਾਵੇ ਤਾਂ ਕਾਬੂ ਆ ਸਕਦਾ ਹੈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਉਕਤ ਦੋਸ਼ੀ ਖ਼ਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਪੰਜਾਬ ਦੇ ਲੋਕਾਂ ਲਈ ਰਾਹਤ ਭਰੀ ਖਬਰ, ਮਿਲੇਗਾ ਵੱਡਾ ਫਾਇਦਾ

ਚੰਡੀਗੜ੍ਹ 8 ਦਸੰਬਰ। ਪੰਜਾਬ ਦੇ ਲੋਕਾਂ ਲਈ ਚੰਗੀ ਖਬਰ ਹੈ। ਦਰਅਸਲ ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਨਵੇਂ ਡਿਪੂ ਖੋਲ੍ਹਣ ਦਾ ਐਲਾਨ ਕੀਤਾ ਗਿਆ ਹੈ। ਇਸ ਦੀ ਜਾਣਕਾਰੀ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਵਲੋਂ ਦਿੱਤੀ ਗਈ ਹੈ। ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਪੰਜਾਬ 'ਚ 9,792 ਨਵੇਂ ਰਾਸ਼ਨ ਡਿਪੂ ਖੋਲ੍ਹੇ ਜਾਣੇ ਹਨ। ਇਨ੍ਹਾਂ 'ਚੋਂ 8,040 ਪੇਂਡੂ ਖੇਤਰਾਂ ਅਤੇ 1742 ਸ਼ਹਿਰੀ ਖੇਤਰਾਂ 'ਚ ਖੋਲ੍ਹੇ ਜਾਣਗੇ। ਉਨ੍ਹਾਂ ਕਿਹਾ ਕਿ ਨਵੇਂ ਰਾਸ਼ਨ ਡਿਪੂਆਂ ਲਈ ਅਰਜੀਆਂ ਦੀ ਆਖਰੀ ਤਾਰੀਖ 8 ਦਸੰਬਰ, 2024 ਹੈ। ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਹੀ ਡਿਪੂ ਹੋਲਡਰਾਂ ਦੇ ਹਿੱਤਾਂ ਨੂੰ ਧਿਆਨ 'ਚ ਰੱਖਦੇ ਹੋਏ 8 ਸਾਲਾਂ ਬਾਅਦ



ਕਣਕ ਦੀ ਵੰਡ 'ਤੇ ਡਿਪੂ ਹੋਲਡਰਾਂ ਦੀ ਮਾਰਜਨ ਮਨੀ ਨੂੰ ਵਧਾ ਕੇ ਕਰੀਬ ਦੁੱਗਣਾ ਕਰ ਦਿੱਤਾ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ 2016 'ਚ ਇਹ ਮਾਰਜਨ ਮਨੀ 50 ਰੁਪਏ ਪ੍ਰਤੀ ਕੁਇੰਟਲ ਸੀ, ਜੋ ਹੁਣ ਵਧਾ ਕੇ 90 ਰੁਪਏ ਪ੍ਰਤੀ ਕੁਇੰਟਲ ਕਰ ਦਿੱਤੀ ਗਈ ਹੈ। ਇਹ ਵਾਧਾ ਅਪ੍ਰੈਲ, 2024 ਤੋਂ ਲਾਗੂ ਕੀਤਾ ਗਿਆ ਹੈ। ਨਤੀਜੇ ਵਜੋਂ ਇਸ ਤਹਿਤ 38.43 ਕਰੋੜ ਰੁਪਏ ਜਾਰੀ ਕੀਤੇ ਗਏ ਹਨ। ਮੰਤਰੀ ਨੇ ਦੱਸਿਆ ਕਿ ਇਸ ਨਾਲ ਸੂਬੇ ਦੇ 14,400 ਰਾਸ਼ਨ ਡਿਪੂ ਹੋਲਡਰਾਂ ਨੂੰ ਲਾਭ ਹੋਵੇਗਾ। ਉਨ੍ਹਾਂ ਨੇ ਮਿਸਾਲ ਦਿੰਦਿਆਂ ਕਿਹਾ ਕਿ ਜੇਕਰ ਇੱਕ ਡਿਪੂ ਹੋਲਡਰ ਦੇ 200 ਰਾਸਨ ਕਾਰਡ/800 ਲਾਭਪਾਤਰੀ ਜੁੜੇ ਹੋਏ ਹਨ ਅਤੇ ਹਰੇਕ ਲਾਭਪਾਤਰੀ ਨੂੰ ਪ੍ਰਤੀ ਮਹੀਨਾ 5 ਕਿੱਲੋ ਕਣਕ ਦਿੱਤੀ ਜਾਂਦੀ ਹੈ ਤਾਂ ਪਹਿਲਾਂ ਉਸ ਨੂੰ ਕਰੀਬ 2,000 ਰੁਪਏ ਦੀ ਮਾਰਜਿਨ ਮਨੀ ਮਿਲਦੀ ਸੀ ਪਰ ਹੁਣ ਵਾਧੇ ਤੋਂ ਬਾਅਦ ਉਨ੍ਹਾਂ ਨੂੰ 3,600 ਰੁਪਏ ਪ੍ਰਤੀ ਮਹੀਨਾ ਤੱਕ ਮਾਰਜਿਨ ਮਨੀ ਮਿਲੇਗੀ।

## ਦੁਕਾਨ 'ਚ ਵੜ ਕੇ ਦਿੱਤੀਆਂ ਧਮਕੀਆਂ, ਪਿਸਤੌਲ ਦਿਖਾ ਕੇ ਕਿਹਾ- "ਸ਼ੁਰੂ ਹੋ ਗਈ ਤੇਰੀ ਉਲਟੀ ਗਿਣਤੀ

ਖੰਨਾ 8 ਦਸੰਬਰ। ਖੰਨਾ ਦੇ ਲਲਹੇੜੀ ਰੋਡ 'ਤੇ ਇਕ ਇਲੈਕਟ੍ਰਾਨਿਕਸ ਕਾਰੋਬਾਰੀ ਨੂੰ ਦਿਨ-ਦਿਹਾੜੇ ਉਸ ਦੀ ਦੁਕਾਨ 'ਚ ਵੜ ਕੇ ਰਿਵਾਲਵਰ ਨਾਲ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ ਗਈਆਂ। ਉਸ ਨੇ ਦੱਸਿਆ ਕਿ 4 ਵਿਅਕਤੀ ਦੁਕਾਨ 'ਚ ਦਾਖਲ ਹੋ ਗਏ ਤੇ ਉਸ ਨੂੰ ਗਾਲ੍ਹਾਂ ਕੱਢਣੀਆਂ ਸੁਰੂ ਕਰ ਦਿੱਤੀਆਂ ਅਤੇ ਧਮਕੀਆਂ ਦੇਣੀਆਂ ਸੁਰੂ ਕਰ ਦਿੱਤੀਆਂ। ਇਸ ਦੌਰਾਨ ਉਸ 'ਤੇ ਹਮਲਾ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ। ਇਹ ਦੇਖ ਜਦੋਂ ਕਾਰੋਬਾਰੀ ਦਾ ਭਰਾ ਸੋਅਰੂਮ ਵਿੱਚ ਆਇਆ ਤਾਂ ਇਹ ਬਦਮਾਸ ਮੌਕੇ ਤੋਂ ਫਰਾਰ ਹੋ ਗਏ। ਇਸ ਸਬੰਧੀ ਖੰਨਾ ਦੇ ਰਾਮ ਨਗਰ ਇਲਾਕੇ ਦੇ ਰਹਿਣ ਵਾਲੇ ਗੁਰਿੰਦਰ ਸਿੰਘ ਨੇ ਪੁਲਸ ਨੂੰ ਸ਼ਿਕਾਇਤ ਦਿੱਤੀ ਹੈ, ਜਿਸ 'ਚ ਉਸ ਨੇ ਦੱਸਿਆ ਕਿ 12 ਨਵੰਬਰ 2024 ਨੂੰ ਖੰਨਾ ਦੇ ਇੱਕ ਪਿੰਡ ਦੇ ਇੱਕ ਵਿਅਕਤੀ ਨੇ ਉਸ ਦੀ ਦੁਕਾਨ ਤੋਂ 10-12 ਹਜਾਰ ਰੁਪਏ ਦਾ ਸਮਾਨ ਖਰੀਦਿਆ ਸੀ। ਇਸ ਵਿਅਕਤੀ ਨੇ ਸਾਮਾਨ ਖਰੀਦਣ ਸਮੇਂ ਵੀ ਬਹਿਸ ਕੀਤੀ ਸੀ। ਇਸ ਤੋਂ ਬਾਅਦ ਉਸ ਨੇ ਫੋਨ 'ਤੇ ਧਮਕੀਆਂ ਦਿੱਤੀਆਂ ਅਤੇ ਸਾਮਾਨ ਬਦਲਣ ਲਈ ਕਿਹਾ। ਉਸ ਨੇ ਇਹ ਸਮਾਨ ਵੀ ਬਦਲ ਦਿੱਤਾ ਸੀ। ਪਰ ਇਸ ਮਗਰੋਂ ਉਹ ਬੀਤੇ ਦਿਨ ਦੁਪਹਿਰ 1 ਵਜੇ ਦੇ



ਕਰੀਬ ਦੁਕਾਨ 'ਤੇ ਇਕੱਲਾ ਬੈਠਾ ਸੀ ਤਾਂ ਇਹ ਵਿਅਕਤੀ ਤਿੰਨ ਹੋਰ ਬਦਮਾਸਾਂ ਨੂੰ ਆਪਣੇ ਨਾਲ ਲੈ ਆਇਆ। ਉਸ ਨੇ ਆਉਂਦਿਆਂ ਹੀ ਗਾਲ੍ਹਾਂ ਕੱਢਣੀਆਂ ਸੁਰੂ ਕਰ ਦਿੱਤੀਆਂ। ਇਸ ਵਿਅਕਤੀ ਨੇ ਆਪਣੀ ਕਮੀਜ ਚੁੱਕ ਕੇ ਡੱਬ ਨੂੰ ਆਪਣਾ ਰਿਵਾਲਵਰ ਦਿਖਾਉਂਦੇ ਹੋਏ ਕਿਹਾ ਕਿ ਉਲਟੀ ਗਿਣਤੀ ਸੁਰੂ ਹੋ ਗਈ ਹੈ। ਉਸ ਨੂੰ ਗੋਲੀ ਮਾਰ ਦਿੱਤੀ ਜਾਵੇਗੀ। ਜਦੋਂ ਉਸ ਨੇ ਵਿਰੋਧ ਕੀਤਾ ਤਾਂ ਗੱਲ ਹੱਥੋਪਾਈ ਤੱਕ ਪਹੁੰਚ ਗਈ। ਉਸ ਨੂੰ ਥੱਪੜ ਮਾਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਦੌਰਾਨ ਉਸ ਦਾ ਭਰਾ ਸੋਅਰੂਮ ਵਿਚ ਆਇਆ ਅਤੇ ਜਾਂਦੇ ਸਮੇਂ ਇਨ੍ਹਾਂ ਵਿਅਕਤੀਆਂ ਨੇ ਦੋ-ਤਿੰਨ ਦਿਨਾਂ ਵਿਚ ਦੁਬਾਰਾ ਆ ਕੇ ਉਸ ਨੂੰ ਗੋਲੀ ਮਾਰਨ ਦੀ ਧਮਕੀ ਦਿੱਤੀ। ਇਹ ਸਾਰੀ ਘਟਨਾ ਸੀ.ਸੀ.ਟੀ.ਵੀ. ਵਿੱਚ ਕੈਦ ਹੋ ਗਈ ਹੈ। ਇਹ ਵੀਡੀਓ ਵੀ ਪੁਲਸ ਨੂੰ ਦਿੱਤੀ ਗਈ ਹੈ। ਕਾਰੋਬਾਰੀ ਨੇ ਆਪਣੇ-ਆਪ ਨੂੰ ਇਨ੍ਹਾਂ ਬਦਮਾਸਾਂ ਤੋਂ ਖਤਰਾ ਦੱਸਦਿਆਂ ਸਖਤ ਕਾਰਵਾਈ ਦੀ ਮੰਗ ਕੀਤੀ ਹੈ। ਦੂਜੇ ਪਾਸੇ ਡੀ.ਐੱਸ.ਪੀ. ਅੰਮ੍ਰਿਤਪਾਲ ਸਿੰਘ ਭਾਟੀ ਨੇ ਦੱਸਿਆ ਕਿ ਪੁਲਸ ਨੇ ਮੁਲਜਮਾਂ ਖ਼ਿਲਾਫ ਕੇਸ ਦਰਜ ਕਰ ਲਿਆ ਹੈ ਤੇ ਉਨ੍ਹਾਂ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।

## ਤਲਾਕ ਦੀਆਂ ਖਬਰਾਂ ਵਿਚਾਲੇ ਮੁੜ ਸੁਰਖੀਆਂ 'ਚ ਕੁੱਲ੍ਹੜ ਪਿੱਜਾ ਕੱਪਲ, ਗੁਰਪ੍ਰੀਤ ਦੇ 'ਤੇ ਹੋ ਰਿਹੈ ਟਰੋਲ

ਜਲੰਧਰ 8 ਦਸੰਬਰ। ਜਲੰਧਰ ਦਾ ਮਸ਼ਹੂਰ ਕੁੱਲ੍ਹੜ ਪਿੱਜਾ ਕੱਪਲ ਇਨ੍ਹੀਂ ਦਿਨੀਂ ਇਕ ਵਾਰ ਫਿਰ ਤੋਂ ਸੁਰਖੀਆਂ 'ਚ ਚੱਲ ਰਿਹਾ ਹੈ। ਸੁਰਖੀਆਂ ਵਿਚ ਰਹਿਣ ਦਾ ਕਾਰਨ ਦੋਹਾਂ ਵਿਚਾਲੇ ਚੱਲ ਰਹੀਆਂ ਤਲਾਕ ਦੀਆਂ ਖਬਰਾਂ ਨੂੰ ਦੱਸਿਆ ਜਾ ਰਿਹਾ ਹੈ। ਹਾਲਾਂਕਿ ਤਲਾਕ ਦੀਆਂ ਖਬਰਾਂ ਵਿਚਾਲੇ ਬੀਤੇ ਦਿਨ ਸਹਿਜਪ੍ਰੀਤ ਔਰੜਾ ਦੀ ਪਤਨੀ ਗੁਰਪ੍ਰੀਤ ਕੌਰ ਨੇ ਇਕ ਪੋਸਟ ਪਾਈ ਸੀ, ਜੋਕਿ ਕਾਫੀ ਵਾਇਰਲ ਹੋਈ ਅਤੇ ਇਸ 'ਤੇ ਯੂਜਰਸ ਦੇ ਕਈ ਤਰ੍ਹਾਂ ਦੇ ਰਿਐਕਸ਼ਨ ਵੀ ਆਏ। ਸਾਂਝੀ ਕੀਤੀ ਗਈ ਪੋਸਟ ਵਿਚ ਇਕ ਯੂਜਰ ਨੇ ਕੁਮੈਂਟ ਕਰਕੇ ਲਿਖਿਆ, ਮਤਲਬ ਤਲਾਕ ਕੰਫਰਮ। ਇਸ ਦੇ ਨਾਲ ਹੀ ਇਕ ਹੋਰ ਯੂਜਰ ਨੇ ਲਿਖਿਆ, 'ਪਬਲਿਸਿਟੀ ਸਟੰਟ ਬ੍ਰੋ...' ਦੱਸਣਯੋਗ ਹੈ ਕਿ ਤਲਾਕ ਦੀਆਂ ਖਬਰਾਂ ਨੂੰ ਲੈ ਕੇ ਸ਼ੇਅਰ ਕੀਤੀ ਪੋਸਟ ਗੁਰਪ੍ਰੀਤ ਕੌਰ ਨੇ ਆਪਣੀ ਇੰਸਟਾ ਸਟੋਰੀ ਵਿੱਚ ਸ਼ੇਅਰ ਕੀਤੀ ਹੈ। ਜਿਸ ਵਿੱਚ ਉਨ੍ਹਾਂ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਮੇਰੇ ਵੱਲੋਂ ਰੈੱਡ ਅਤੇ ਗ੍ਰੀਨ ਫਲੈਗ ਨਹੀਂ ਹੈ। ਇਹ ਸਫੈਦ ਹੈ। ਹੁਣ ਮੈਂ ਸਿਰਫ ਸ਼ਾਂਤੀ ਚਾਹੁੰਦੀ ਹਾਂ। ਤੁਸੀਂ ਇਹ ਪੋਸਟ ਗੁਰਪ੍ਰੀਤ ਕੌਰ ਦੇ ਇੰਸਟਾਗ੍ਰਾਮ 'ਤੇ ਵੇਖ ਸਕਦੇ ਹੋ। ਫਿਲਹਾਲ ਕੁੱਲ੍ਹੜ ਪਿੱਜਾ ਕੱਪਲ ਨੇ ਇਨ੍ਹੀਂ ਦਿਨੀਂ ਸੋਸ਼ਲ ਮੀਡੀਆ ਹੈਂਡਲ ਤੋਂ ਦੂਰੀ ਬਣਾਈ ਹੋਈ ਹੈ। ਦੱਸ ਦੇਈਏ ਕਿ ਹਰ ਵਾਰ ਸੋਸ਼ਲ ਮੀਡੀਆ 'ਕੇ ਇਕੱਠੇ ਨਜਰ ਆਉਣ ਵਾਲਾ ਕੁੱਲ੍ਹੜ ਪਿੱਜਾ ਕੱਪਲ ਕੁਝ ਦਿਨਾਂ ਤੋਂ ਇਕੱਠੇ ਵੀਡੀਓ ਸ਼ੇਅਰ ਨਹੀਂ ਕਰ ਰਿਹਾ। ਗੁਰਪ੍ਰੀਤ ਕੌਰ ਇਕੱਲੀ ਹੀ ਆਪਣੀਆਂ ਵੀਡੀਓਜ ਸ਼ੇਅਰ ਕਰਦੀ ਦਿੱਸ ਰਹੀ ਹੈ। ਇਸ ਦੇ ਨਾਲ ਹੀ ਦੋਹਾਂ ਨੇ ਇਕ-ਦੂਜੇ ਨੂੰ ਇੰਸਟਾਗ੍ਰਾਮ ਹੈਂਡ ਤੋਂ ਵੀ ਅਨਫਾਲੋ ਕਰ ਦਿੱਤਾ ਹੈ, ਜਿਸ ਤੋਂ ਬਾਅਦ ਯੂਜਰਸ ਵੱਲੋਂ ਦੋਵਾਂ ਦੇ ਤਲਾਕ ਦੀਆਂ ਕਿਆਸਆਰੀਆਂ ਸ਼ੁਰੂ ਹੋ ਗਈਆਂ।

## ਮੋਬਾਈਲ ਖੋਹ ਕੇ ਭੱਜ ਰਹੇ ਲੁਟੇਰਿਆਂ 'ਚੋਂ 1 ਨੂੰ ਰਾਹਗੀਰਾਂ ਨੇ ਕੀਤਾ ਕਾਬੂ, ਦੂਜਾ ਲੁਟੇਰਾ ਹੋਇਆ ਫਰਾਰ

ਲੁਧਿਆਣਾ 8 ਦਸੰਬਰ। ਸ਼ੇਖੇਵਾਲ ਰੋਡ 'ਤੇ ਪੈਦਲ ਜਾ ਰਹੇ ਨੌਜਵਾਨ ਦਾ ਮੋਬਾਈਲ ਖੋਹ ਕੇ ਮੋਟਰਸਾਈਕਲ ਸਵਾਰ ਲੁਟੇਰੇ ਫਰਾਰ



ਹੋ ਗਏ। ਭੱਜਣ ਵਾਲੇ ਸਨੈਚਰਾਂ ਨੂੰ ਫੜਨ ਲਈ ਨੌਜਵਾਨ ਨੇ ਰੌਲਾ ਪਾਉਂਦੇ ਹੋਏ ਉਨ੍ਹਾਂ ਦਾ ਪਿੱਛਾ ਕਰਨਾ ਸੁਰੂ ਕਰ ਦਿੱਤਾ। ਰੌਲਾ ਸੁਣ ਕੇ ਰਾਹਗੀਰਾਂ ਨੇ ਮੋਟਰਸਾਈਕਲ ਸਵਾਰਾਂ ਵਿਚੋਂ 1 ਨੂੰ ਕਾਬੂ ਕਰ ਲਿਆ ਅਤੇ ਉਸ ਦੀ ਛਿੱਤਰ-ਪਰੇਡ ਕਰਨ ਤੋਂ ਬਾਅਦ ਉਸ ਨੂੰ ਪੁਲਸ ਹਵਾਲੇ ਕਰ ਦਿੱਤਾ, ਜਦਕਿ ਦੂਜਾ ਲੁਟੇਰਾ ਮੌਕੇ ਤੋਂ ਫਰਾਰ ਹੋ ਗਿਆ। ਥਾਣਾ ਦਰੇਸੀ ਦੀ ਪੁਲਸ ਨੇ ਸ਼ਿਵਪੁਰੀ ਵਾਸੀ ਪੀਤੂਨ ਦੇ ਬਿਆਨਾਂ 'ਤੇ ਕੇਸ ਦਰਜ ਕਰ ਲਿਆ ਹੈ। ਤਫਤੀਸ ਦੌਰਾਨ ਪੁਲਸ ਨੇ ਮੁਲਜਮਾਂ ਕੋਲੋਂ 7 ਮੋਬਾਈਲ ਫੋਨ ਅਤੇ ਇਕ ਮੋਟਰਸਾਈਕਲ ਬਰਾਮਦ ਕੀਤਾ ਹੈ। ਪੁਲਸ ਨੇ ਫੜੇ ਗਏ ਮੁਲਜਮਾਂ ਦੀ ਪਛਾਣ ਮਨਦੀਪ ਕੁਮਾਰ ਉਰਫ ਮਨੀ ਵਾਸੀ ਰਾਜੂ ਕਾਲੋਨੀ ਅਤੇ ਫਰਾਰ ਮੁਲਜਮ ਦੀ ਪਛਾਣ ਲਾਡੀ ਗੁੱਜਰ ਵਜੋਂ ਕੀਤੀ ਹੈ। ਪੀਤੂਨ ਨੇ ਪੁਲਸ ਨੂੰ ਦੱਸਿਆ ਕਿ ਉਹ ਆਪਣੇ ਘਰ ਤੋਂ ਪੈਦਲ ਹੀ ਆਪਣੀ ਦੁਕਾਨ ਵੱਲ ਜਾ ਰਿਹਾ ਸੀ ਕਿ ਫੋਨ 'ਤੇ ਗੱਲ ਕਰ ਰਿਹਾ ਸੀ ਕਿ ਮੋਟਰਸਾਈਕਲ 'ਤੇ ਪਿੱਛੇ ਤੋਂ ਆ ਰਹੇ ਲੁਟੇਰੇ ਉਸ ਦਾ ਮੋਬਾਈਲ ਖੋਹ ਕੇ ਫਰਾਰ ਹੋ ਗਏ। ਜਿਉਂ ਹੀ ਲੁਟੇਰਿਆਂ ਨੇ ਮੋਬਾਈਲ ਖੋਹਿਆ ਤਾਂ ਉਹ ਰੌਲਾ ਪਾਉਣ ਲੱਗਾ ਅਤੇ ਉਨ੍ਹਾਂ ਦੇ ਪਿੱਛੇ ਭੱਜ ਗਿਆ। ਉਸ ਦਾ ਰੌਲਾ ਸੁਣ ਕੇ ਰਾਹਗੀਰਾਂ ਨੇ ਮੋਟਰਸਾਈਕਲ ਚਲਾ ਰਹੇ ਨੌਜਵਾਨ ਨੂੰ ਕਾਬੂ ਕਰ ਲਿਆ, ਜਦੋਂਕਿ ਉਸ ਦਾ ਸਾਥੀ ਮੌਕੇ ਤੋਂ ਫਰਾਰ ਹੋ ਗਿਆ। ਇੰਸਪੈਕਟਰ ਅਵਤਾਰ ਸਿੰਘ ਨੇ ਦੱਸਿਆ ਕਿ ਤਫਤੀਸ ਦੌਰਾਨ ਮੁਲਜਮਾਂ ਕੋਲੋਂ ਬਰਾਮਦ ਹੋਏ ਮੋਟਰਸਾਈਕਲ ਸਬੰਧੀ ਜਾਂਚ ਕੀਤੀ ਜਾ ਰਹੀ ਹੈ। ਮੁਲਜਮਾਂ ਕੋਲੋਂ ਪੁੱਛਗਿੱਛ ਕਰ ਕੇ ਹੋਰ ਵਾਰਦਾਤਾਂ ਦਾ ਪਤਾ ਵੀ ਲਾਇਆ ਜਾ ਰਿਹਾ ਹੈ ਅਤੇ ਮੁਲਜਮ ਨੂੰ ਉਸ ਦੇ ਸਾਥੀ ਸਮੇਤ ਕਾਬੂ ਕਰ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਜਾਂਚ ਦੌਰਾਨ ਸਾਹਮਣੇ ਆਇਆ ਕਿ ਮੁਲਜਮ ਮਨਦੀਪ ਕੁਮਾਰ ਉਰਫ ਮਨੀ ਖਿਲਾਫ ਪਹਿਲਾਂ ਵੀ ਅਪਰਾਧਿਕ ਮਾਮਲੇ ਦਰਜ ਹਨ। ਮੁਲਜਮਾਂ ਕੋਲੋਂ ਹੋਰ ਵੀ ਕਈ ਮਾਮਲੇ ਹੱਲ ਹੋਣ ਦੀ ਸੰਭਾਵਨਾ ਹੈ।

## ਵਾਹਨ ਚੋਰ ਕੋਲੋਂ ਪੁਲਸ ਰਿਮਾਂਡ ਦੌਰਾਨ ਬਰਾਮਦ ਕੀਤੇ 7 ਮੋਟਰਸਾਈਕਲ

ਅੰਮ੍ਰਿਤਸਰ 8 ਦਸੰਬਰ। ਥਾਣਾ ਰਣਜੀਤ ਐਵੇਨਿਊ ਦੀ ਪੁਲਸ ਨੇ ਨਾਕਾਬੰਦੀ ਦੌਰਾਨ ਵੱਖ-ਵੱਖ ਇਲਾਕਿਆਂ ਵਿਚ ਵਾਹਨ ਚੋਰੀ ਦੀਆਂ ਵਾਰਦਾਤਾਂ ਨੂੰ ਅੰਜਾਮ ਦੇਣ ਵਾਲੇ ਹਰਨੇਕ ਸਿੰਘ ਨੇਕਾ ਨੂੰ ਚੋਰੀ ਦੇ ਮੋਟਰਸਾਈਕਲ ਸਮੇਤ ਕਾਬੂ ਕੀਤਾ ਹੈ। ਇਸ ਤੋਂ ਬਾਅਦ ਪੁਲਸ ਨੇ ਮੁਲਜਮ ਖ਼ਿਲਾਫ ਕੇਸ ਦਰਜ ਕਰ ਕੇ ਉਸ ਨੂੰ ਮਾਣਯੋਗ ਅਦਾਲਤ ਦੀਆਂ ਹਦਾਇਤਾਂ 'ਤੇ ਪੁੱਛਗਿੱਛ ਲਈ ਪੁਲਸ ਰਿਮਾਂਡ 'ਤੇ ਲੈ ਲਿਆ ਹੈ। ਤਫਤੀਸ ਦੌਰਾਨ ਮੁਲਜਮ ਕੋਲੋਂ ਵੱਖ-ਵੱਖ ਖੇਤਰਾਂ 'ਚੋਂ ਚੋਰੀ ਕੀਤੇ 6 ਹੋਰ ਮੋਟਰਸਾਈਕਲ ਬਰਾਮਦ ਕੀਤੇ। ਇਹ ਖੁਲਾਸਾ ਰਣਜੀਤ ਐਵੀਨਿਊ ਥਾਣੇ ਦੇ ਇੰਚਾਰਜ ਇੰਸਪੈਕਟਰ ਰੌਬਿਨ ਹੰਸ ਨੇ ਕੀਤਾ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਮੁਲਜਮ ਖ਼ਿਲਾਫ ਦਿਹਾਤੀ ਖੇਤਰ ਵਿੱਚ ਐੱਨ. ਡੀ. ਪੀ. ਐੱਸ ਐਕਟ ਤਹਿਤ ਦੋ ਕੇਸ ਦਰਜ ਹਨ। ਪੁਲਸ ਮੁਲਜਮ ਤੋਂ ਬਾਰੀਕੀ ਨਾਲ ਪੁੱਛਗਿੱਛ ਕਰ ਰਹੀ ਹੈ ਅਤੇ ਜਲਦੀ ਹੀ ਉਸ ਦੇ ਸਾਥੀਆਂ ਨੂੰ ਵੀ ਗ੍ਰਿਫਤਾਰ ਕਰ ਲਿਆ ਜਾਵੇਗਾ।

## ਕਲੱਬਾਂ ਦੇ ਬਾਹਰ ਬੰਬ ਸੁੱਟਣ ਵਾਲੇ ਬਦਮਾਸ਼ਾਂ ਦਾ ਪੁਲਸ ਨਾਲ ਮੁਕਾਬਲਾ

ਨੈਸ਼ਨਲ ਡੈਸਕ 8 ਦਸੰਬਰ। ਸ਼ੁੱਕਰਵਾਰ ਰਾਤ ਲੱਗਭਗ 8 ਵਜੇ ਚੰਡੀਗੜ੍ਹ 'ਚ ਪੀਰਾਂਵਾਲੀ ਨੇੜੇ 2 ਕਲੱਬਾਂ ਦੇ ਬਾਹਰ ਬੰਬ ਸੁੱਟਣ ਵਾਲੇ ਬਦਮਾਸ਼ਾਂ ਦਾ ਸੈਕਟਰ-11 'ਚ ਕ੍ਰਾਈਮ ਬ੍ਰਾਂਚ ਤੇ ਸਥਾਨਕ ਐੱਸ. ਟੀ. ਐੱਫ. ਦੀ ਟੀਮ ਦੇ ਨਾਲ ਮੁਕਾਬਲਾ ਹੋ ਗਿਆ। ਦੋਵੇਂ ਪਾਸਿਓਂ ਲੱਗਭਗ 25 ਰਾਊਂਡ ਫਾਇਰਿੰਗ ਹੋਈ। ਬਾਈਕ ਛੱਡ ਕੇ ਭੱਜੇ 2 ਬਦਮਾਸ਼ ਪੁਲਸ ਦੀ ਗੋਲੀ ਨਾਲ ਜਖਮੀ ਹੋ ਗਏ। ਉਨ੍ਹਾਂ ਦੇ ਪੈਰਾਂ 'ਚ ਗੋਲੀ ਲੱਗੀ। ਮੁਕਾਬਲੇ 'ਚ ਐੱਸ. ਟੀ. ਐੱਫ. ਦੇ 2 ਐੱਸ. ਆਈਜ ਦੀ ਬੁਲੇਟ ਪਰੂਫ ਜੈਕੇਟ 'ਤੇ ਗੋਲੀ ਲੱਗੀ, ਜਿਸ ਨਾਲ ਉਹ ਵਾਲ-ਵਾਲ ਬਚ ਗਏ। ਬਦਮਾਸ਼ਾਂ ਦੀ ਪਛਾਣ ਦੇਵਾ ਦੇ ਵਿਨੇ ਤੇ ਖਰੜ ਦੇ ਅਜੀਤ ਵਜੋਂ ਹੋਈ ਹੈ। ਪੁਲਸ ਨੇ ਦੋਵਾਂ ਨੂੰ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਹੈ। ਪੁਲਸ ਦਾ ਕਹਿਣਾ ਹੈ ਕਿ ਦੋਵਾਂ ਨੇ ਗੈਂਗਸਟਰ ਗੋਲਡੀ ਬਰਾੜ ਦੇ ਖਾਸਮਖਾਸ ਰਣਦੀਪ ਦੇ ਕਹਿਣ 'ਤੇ ਬੰਬ ਸੁੱਟੇ ਸਨ। ਸਿਵਲ ਹਸਪਤਾਲ



ਕੰਪਲੈਕਸ 'ਚ ਦੇਰ ਰਾਤ ਤਕ ਭਾਰੀ ਪੁਲਸ ਫੋਰਸ ਮੌਜੂਦ ਸੀ। ਵਿਨੇ ਨੇ ਐੱਸ. ਟੀ. ਐੱਫ. ਦੀ ਮੁੱਢਲੀ ਪੁੱਛਗਿੱਛ ਵਿਚ ਦੱਸਿਆ, "ਪੇਟਵਾੜ ਦਾ ਇਕ ਨੌਜਵਾਨ ਮੇਰੇ ਨਾਲ ਸਕੂਲ ਵਿਚ ਪੜ੍ਹਦਾ ਸੀ। ਖਰੜ ਦਾ ਅਜੀਤ ਮੇਰਾ ਦੋਸਤ ਹੈ। ਪੇਟਵਾੜ ਦੇ ਨੌਜਵਾਨ ਨੇ ਗੈਂਗਸਟਰ ਗੋਲਡੀ ਬਰਾੜ ਦੇ ਨਜਦੀਕੀ ਰਣਦੀਪ ਨਾਲ ਉਨ੍ਹਾਂ ਦੀ ਫੋਨ 'ਤੇ ਗੱਲ ਕਰਵਾਈ ਸੀ। ਫਿਰ ਪੇਟਵਾੜ ਦੇ ਨੌਜਵਾਨ ਦੇ ਕਹਿਣ 'ਤੇ ਅਸੀਂ ਕਰਨਾਲ ਪਹੁੰਚੇ। ਉੱਥੇ ਇਕ ਅਣਪਛਾਤਾ ਨੌਜਵਾਨ ਸਾਨੂੰ ਬੰਬ ਦੇ ਕੇ ਗਿਆ ਸੀ। ਅਸੀਂ ਦੋਵੇਂ ਬੱਸ ਵਿਚ ਚੰਡੀਗੜ੍ਹ ਪਹੁੰਚੇ ਤਾਂ ਉੱਥੇ ਸਾਨੂੰ ਬਾਈਕ ਮੁਹੱਈਆ ਕਰਵਾਈ ਗਈ।

## ਉਸਾਰੀ ਅਧੀਨ ਸੁਰੰਗ ਦਾ ਇੱਕ ਹਿੱਸਾ ਡਿੱਗਣ ਨਾਲ 1 ਮਜਦੂਰ ਦੀ ਮੌਤ, ਦੋ ਹੋਰ ਜਖਮੀ

ਜੈਪੁਰ 8 ਦਸੰਬਰ। ਰਾਜਸਥਾਨ ਦੇ ਕੋਟਾ ਜ਼ਿਲ੍ਹੇ ਦੇ ਰਾਮਗੰਜ ਮੰਡੀ ਇਲਾਕੇ ਵਿੱਚ ਇੱਕ ਨਿਰਮਾਣ ਅਧੀਨ ਸੁਰੰਗ ਦਾ ਇੱਕ ਹਿੱਸਾ ਡਿੱਗਣ ਕਾਰਨ ਇੱਕ ਮਜਦੂਰ ਦੀ ਮੌਤ ਹੋ ਗਈ ਅਤੇ ਦੋ ਹੋਰ ਜਖਮੀ ਹੋ ਗਏ। ਪੁਲਸ ਸੁਪਰਡੈਂਟ (ਕੋਟਾ ਦਿਹਾਤੀ) ਸੁਜੀਤ ਸੰਕਰ ਨੇ ਦੱਸਿਆ ਕਿ ਸਨੀਵਾਰ ਰਾਤ ਕੋਟਾ 'ਚ ਦਿੱਲੀ-ਮੁੰਬਈ ਐਕਸਪ੍ਰੈੱਸਵੇਅ 'ਤੇ ਨਿਰਮਾਣ ਅਧੀਨ ਸੁਰੰਗ ਦਾ ਇਕ ਹਿੱਸਾ ਡਿੱਗ ਗਿਆ, ਜਿਸ ਕਾਰਨ ਇਕ ਮਜਦੂਰ ਦੀ ਮੌਤ ਹੋ ਗਈ



ਅਤੇ ਦੋ ਹੋਰ ਜਖਮੀ ਹੋ ਗਏ। ਉਨ੍ਹਾਂ ਦੱਸਿਆ ਕਿ ਸੁਰੰਗ ਟੁੱਟਣ ਕਾਰਨ ਤਿੰਨ ਮਜਦੂਰ ਮਲਬੇ ਹੇਠਾਂ ਦੱਬੇ ਗਏ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ। ਹਸਪਤਾਲ ਵਿਖੇ ਡਾਕਟਰਾਂ ਨੇ ਸਮਸੇਰ ਸਿੰਘ (33) ਨੂੰ ਮ੍ਰਿਤਕ ਐਲਾਨ ਦਿੱਤਾ, ਜਦਕਿ ਬਾਕੀ ਦੇ ਦੋਵੇਂ ਜਖਮੀ ਮਜਦੂਰ ਹਸਪਤਾਲ ਵਿੱਚ ਜੇਰੇ ਇਲਾਜ ਹਨ। ਉਨ੍ਹਾਂ ਦੱਸਿਆ ਕਿ ਇਹ ਹਾਦਸਾ ਰਾਮਗੰਜ ਮੰਡੀ ਦੇ ਮੋਦਕ ਇਲਾਕੇ ਵਿੱਚ ਵਾਪਰਿਆ ਹੈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਅਤੇ ਨੈਸਨਲ ਹਾਈਵੇਅ ਅਥਾਰਟੀ () ਦੇ ਅਧਿਕਾਰੀ ਮੌਕੇ 'ਤੇ ਪਹੁੰਚ ਗਏ।

## ਪੁਲਸ ਦੀ ਵੱਡੀ ਕਾਰਵਾਈ, 10 ਖਤਰਨਾਕ ਨਸਾ ਤਸਕਰ ਕੀਤੇ ਗ੍ਰਿਫਤਾਰ

ਸ੍ਰੀਨਗਰ 8 ਦਸੰਬਰ। ਨਸੀਲੇ ਪਦਾਰਥਾਂ ਦੀ ਤਸਕਰੀ ਦੇ ਖਿਲਾਫ ਆਪਣੀ ਕਾਰਵਾਈ ਨੂੰ ਜਾਰੀ ਰੱਖਦੇ ਹੋਏ, ਸ੍ਰੀਨਗਰ ਦੀ ਪੁਲਸ ਨੇ ਨਸੀਲੇ ਪਦਾਰਥਾਂ ਅਤੇ ਮਨੋਵਿਗਿਆਨਕ ਪਦਾਰਥਾਂ ਦੀ ਗੈਰ-ਕਾਨੂੰਨੀ ਆਵਾਜਾਈ ਦੀ ਰੋਕਥਾਮ ਐਕਟ (ਪੀਆਈਟੀ-ਐੱਨਡੀਪੀਐੱਸ ਐਕਟ) ਦੇ ਤਹਿਤ 10 ਬਦਨਾਮ ਨਸਾ ਤਸਕਰਾਂ ਦੇ ਖਿਲਾਫ ਮਾਮਲਾ ਦਰਜ ਕੀਤਾ ਹੈ। ਇਨ੍ਹਾਂ ਨਸਾ ਤਸਕਰਾਂ ਵਿੱਚ ਰਿਜਵਾਨ ਬਸੀਰ ਧੋਬੀ ਪੁੱਤਰ ਬਸੀਰ ਅਹਿਮਦ ਧੋਬੀ ਵਾਸੀ ਸਾਕੀਦਾਫਰ ਸਫਾਕਦਲ (ਮੌਜੂਦਾ ਗਰਿੱਡ ਕਲੋਨੀ ਸ੍ਰੀਨਗਰ), ਪਰਵੇਜ ਅਹਿਮਦ ਭੱਟ ਪੁੱਤਰ ਨੂਰ ਮੁਹੰਮਦ ਭੱਟ ਵਾਸੀ ਕਰਨਾਬਲ ਟਾਕਨਵਾੜੀ ਪੋਰਾ, ਸ੍ਰੀਨਗਰ, ਓਵੈਸ ਹੁਸੈਨ ਮੀਰ ਪੁੱਤਰ ਸੱਜਾਦ ਹੁਸੈਨ ਮੀਰ ਵਾਸੀ ਤਾਂਗਬਾਗ, ਨਵਾਪੋਰਾ, ਸ੍ਰੀਨਗਰ, ਨਦੀਮ ਹੁਸੈਨ ਭੱਟ ਪੁੱਤਰ ਮੁਸਤਾਕ ਅਹਿਮਦ ਭੱਟ ਵਾਸੀ ਬਟਵਾੜਾ, ਸ੍ਰੀਨਗਰ, ਸੇਖ ਜਿਬਰਾਨ ਨਿਸਾਰ ਪੁੱਤਰ ਨਿਸਾਰ ਅਹਿਮਦ ਸੇਖ ਵਾਸੀ ਬਟਾਵਾੜਾ, ਸ੍ਰੀਨਗਰ, ਰਕੀਬ ਲਤੀਫ ਭੱਟ ਉਰਫ ਆਮਿਰ ਪੁੱਤਰ ਮੁਹੰਮਦ ਲਤੀਫ ਭੱਟ ਵਾਸੀ ਭੱਟ ਮੁਹੱਲਾ, ਅਲੁਚੀਬਾਗ, ਸ੍ਰੀਨਗਰ, ਅਬਦੁਲ ਅਹਦ ਭੱਟ ਪੁੱਤਰ ਮੁਹੰਮਦ ਸੁਲਤਾਨ ਭੱਟ ਵਾਸੀ ਬਨਪੋਰਾ, ਬਟਮਾਲੂ , ਸ੍ਰੀਨਗਰ, ਮੋਇਨ ਖਾਨ ਉਰਫ ਮੋਇਨ ਪੁੱਤਰ ਗੁਲਾਮ ਹਸਨ ਖਾਨ ਉਰਫ ਮਾਮਾ ਵਾਸੀ ਟੇਂਗਪੋਰਾ ਬਾਈਪਾਸ, ਸ੍ਰੀਨਗਰ, ਸੱਜਾਦ ਅਹਿਮਦ ਬੇਗ ਉਰਫ ਬੋਆ ਪੁੱਤਰ ਸਵਰਗਵਾਸੀ ਅਬਦੁਲ ਹਾਮਿਦ ਬੇਗ, ਵਾਸੀ ਮਦੀਨਾ ਕਲੋਨੀ, ਅਲੋਚੀਬਾਗ ਸੈਕਟਰ ਬੀ ਅਤੇ ਅਰਸੀਦ ਅਹਿਮਦ ਮੀਰ ਨੂੰ ਸ੍ਰੀਨਗਰ ਪੁਲਸ ਦੁਆਰਾ ਉਨ੍ਹਾਂ ਦੇ ਖਿਲਾਫ ਤਿਆਰ ਕੀਤੇ ਡੋਜੀਅਰ ਦੇ ਅਧਾਰ 'ਤੇ ਡਿਵੀਜਨਲ



ਕਮਿਸਨਰ, ਕਸਮੀਰ ਤੋਂ ਰਸਮੀ ਨਜਰਬੰਦੀ ਦੇ ਆਦੇਸ ਪ੍ਰਾਪਤ ਕਰਨ ਤੋਂ ਬਾਅਦ ਪੀਆਈਟੀ-ਐੱਨਡੀਪੀਐੱਸ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਨ੍ਹਾਂ ਨਸਾ ਤਸਕਰਾਂ ਨੂੰ ਹਿਰਾਸਤ ਵਿੱਚ ਲਿਆ ਗਿਆ ਅਤੇ ਬਾਅਦ ਵਿੱਚ ਕੇਂਦਰੀ ਜੇਲ੍ਹ ਕੋਟ-ਬਲਵਾਲ, ਜੰਮੂ ਅਤੇ ਭਦਰਵਾਹ, ਊਧਮਪੁਰ ਅਤੇ ਕਠੂਆ ਦੀਆਂ ਜ਼ਿਲ੍ਹਾ ਜੇਲ੍ਹਾਂ ਵਿੱਚ ਬੰਦ ਕੀਤਾ ਗਿਆ। ਜ਼ਿਕਰਯੋਗ ਹੈ ਕਿ ਇਹ ਨਸਾ ਤਸਕਰ ਸ੍ਰੀਨਗਰ ਦੇ ਨੌਜਵਾਨਾਂ ਵਿੱਚ ਚਿੰਤਾਜਨਕ ਪੱਧਰ 'ਤੇ ਨਸਾ ਤਸਕਰੀ ਦਾ ਧੰਦਾ ਕਰ ਰਹੇ ਹਨ। ਇਸ ਤੋਂ ਇਲਾਵਾ ਉਹ ਸ੍ਰੀਨਗਰ ਦੇ ਵੱਖ-ਵੱਖ ਥਾਣਿਆਂ ਵਿੱਚ ਐੱਨਡੀਪੀਐੱਸ ਐਕਟ ਦੇ ਕਈ ਕੇਸਾਂ ਵਿੱਚ ਵੀ ਸਾਮਲ ਸੀ। ਉਨ੍ਹਾਂ ਵਿਰੁੱਧ ਐੱਨਡੀਪੀਐੱਸ ਐਕਟ ਦੇ ਕਈ ਕੇਸ ਦਰਜ ਹੋਣ ਦੇ ਬਾਵਜੂਦ ਅਦਾਲਤਾਂ ਤੋਂ ਜਮਾਨਤ ਮਿਲਣ ਤੋਂ ਬਾਅਦ ਵੀ ਉਨ੍ਹਾਂ ਨੇ ਆਪਣਾ ਰਾਹ ਨਹੀਂ ਸੁਧਾਰਿਆ ਅਤੇ ਆਪਣੇ ਗੈਰ-ਕਾਨੂੰਨੀ ਨਸੀਲੇ ਪਦਾਰਥਾਂ ਦੇ ਨੈੱਟਵਰਕ ਰਾਹੀਂ ਘਾਟੀ ਦੇ ਨੌਜਵਾਨਾਂ, ਖਾਸ ਕਰਕੇ ਸ੍ਰੀਨਗਰ ਵਿੱਚ ਖੁੱਲ੍ਹੇਆਮ ਨਸਾ ਵੇਚ ਰਹੇ ਸਨ ਸੀ। ਪੁਲਸ ਨੇ ਪੀਆਈਟੀ-ਐੱਨਡੀਪੀਐੱਸ ਐਕਟ ਦੀਆਂ ਧਾਰਾਵਾਂ ਤਹਿਤ ਉਨ੍ਹਾਂ ਦੀਆਂ ਜਾਇਦਾਦਾਂ ਕੁਰਕ ਕਰਨ ਦੀ ਪ੍ਰਕਿਰਿਆ ਵੀ ਸੁਰੂ ਕਰ ਦਿੱਤੀ ਹੈ।

## ਸਾਗ ਖਾਣ ਦੇ ਸ਼ੌਕੀਨ ਹੋ ਜਾਣ ਸਾਵਧਾਨ !

ਫਿਰੋਜ਼ਪੁਰ 8 ਦਸੰਬਰ। ਸਾਗ ਅਤੇ ਹਰੀਆਂ ਸਬਜ਼ੀਆਂ ਖਾਣ ਵਾਲੇ ਲੋਕ ਸਾਵਧਾਨ ਹੋ ਜਾਣ, ਕਿਤੇ ਸਾਗ ਦੇ ਸੁਆਦ ਕਾਰਨ ਸੱਪ ਵਰਗੀ ਜ਼ਹਿਰੀਲੀ ਚੀਜ ਨਾ ਖਾ ਜਾਇਓ। ਜੀ ਹਾਂ, ਹਰੇ-ਭਰੇ ਸਾਗ ਦੇ ਪੱਤਿਆਂ 'ਚ ਸੱਪ ਵਰਗਾ ਜੀਵ ਮਿਲਣ ਦੀ ਖਬਰ ਪ੍ਰਾਪਤ ਹੋਈ ਹੈ। ਜਾਣਕਾਰੀ ਅਨੁਸਾਰ ਫਿਰੋਜ਼ਪੁਰ ਛਾਉਣੀ ਏਰੀਆ 'ਚ ਅੱਜ ਜਦੋਂ ਇਕ ਔਰਤ ਸਾਗ ਬਣਾਉਣ ਦੀ ਤਿਆਰੀ ਕਰ ਰਹੀ ਸੀ ਤਾਂ ਸਾਗ ਕੱਟਦੇ ਸਮੇਂ ਉਸ ਦੇ ਹੱਥਾਂ 'ਚ ਸੱਪ ਵਰਗੀ ਚੀਜ ਆ ਗਈ ਅਤੇ ਉਹ ਹੈਰਾਨ ਰਹਿ ਗਈ। ਔਰਤ ਨੇ ਦੱਸਿਆ ਕਿ ਸਾਗ ਦੇ ਹਰੇ ਪੱਤਿਆਂ ਦੇ ਨਾਲ-ਨਾਲ ਇਹ ਸੱਪ ਵਰਗਾ ਜੀਵ ਵੀ ਕੱਟਿਆ ਗਿਆ। ਉਨ੍ਹਾਂ ਕਿਹਾ ਕਿ ਅੱਜ-ਕੱਲ੍ਹ ਮੰਡੀ ਵਿਚ ਹਰੀਆਂ ਸਬਜ਼ੀਆਂ ਦਾ ਰੁਝਾਨ ਹੈ ਅਤੇ ਜਦੋਂ ਵੀ ਤੁਸੀਂ ਸਾਗ ਜਾਂ ਕੋਈ ਹੋਰ ਹਰੀ ਸਬਜ਼ੀ ਬਣਾਉਂਦੇ ਹੋ ਤਾਂ ਇਸ ਗੱਲ ਨੂੰ ਗੰਭੀਰਤਾ ਨਾਲ ਲਵੋ ਕਿ ਇਸ ਵਿਚ ਕੋਈ ਜ਼ਹਿਰੀਲੀ ਚੀਜ਼ ਤਾਂ ਨਹੀਂ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਰੱਸੇ ਟੁੱਟਣ ਮਗਰੋਂ ਡਰਾਈਵਰ ‘ਤੇ ਡਿੱਗੀਆਂ ਝੋਨੇ ਦੀਆਂ ਬੋਰੀਆਂ, ਵਾਪਰਿਆ ਵੱਡਾ ਹਾਦਸਾ

ਫਾਜ਼ਿਲਕਾ 8 ਦਸੰਬਰ। ਇੱਥੇ ਜਲਾਲਾਬਾਦ-ਫਿਰੋਜਪੁਰ ਫਾਜ਼ਿਲਕਾ ਹਾਈਵੇਅ ‘ਤੇ ਝੋਨੇ ਦੀਆਂ ਬੋਰੀਆਂ ਨਾਲ ਭਰੀ ਇਕ ਟਰਾਲੀ ਅਚਾਨਕ ਹਾਦਸੇ ਦਾ ਸ਼ਿਕਾਰ ਹੋ ਗਈ, ਜਿਸ ਕਾਰਨ ਟਰਾਲੀ ਦਾ ਡਰਾਈਵਰ ਜਖਮੀ ਹੋ ਗਿਆ, ਜਿਸ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਹੈ। ਜਾਣਕਾਰੀ ਮੁਤਾਬਕ ਜਲਾਲਾਬਾਦ ਦੇ ਪਿੰਡ ਲੱਧੂਵਾਲਾ ਤੋਂ ਝੋਨੇ ਦੀ ਭਰੀ ਹੋਈ ਟਰਾਲੀ ਫਿਰੋਜਪੁਰ ਜਾ ਰਹੀ ਸੀ। ਅਚਾਨਕ ਥਾਣਾ ਸਦਰ ਦੇ ਨੇੜੇ ਟਰਾਲੀ ਦੇ ਉੱਪਰੋਂ ਇਕ ਝੋਨੇ ਦੀ ਬੋਰੀ ਹੇਠਾਂ ਡਿੱਗ ਗਈ ਅਤੇ ਟਰਾਲੀ ਦੇ ਟਾਇਰ ਹੇਠਾਂ ਆ ਗਈ। ਜਦੋਂ ਡਰਾਈਵਰ ਨੇ ਅਚਾਨਕ ਬ੍ਰੇਕ ਮਾਰੀ ਤਾਂ ਬੋਰੀਆਂ ਨਾਲ ਬੰਨ੍ਹੇ ਹੋਏ ਰੱਸੇ ਟੁੱਟ ਗਏ ਅਤੇ ਬੋਰੀਆਂ ਹੇਠਾਂ ਡਿੱਗਣੀਆਂ ਸ਼ੁਰੂ ਹੋ ਗਈਆਂ। ਇਸ ਦੌਰਾਨ ਕਈ ਬੋਰੀਆਂ ਡਰਾਈਵਰ ‘ਤੇ ਵੀ ਡਿੱਗ ਗਈਆਂ ਅਤੇ ਉਹ ਜਖਮੀ ਹੋ ਗਿਆ। ਉਸ ਦਾ ਟਰੈਕਟਰ ਬੇਕਾਬੂ ਹੋ ਕੇ ਡਿਵਾਈਡਰ ‘ਤੇ ਜਾ ਚੜ੍ਹਿਆ। ਇਸ ਹਾਦਸੇ ਦੌਰਾਨ ਡਰਾਈਵਰ ਨੂੰ ਗੰਭੀਰ ਸੱਟਾਂ ਲੱਗੀਆਂ। ਮੌਕੇ ‘ਤੇ ਮੌਜੂਦ ਲੋਕਾਂ ਨੇ ਉਸ ਨੂੰ ਜਲਾਲਾਬਾਦ ਦੇ ਸਿਵਲ ਹਸਪਤਾਲ ‘ਚ ਦਾਖਲ ਕਰਾਇਆ ਹੈ।

# ਇਟਲੀ ‘ਚ ਪੰਜਾਬੀ ਨੌਜਵਾਨ ਦਾ ਖੌਫਨਾਕ ਕਾਰਾ, ਭੁੱਬਾਂ ਮਾਰਦੇ ਰਹਿ ਗਏ ਮਾਪੇ

ਰੋਮ 8 ਦਸੰਬਰ। ਇਟਲੀ ਦੇ ਕੰਪਾਨੀਆ ਸੂਬੇ ਦੇ ਜ਼ਿਲ੍ਹਾ ਸਲੇਰਨੋ ਅਧੀਨ ਆਉਂਦੇ ਸਹਿਰ ਅਸਚੇਇਆ ਦੇ ਰੇਲਵੇ ਸਟੇਸਨ ‘ਤੇ ਇੱਕ ਭਾਰਤੀ ਨੌਜਵਾਨ ਵੱਲੋਂ ਰੇਲਗੱਡੀ ਅੱਗੇ ਛਾਲ ਮਾਰਕੇ ਆਤਮ ਹੱਤਿਆ ਕਰਨ ਦਾ ਦੁੱਖਦਾਇਕ ਮਾਮਲਾ ਸਾਹਮਣੇ ਆਇਆ ਹੈ। ਇਟਾਲੀਅਨ ਮੀਡੀਏ ਵਿੱਚ ਨਸਰ ਹੋਈ ਜਾਣਕਾਰੀ ਅਨੁਸਾਰ ਸਹਿਰ ਅਸਚੇਇਆ (ਸਲੇਰਨੋ) ਦੇ ਰੇਲਵੇ ਸਟੇਸਨ ‘ਤੇ ਇੱਕ 23 ਸਾਲ ਦੇ ਭਾਰਤੀ ਨੌਜਵਾਨ ਨੇ ਰੋਮ ਤੋਂ ਰਿਜੋਕਲਾਬਰੀਆ ਜਾ ਰਹੀ ਰੇਲ ਗੱਡੀ ਇੰਟਰਸਿਟੀ ਦੇ ਅੱਗੇ ਛਾਲ ਮਾਰਕੇ ਆਤਮ ਹੱਤਿਆ ਕੀਤੀ ਹੈ। ਇਸ ਘਟਨਾ ਸੰਬਧੀ ਪ੍ਰੈਸ ਵੱਲੋਂ ਇੱਕਠੀ ਕੀਤੀ ਜਾਣਕਾਰੀ ਅਨੁਸਾਰ ਮ੍ਰਿਤਕ ਦਾ ਨਾਮ ਉਂਕਾਰ ਸਿੰਘ (23) ਪੁੱਤਰ ਭੁਪਿੰਦਰ ਸਿੰਘ ਵਾਸੀ ਨਕੋਦਰ (ਜਲੰਧਰ) ਸੀ, ਜਿਹੜਾ ਕਿ ਅਕਤੂਬਰ 2023 ਨੂੰ ਹੀ 12-13 ਲੱਖ ਕਰਜਾ ਚੁੱਕ ਮਾਪਿਆਂ ਨੇ ਘਰ ਦੀ ਗਰੀਬੀ ਦੂਰ ਕਰਨ 9 ਮਹੀਨਿਆਂ ਵਾਲੇ ਪੇਪਰਾਂ ‘ਤੇ ਇਟਲੀ ਭੇਜਿਆ ਸੀ। ਪ੍ਰੈਸ ਨੂੰ ਭੁੱਬਾਂ ਮਾਰ ਰੋਂਦੇ ਮਰਹੂਮ ਉਂਕਾਰ ਸਿੰਘ ਦੇ ਪਿਤਾ ਭੁਪਿੰਦਰ ਸਿੰਘ ਨੇ ਭਾਰਤ ਤੋਂ ਫੋਨ ਰਾਹੀ ਦੱਸਿਆ ਕਿ ਉਨ੍ਹਾਂ ਦਾ ਇਕਲੌਤਾ ਪੁੱਤ ਸੀ ਉਂਕਾਰ ਸਿੰਘ ਜਿਹੜਾ ਕਿ ਇਟਲੀ ਉਨ੍ਹਾਂ ਦਾ ਸਹਾਰਾ ਬਣਨ ਗਿਆ ਸੀ ਪਰ ਅਫਸੋਸ ਜਦੋਂ ਉਹ ਇਟਲੀ ਗਿਆ ਤਾਂ ਏਜੰਟ ਨੇ ਉਸ ਦੀ ਬਾਂਹ ਨਹੀਂ ਫੜੀ ਜਿਸ ਕਾਰਨ ਉਂਕਾਰ ਸਿੰਘ ਬਹੁਤ ਜ਼ਿਆਦਾ ਪ੍ਰੇਸ਼ਾਨ ਰਹਿੰਦਾ ਸੀ। ਘਟਨਾ ਵਾਲੇ ਦਿਨ ਵੀ ਉਹ ਕਤਾਨੀਆ ਤੋਂ ਬਰੇਸੀਆ ਕੰਮ ਲਈ ਹੀ ਜਾ ਰਿਹਾ ਸੀ ਕਿ ਪ੍ਰੇਸ਼ਾਨੀ ਕਾਰਨ ਰਾਹ ਵਿੱਚ ਹੀ ਉੱਤਰ ਗਿਆ ਜਿੱਥੇ ਇਹ ਭਾਣਾ ਵਰਤ ਗਿਆ। ਜਦੋਂ ਦਾ ਉਂਕਾਰ ਸਿੰਘ ਇਟਲੀ ਗਿਆ ਉਸ ਨੂੰ ਇੱਕ ਦਿਨ ਵੀ ਕੰਮ ਨਹੀਂ ਮਿਲਿਆ ਜਿਸ ਕਾਰਨ ਉਸ ਨੂੰ ਖਰਚਾ ਵੀ ਭੁਪਿੰਦਰ ਸਿੰਘ ਭਾਰਤ ਤੋਂ ਭੇਜਦਾ ਸੀ। ਪਿਛਲੇ ਇੱਕ ਸਾਲ ਵਿੱਚ ਉਸ ਨੇ ਕਰੀਬ ਡੇਢ ਲੱਖ ਰੁਪਈਏ ਉਂਕਾਰ ਸਿੰਘ ਨੂੰ ਖਰਚ ਭੇਜਿਆ। ਘਟਨਾ ਤੋਂ 2 ਦਿਨ ਪਹਿਲਾਂ ਵੀ 20 ਹਜਾਰ ਰੁਪਏ ਭੇਜੇ। ਭੁਪਿੰਦਰ ਸਿੰਘ ਚਾਹੁੰਦਾ ਸੀ ਕਿਸੇ ਢੰਗ ਨਾਲ ਉਸ ਦੇ ਜਿਗਰ ਦਾ ਟੁੱਕੜਾ ਇਟਲੀ ਸੈੱਟ ਹੋ ਜਾਵੇ। ਮ੍ਰਿਤਕ ਉਂਕਾਰ ਸਿੰਘ ਨੇ ਕੰਮ ਲੱਭਣ ਲਈ ਬਹੁਤ ਕੋਸਿਸ ਕੀਤੀ ਪਰ ਬਿਨ੍ਹਾਂ ਪੇਪਰਾਂ ਕੰਮ ਨਾ ਮਿਲਿਆ ਜਿਸ ਦੇ ਚੱਲਦਿਆਂ ਉਸ ਨੇ ਦਿਮਾਗ ‘ਤੇ ਬੋਝ ਪਾ ਲਿਆ। ਭੁਪਿੰਦਰ ਸਿੰਘ ਨੇ ਉਨ੍ਹਾਂ ਤਮਾਮ ਟ੍ਰੈਵਲ ਏਜੰਟਾਂ ਨੂੰ ਦੁੱਖੀ ਹੁੰਦਿਆਂ ਕਿਹਾ ਹੈ ਕਿ ਉਹ ਕਿਸੇ ਵੀ ਨੌਜਵਾਨ ਨਾਲ ਅਜਿਹਾ ਧੋਖਾ ਨਾ ਕਰਨ ਤੇ ਸਹੀ ਢੰਗ ਨਾਲ ਇਟਲੀ ਨੌਜਵਾਨਾਂ ਦੇ ਪੇਪਰ ਜਮ੍ਹਾਂ ਕਰਵਾਕੇ ਪੀ ਆਰ ਲੈਕੇ ਦੇਣ। ਮੋਟੀਆਂ-ਮੋਟੀਆਂ ਰਕਮਾਂ ਲੈਕੇ ਜਿਹੜੇ ਏਜੰਟ ਧੋਖਾ ਕਰ ਰਹੇ ਹਨ ਉਨ੍ਹਾਂ ਖ਼ਿਲਾਫ ਕਾਰਵਾਈ ਹੋਣੀ ਚਾਹੀਦੀ ਹੈ। ਭੁਪਿੰਦਰ ਸਿੰਘ ਨੇ ਭਾਰਤੀ ਅੰਬੈਂਸੀ ਰੋਮ ਤੇ ਇਟਲੀ ਦੇ ਭਾਰਤੀ ਭਾਈਚਾਰੇ ਤੋਂ ਮਦਦ ਦੀ ਗੁਹਾਰ ਲਗਾਈ ਹੈ ਤਾਂ ਜੋ ਉਹ ਆਪਣੇ ਲਾਡਲੇ ਦਾ ਅੰਤਿਮ ਸੰਸਕਾਰ ਆਪਣੇ ਹੱਥਾਂ ਨਾਲ ਕਰ ਸਕਣ। ਜ਼ਿਕਰਯੋਗ ਹੈ ਕਿ ਇਟਲੀ ਵਿੱਚ ਜਿਸ ਤਰ੍ਹਾਂ ਭਾਰਤੀ ਨੌਜਵਾਨਾਂ 9 ਮਹੀਨਿਆਂ ਵਾਲੇ ਪੇਪਰਾਂ ‘ਤੇ ਧੜਾਧੜ ਆ ਰਹੇ ਹਨ ਉਹ ਵੀ ਸਿਰਫ ਇਟਲੀ ਐਂਟਰੀ ਵਿੱਚ ਅਜਿਹੇ ਨੌਜਵਾਨ ਜਦੋਂ ਇਟਲੀ ਆਕੇ ਪੇਪਰ ਨਹੀਂ ਬਣਾ ਪਾਉਂਦੇ ਤਾਂ ਬਹੁਤ ਪ੍ਰੇਸ਼ਾਨ ਹੁੰਦੇ ਹਨ ਕਿਉਂਕਿ ਬਹੁਤੇ ਨੌਜਵਾਨ ਕਰਜਾ ਚੁੱਕ ਆਏ ਹੁੰਦੇ ਹਨ ਜਿਨ੍ਹਾਂ ਨੂੰ ਇਟਲੀ ਆਕੇ ਵੀ ਭੱਵਿਖ ਧੁੰਧਲਾ ਹੀ ਲੱਗਦਾ ਹੈ ਜਿਸ ਕਾਰਨ ਇਹ ਜਾਂ ਤਾਂ ਨਸ਼ਿਆਂ ਵਿੱਚ ਪੈਕੇ ਸੜਕਾਂ ‘ਤੇ ਬੈਠ ਭੀਖ ਮੰਗਣ ਲੱਗਦੇ ਹਨ ਜਾਂ ਫਿਰ ਉਂਕਾਰ ਸਿੰਘ ਵਾਂਗਰ ਵਕਤ ਦੇ ਧੱਕੇ ਚੜ੍ਹ ਮੌਤ ਨੂੰ ਗਲੇ ਲਾਉਣਾ ਹੀ ਠੀਕ ਸਮਝਦੇ ਹਨ। ਇਟਲੀ ਵਿੱਚ ਅਜਿਹੇ ਦਿਮਾਗੀ ਪ੍ਰੇਸ਼ਾਨੀ ਕਾਰਨ ਮਰਨ ਵਾਲਿਆਂ ਦੀ ਗਿਣਤੀ ਵੱਧਦੀ ਜਾ ਰਹੀ ਹੈ ਜਿਹੜਾ ਕਿ ਚਿੰਤਾ ਦਾ ਵਿਸਾ ਹੈ।

## ਟਾਇਰਾਂ ਦੀ ਦੁਕਾਨ ’ਚੋਂ ਲੱਖਾਂ ਰੁਪਿਆਂ ਦੇ ਟਾਇਰ ਚੋਰੀ

ਡੇਰਾਬੱਸੀ 8 ਦਸੰਬਰ। ਪਿੰਡ ਮੁਬਾਰਕਪੁਰ ਸਥਿਤ ਟਾਇਰਾਂ ਦੀ ਦੁਕਾਨ ’ਚ ਬੀਤੀ ਰਾਤ ਚੋਰ ਲੱਖਾਂ ਰੁਪਏ ਦੇ ਟਾਇਰ ਚੋਰੀ ਕਰ ਕੇ ਫਰਾਰ ਹੋ ਗਏ। ਦੁਕਾਨ ਮਾਲਕ ਨੇ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਹੈ। ਮਾਲਕ ਜਸਪਾਲ ਸਿੰਘ ਵਾਸੀ ਪਿੰਡ ਮੁਬਾਰਕਪੁਰ ਨੇ ਦੱਸਿਆ ਕਿ ਉਹ ਰਾਤ ਨੂੰ ਦੁਕਾਨ ਬੰਦ ਕਰ ਕੇ ਘਰ ਚਲਾ ਗਿਆ। ਜਦੋਂ ਸਵੇਰੇ ਦੁਕਾਨ ’ਤੇ ਆਇਆ ਤਾਂ ਤਾਲੇ ਅਤੇ ਸ਼ਟਰ ਟੁੱਟਿਆ ਹੋਇਆ ਸੀ ਅਤੇ ਦੁਕਾਨ ਤੋਂ ਸਾਰੇ ਟਾਇਰ ਗਾਇਬ ਸਨ। ਚੋਰਾਂ ਨੇ ਪਹਿਲਾਂ ਦੁਕਾਨ ਦੇ ਨੇੜੇ ਲੱਗੇ ਸੀ. ਸੀ. ਟੀ. ਵੀ. ਕੈਮਰੇ ਤੋੜੇ ਉਸ ਤੋਂ ਬਾਅਦ ਬਿਜਲੀ ਦੇ ਮੀਟਰ ਤੋਂ ਸਪਲਾਈ ਕੱਟ ਕੇ ਵਾਰਦਾਤ ਨੂੰ ਅੰਜਾਮ ਦਿੱਤਾ। ਮਾਲਕ ਨੇ ਦੱਸਿਆ ਕਿ ਉਸ ਦਾ ਲੱਖਾਂ ਦਾ ਨੁਕਸਾਨ ਹੋਇਆ ਹੈ।

## ਕੰਬਾਈਨ ਸਾਫ ਕਰਦੇ ਨੌਜਵਾਨ ਨਾਲ ਹੋ ਗਈ ਅਣਹੋਣੀ, ਸਰੀਰ ਨਾਲੋਂ ਲੱਤ ਹੀ ਹੋ ਗਈ ਵੱਖ

ਫਾਜ਼ਿਲਕਾ 8 ਦਸੰਬਰ। ਪੰਜਾਬ ਦੇ ਫਾਜ਼ਿਲਕਾ ਜ਼ਿਲ੍ਹੇ ਤੋਂ ਇਕ ਬੇਹੱਦ ਦਰਦਨਾਕ ਖਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਪਿੰਡ ਮੌਜਮ ਵਿਖੇ ਇਕ ਨੌਜਵਾਨ ਦੀ ਕੰਬਾਈਨ ‘ਚੋਂ ਪਰਾਲੀ ਸਾਫ ਕਰਦੇ ਸਮੇਂ ਲੱਤ ਕੱਟ ਕੇ ਸਰੀਰ ਨਾਲੋਂ ਵੱਖ ਹੀ ਹੋ ਗਈ ਹੈ। ਜਖਮੀ ਹਾਲਤ ‘ਚ ਉਸ ਨੂੰ ਸਰਕਾਰੀ ਹਸਪਤਾਲ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਹ ਜੇਰੇ ਇਲਾਜ ਹੈ। ਜਾਣਕਾਰੀ ਦਿੰਦੇ ਹੋਏ ਪੀੜਤ ਗੁਰਪ੍ਰੀਤ ਨੇ ਦੱਸਿਆ ਕਿ ਖੇਤ ‘ਚ ਕੰਬਾਈਨ ਚੱਲ ਰਹੀ ਸੀ ਤਾਂ ਇਸ ਦੌਰਾਨ ਦਾਣਿਆਂ ਵਾਲੀ ਟੈਂਕੀ ‘ਚ ਪਰਾਲੀ ਫਸ ਗਈ, ਜਿਸ ਨੂੰ ਉਹ ਹੱਥ ਨਾਲ ਸਾਫ ਕਰ ਰਿਹਾ ਸੀ ਕਿ ਉਸ ਦਾ ਪੈਰ ਤਿਲਕ ਗਿਆ ਤੇ ਉਹ ਡਿੱਗ ਗਿਆ। ਕੰਬਾਈਨ ਦੀ ਮਸ਼ੀਨ ‘ਚ ਪੈਰ ਫਸ ਜਾਣ ਕਾਰਨ ਉਸ ਦੀ ਲੱਤ ਕੱਟੀ ਗਈ ਤੇ ਸਰੀਰ ਤੋਂ ਵੱਖ ਹੋ ਗਈ। ਇਸ ਮਗਰੋਂ ਉਸ ਨੂੰ ਤੁਰੰਤ ਸਰਕਾਰੀ ਹਸਪਤਾਲ ਲਿਜਾਇਆ ਗਿਆ, ਜਿੱਥੇ ਉਹ ਫਿਲਹਾਲ ਜੇਰੇ ਇਲਾਜ ਹੈ। ਉਸ ਦੇ ਪਿਤਾ ਹਰਬੰਸ ਸਿੰਘ ਨੇ ਦੱਸਿਆ ਕਿ ਇਸ ਹਾਦਸੇ ਕਾਰਨ ਉਹ ਬਹੁਤ ਪ੍ਰੇਸ਼ਾਨ ਹੈ। ਉਨ੍ਹਾਂ ਦੱਸਿਆ ਕਿ ਡਾਕਟਰਾਂ ਨੇ ਉਸ ਦਾ ਵਧੀਆ ਇਲਾਜ ਕਰਨ ਦਾ ਵਿਸ਼ਵਾਸ ਦਿਵਾਇਆ ਹੈ।

# ਇਹ ਰਸਤੇ ਅਪਣਾ ਅਮਰੀਕਾ ਪਹੁੰਚੇ ਮੋਸਟ ਵਾਂਟੇਡ ਗੈਂਗਸਟਰ, ਜਲੰਧਰ ਨਾਲ ਜੁੜੇ ਤਾਰ



ਜਲੰਧਰ 8 ਦਸੰਬਰ। ਗੈਂਗਸਟਰਾਂ ਨੇ ਨੈੱਟਵਰਕ ਚਲਾਉਣ ਲਈ ਨਵਾਂ ਟਿਕਾਣਾ ਬਣਾ ਲਿਆ ਹੈ, ਜਿਸ ਦਾ ਖੁਲਾਸਾ ਗੈਂਗਸਟਰ ਲਾਰੈਂਸ ਬਿਸਨੋਈ ਦੇ ਸੂਟਰ ਹਰਸ ਚਿੰਟੂ ਨੇ ਪੁੱਛਗਿੱਛ ਦੌਰਾਨ ਕੀਤਾ ਹੈ। ਉਹ ਲਾਰੈਂਸ ਬਿਸਨੋਈ ਦਾ ਸਭ ਤੋਂ ਵੱਡਾ ਗੈਂਗਸਟਰ ਵੀ ਹੈ। ਉਸ ਨੇ ਗੈਂਗਸਟਰਾਂ ਬਾਰੇ ਹੈਰਾਨੀਜਨਕ ਖੁਲਾਸੇ ਕਰਦਿਆਂ ਕਿਹਾ ਕਿ ਭਾਰਤ ਤੋਂ ਫਰਾਰ ਹੋਏ ਗੈਂਗਸਟਰ ਡੌਂਕੀ ਰੂਟ ਜਰੀਏ ਅਮਰੀਕਾ ਪਹੁੰਚ ਰਹੇ ਹਨ। ਦੱਸ ਦੇਈਏ ਕਿ ਗੈਂਗਸਟਰ ਹਰਸ ਚਿੰਟੂ ਨੂੰ ਦੁਬਈ ਤੋਂ ਡਿਪੋਰਟ ਕੀਤਾ ਗਿਆ ਸੀ ਅਤੇ ਦਿੱਲੀ ਪੁਲਸ ਦੀ ਕ੍ਰਾਈਮ ਬ੍ਰਾਂਚ ਉਸ ਤੋਂ ਲਗਾਤਾਰ ਪੁੱਛਗਿੱਛ ਕਰ ਰਹੀ ਹੈ। ਦੱਸ ਦੇਈਏ ਕਿ ਏਜੰਸੀਆਂ ਨੇ ਇਸ ਨੂੰ ਫੜ ਕੇ ਭਾਰਤ ਨੂੰ ਸੌਂਪ ਦਿੱਤਾ ਹੈ। ਉਸ ਨੇ ਦੱਸਿਆ ਕਿ ਉਹ ਪਹਿਲਾਂ ਭਾਰਤ ਤੋਂ ਸਾਰਜਹਾਂ ਅਤੇ ਫਿਰ ਬਾਕੂ ਤੋਂ ਯੂਰਪ ਦੇਸ਼ ਗਿਆ, ਜਿੱਥੋਂ ਉਸ ਨੇ ਡੌਂਕੀ ਦਾ ਰਸਤਾ ਅਪਣਾ ਕੇ ਅਮਰੀਕਾ ਵਿਚ ਐਂਟਰੀ ਕਰਨੀ ਸੀ। ਹਰਸ ਚਿੰਟੂ ਦਿੱਲੀ ਦੇ ਅਲੀਪੁਰ ਪਿੰਡ ਦਾ ਰਹਿਣ ਵਾਲਾ ਹੈ। ਦੱਸ ਦਈਏ ਕਿ 26 ਮਾਰਚ ਨੂੰ ਉਕਤ ਸੂਟਰ ਚਿੰਟੂ ਨੇ ਜਲੰਧਰ ਤੋਂ ਪਾਸਪੋਰਟ ਬਣਵਾਇਆ ਸੀ, ਜਿਸ ਵਿਚ ਉਸ ਦਾ ਨਾਂ ਪ੍ਰਦੀਪ ਕੁਮਾਰ ਲਿਖਿਆ ਹੋਇਆ ਹੈ। ਉਸ ਨੇ ਦੱਸਿਆ ਕਿ ਹੋਰ ਖਤਰਨਾਕ ਗੈਂਗਸਟਰ ਵੀ ਜਾਅਲੀ ਪਾਸਪੋਰਟ ਬਣਾ ਕੇ ਅਮਰੀਕਾ ਜਾਣ ਦੀ ਯੋਜਨਾ ਬਣਾ ਰਹੇ ਹਨ। ਦੱਸ ਦੇਈਏ ਕਿ ਦਿੱਲੀ ਦੇ ਨਜਫਗੜ੍ਹ ‘ਚ ਦੋਹਰਾ ਕਤਲ ਕਰਨ ਤੋਂ ਬਾਅਦ ਹਰਸ ਚਿੰਟੂ ਫਰਜੀ ਪਾਸਪੋਰਟ ਬਣਾ ਕੇ ਡੰਕੀ ਰਸਤੇ ਅਮਰੀਕਾ ‘ਚ ਦਾਖਲ ਹੋਣਾ ਚਾਹੁੰਦਾ ਸੀ। ਖਤਰਨਾਕ ਗੋਲਡੀ ਬਰਾੜ, ਅਨਮੋਲ ਬਿਸਨੋਈ, ਰੋਹਿਤ ਗੋਦਾਰਾ, ਪਵਨ ਬਿਸਨੋਈ, ਮੌਂਟੀ ਮਾਨ, ਹਿਮਾਂਸੂ ਭਾਈ ਸਮੇਤ ਕਈ ਲੋੜੀਂਦੇ ਅਪਰਾਧੀ ਡੌਂਕੀ ਰੂਟ ਰਾਹੀਂ ਅਮਰੀਕਾ ਵਿੱਚ ਰਹਿੰਦੇ ਹਨ ਅਤੇ ਉਥੋਂ ਆਪਣਾ ਨੈੱਟਵਰਕ ਚਲਾ ਰਹੇ ਹਨ। ਉਹ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇ ਰਹੇ ਹਨ। ਤੁਹਾਡੀ ਜਾਣਕਾਰੀ ਲਈ ਦੱਸ ਦੇਈਏ ਕਿ ਅਮਰੀਕਾ ਕਿਸੇ ਵੀ ਲੋੜੀਂਦੇ ਅਪਰਾਧੀ ਨੂੰ ਆਸਾਨੀ ਨਾਲ ਭਾਰਤ ਨੂੰ ਸੌਂਪਣ ਲਈ ਤਿਆਰ ਨਹੀਂ ਹੈ। ਵਰਣਨਯੋਗ ਹੈ ਕਿ ਇਸ ਤੋਂ ਪਹਿਲਾਂ ਭਾਰਤੀ ਗੈਂਗਸਟਰ ਕੈਨੇਡਾ ਅਤੇ ਖਾੜੀ ਦੇਸਾਂ ਰਾਹੀਂ ਅਪਰਾਧਿਕ ਵਾਰਦਾਤਾਂ ਨੂੰ ਅੰਜਾਮ ਦਿੰਦੇ ਸਨ।

## ਜਿੰਦਲ ਸਟੀਲ ਪਲਾਂਟ ‘ਚ ਵਾਪਰਿਆ ਹਾਦਸਾ, ਮਜਦੂਰ ਦੀ ਮੌਤ

ਰਾਏਗੜ੍ਹ 8 ਦਸੰਬਰ। ਛੱਤੀਸਗੜ੍ਹ ਦੇ ਰਾਏਗੜ੍ਹ ਦੇ ਕੋਟੜਾ ਰੋਡ ਥਾਣਾ ਖੇਤਰ ਦੇ ਪਤਰਪਾਲੀ ਸਥਿਤ ਜਿੰਦਲ ਸਟੀਲ ਐਂਡ ਪਾਵਰ ਲਿਮਟਿਡ ਪਲਾਂਟ ‘ਚ ਕੰਮ ਕਰਦੇ ਸਮੇਂ ਗਰਮ ਫਲਾਈ ਐਸ ਡਿੱਗਣ ਕਾਰਨ ਇਕ ਕਰਮਚਾਰੀ ਦੀ ਮੌਕੇ ‘ਤੇ ਹੀ ਮੌਤ ਹੋ ਗਈ, ਜਦਕਿ ਇਕ ਇੰਜੀਨੀਅਰ ਝੁਲਸ ਗਿਆ। ਕਿਰੋੜੀ ਮੱਲ ਵਾਰਡ ਨੰਬਰ 13 ਦਾ ਰਹਿਣ ਵਾਲਾ ਅਸੋਕ ਕੁਮਾਰ ਕੇਵਤ (39) ਪਿਛਲੇ 16 ਸਾਲਾਂ ਤੋਂ ਜਿੰਦਲ ਦੇ ਲਾਈਮ ਡੋਲੋ ਪਲਾਂਟ ਵਿਚ ਫਿਟਰ ਵਜੋਂ ਕੰਮ ਕਰ ਰਿਹਾ ਸੀ। ਸਨੀਵਾਰ ਰਾਤ ਉਹ ਪਲਾਂਟ ‘ਚ ਸਾਈਡ ਇੰਜੀਨੀਅਰ ਦੀਪਕ ਯਾਦਵ (39) ਨਾਲ ਕੰਮ ਕਰ ਰਿਹਾ ਸੀ। ਇਸ ਦੌਰਾਨ ਅਚਾਨਕ ਗਰਮ ਫਲਾਈ ਐਸ ਅਸੋਕ ‘ਤੇ ਡਿੱਗ ਗਈ ਅਤੇ ਸਾਈਡ ਇੰਜੀਨੀਅਰ ਦੀਪਕ ਯਾਦਵ ਨੂੰ ਵੀ ਸੱਟ ਲੱਗ ਗਈ। ਅਸੋਕ ਦੀ ਮੌਕੇ ‘ਤੇ ਹੀ ਮੌਤ ਹੋ ਗਈ, ਜਦਕਿ ਦੀਪਕ ਜਖਮੀ ਹੋ ਗਿਆ। ਘਟਨਾ ਤੋਂ ਬਾਅਦ ਪਲਾਂਟ ਦੇ ਮੁਲਾਜਮਾਂ ਨੇ ਅਧਿਕਾਰੀਆਂ ਨੂੰ ਸੂਚਿਤ ਕੀਤਾ। ਘਟਨਾ ਤੋਂ ਬਾਅਦ ਮ੍ਰਿਤਕਾਂ ਅਤੇ ਜਖਮੀ ਨੂੰ ਤੁਰੰਤ ਜਿੰਦਲ ਹਸਪਤਾਲ ਲਿਆਂਦਾ ਗਿਆ। ਡਾਕਟਰਾਂ ਨੇ ਝੁਲਸੇ ਦੀਪਕ ਨੂੰ ਇਲਾਜ ਲਈ ਰਾਏਪੁਰ ਰੈਫਰ ਕਰ ਦਿੱਤਾ। ਇਸ ਦੇ ਨਾਲ ਹੀ ਕੋਟੜਾ ਰੋਡ ਪੁਲਸ ਨੇ ਲਾਸ ਦਾ ਪੰਚਨਾਮਾ ਤਿਆਰ ਕਰਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਇਸ ਮਾਮਲੇ ਸਬੰਧੀ ਕੋਟੜਾ ਰੋਡ ਥਾਣਾ ਇੰਚਾਰਜ ਤ੍ਰਿਨਾਥ ਤ੍ਰਿਪਾਠੀ ਨੇ ਦੱਸਿਆ ਕਿ ਫਿਲਹਾਲ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਗਰਮ ਫਲਾਈ ਐਸ ਕਿਵੇਂ ਡਿੱਗੀ।

# 2 ਕਿੱਲੋ ਅਫੀਮ ਸਮੇਤ 2 ਸਮੱਗਲਰ ਗ੍ਰਿਫਤਾਰ

ਮੋਗਾ 8 ਦਸੰਬਰ। ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਮੋਗਾ ਪੁਲਸ ਨੇ ਦੋ ਸਮੱਗਲਰਾਂ ਨੂੰ ਕਾਬੂ ਕਰ ਕੇ ਉਨ੍ਹਾਂ ਕੋਲੋਂ ਦੋ ਕਿੱਲੋ ਅਫੀਮ ਜੋ ਲੱਖਾਂ ਰੁਪਏ ਦੀ ਦੱਸੀ ਜਾ ਰਹੀ ਹੈ, ਬਰਾਮਦ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਜ਼ਿਲ੍ਹਾ ਪੁਲਸ ਮੁਖੀ ਅਜੇ ਗਾਂਧੀ ਨੇ ਦੱਸਿਆ ਕਿ ਡੀ. ਐੱਸ. ਪੀ. ਆਈ. ਲਵਦੀਪ ਸਿੰਘ ਦੀ ਅਗਵਾਈ ਵਿਚ ਜਦੋਂ ਸੀ. ਆਈ. ਏ. ਸਟਾਫ ਮੋਗਾ ਦੇ ਇੰਸਪੈਕਟਰ ਦਲਜੀਤ ਸਿੰਘ ਦੀ ਅਗਵਾਈ ’ਚ ਪੁਲਸ ਪਾਰਟੀ ਸਮੇਤ ਇਲਾਕੇ ਵਿਚ ਗਸ਼ਤ ਕਰਦੇ ਹੋਏ ਜਾ ਰਹੇ ਸੀ ਤਾਂ ਉਨ੍ਹਾਂ ਨੂੰ ਗੁਪਤ ਸੂਤਰਾਂ ਤੋਂ ਜਾਣਕਾਰੀ ਮਿਲੀ ਕਿ ਰਾਜਸਥਾਨ ਤੋਂ ਅਫੀਮ ਲਿਆ ਕੇ ਵੇਚਣ ਦੇ ਵਾਲੇ ਦੋ ਕਥਿਤ ਸਮੱਗਲਰ ਬਰਦਾ ਰਾਮ ਨਿਵਾਸੀ ਬਹਾਦਰਪੁਰਾ ਅਤੇ ਹੰਸ ਰਾਜ ਜਾਗਿੰਡ ਨਿਵਾਸੀ ਦੇਵਪੁਰਾ ਅਜਮੇਰ ਰਾਜਸਥਾਨ ਅੱਜ ਭਾਰੀ ਮਾਤਰਾ ਵਿਚ ਅਫੀਮ ਲੈ ਕੇ ਵੇਚਣ ਲਈ ਪੰਜਾਬ ਆਏ ਹਨ ਅਤੇ ਉਹ ਅਜੀਤਵਾਲ ਤੋਂ ਮੇਨ ਹਾਈਵੇ ਰੋਡ ਪਿੰਡ ਕਿਲੀ ਚਾਹਲਾਂ ਦੇ ਨੇੜੇ ਇਕ ਧਾਰਮਿਕ ਅਸਥਾਨ ਕੋਲ ਹਾਈਵੇਅ ’ਤੇ ਪੁਲ ਹੇਠਾਂ ਖੜ੍ਹੇ ਹਨ। ਜੇਕਰ ਛਾਪੇਮਾਰੀ ਕੀਤੀ ਜਾਵੇ ਤਾਂ ਉਹ ਪੁਲਸ ਦੇ



ਕਾਬੂ ਆ ਸਕਦੇ ਹਨ, ਜਿਸ ’ਤੇ ਇੰਸਪੈਕਟਰ ਦਲਜੀਤ ਸਿੰਘ ਅਤੇ ਸਹਾਇਕ ਥਾਣੇਦਾਰ ਜਰਨੈਲ ਸਿੰਘ ਨੇ ਪੁਲਸ ਪਾਰਟੀ ਸਮੇਤ ਦੱਸੀ ਗਈ ਜਗ੍ਹਾ ’ਤੇ ਛਾਪੇਮਾਰੀ ਕਰਕੇ ਦੋਹਾਂ ਕਥਿਤ ਸਮੱਗਲਰਾਂ ਨੂੰ ਜਾ ਦਬੋਚਿਆ, ਜਿਨ੍ਹਾਂ ਕੋਲੋਂ ਦੋ ਕਿੱਲੋ ਅਫੀਮ ਬਰਾਮਦ ਕੀਤੀ ਗਈ। ਕਥਿਤ ਸਮੱਗਲਰਾਂ ਖ਼ਿਲਾਫ਼ ਥਾਣਾ ਅਜੀਤਵਾਲ ਵਿਚ ਮਾਮਲਾ ਦਰਜ ਕੀਤਾ ਗਿਆ ਹੈ, ਜਿਨ੍ਹਾਂ ਨੂੰ ਪੁੱਛਗਿੱਛ ਤੋਂ ਬਾਅਦ ਮਾਣਯੋਗ ਅਦਾਲਤ ਵਿਚ ਪੇਸ ਕਰਕੇ ਦੋ ਦਿਨ ਦਾ ਪੁਲਸ ਪੁਲਸ ਰਿਮਾਂਡ ਹਾਸਲ ਕੀਤਾ ਗਿਆ। ਇੰਸਪੈਕਟਰ ਦਲਜੀਤ ਸਿੰਘ ਨੇ ਦੱਸਿਆ ਕਿ ਕਥਿਤ ਸਮੱਗਲਰਾਂ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਉਹ ਉਕਤ ਅਫੀਮ ਕਿਹੜੇ ਵਿਅਕਤੀ ਕੋਲੋਂ ਲੈਕੇ ਆਏ ਸੀ ਅਤੇ ਕਿੰਨ੍ਹੇ ਚਿਰ ਤੋਂ ਅਫੀਮ ਸਮੱਗਲਿੰਗ ਦਾ ਧੰਦਾ ਕਰਦੇ ਆ ਰਹੇ ਹਨ ਅਤੇ ਹੁਣ ਉਹ ਕਿਸ ਨੂੰ ਦੇਣ ਲਈ ਜਾ ਰਹੇ ਸੀ।

## ਕੱਪੜਿਆਂ ‘ਤੇ ਬ੍ਰਾਂਡਿਡ ਕੰਪਨੀਆਂ ਦੇ ਨਕਲੀ ਲੇਬਲ ਲਗਾ ਕੇ ਲੋਕਾਂ ਨੂੰ ਬਣਾ ਰਿਹਾ ਸੀ ਬੇਵਕੂਫ

ਲੁਧਿਆਣਾ 8 ਦਸੰਬਰ। ਗਣੇਸ਼ਪੁਰੀ, ਮਾਸਟਰ ਕਾਲੋਨੀ ’ਚ ਬ੍ਰਾਂਡਿਡ ਲੇਬਲ ਵਾਲੇ ਕੱਪੜੇ ਵੇਚਣ ਦੇ ਦੋਸ਼ ’ਚ ਇਕ ਦੁਕਾਨ ’ਤੇ ਛਾਪਾ ਮਾਰ ਕੇ 496 ਨਕਲੀ ਕੱਪੜੇ ਬਰਾਮਦ ਕੀਤੇ ਗਏ ਹਨ। ਇਸ ਮਾਮਲੇ ’ਚ ਥਾਣਾ ਦਰੇਸੀ ਦੀ ਪੁਲਸ ਨੇ ਮੈਨੇਜਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਂਚ ਅਧਿਕਾਰੀ ਸੰਤੋਸ਼ ਸਿੰਘ ਨੇ ਦੱਸਿਆ ਕਿ ਅੰਬਾਲਾ ਦੇ ਆਕਾਸ਼ ਨੇ ਪੈਰੀ ਜੀ/ਜੈਸਮੀਨ ਨਾਂ ਦੀ ਕੱਪੜੇ ਦੀ ਦੁਕਾਨ ’ਤੇ ਨਕਲੀ ਸਾਮਾਨ ਵੇਚ ਕੇ ਧੋਖਾਦੇਹੀ ਕਰਨ ਦੀ ਸ਼ਿਕਾਇਤ ਕੀਤੀ। ਜਾਂਚ ’ਚ ਪਤਾ ਲੱਗਾ ਕਿ ਦੁਕਾਨ ’ਤੇ ਬ੍ਰਾਂਡਿਡ ਕੰਪਨੀਆਂ ਦੇ ਨਕਲੀ ਲੇਬਲ ਲਗਾ ਕੇ ਸਥਾਨਕ ਕੱਪੜੇ ਵੇਚੇ ਜਾ ਰਹੇ ਸਨ। ਇਸ ਧੋਖਾਧੜੀ ਰਾਹੀਂ ਗਾਹਕਾਂ ਨਾਲ ਠੱਗੀ ਮਾਰੀ ਜਾ ਰਹੀ ਸੀ ਅਤੇ ਬ੍ਰਾਂਡਿਡ ਕੰਪਨੀਆਂ ਦਾ ਅਕਸ ਖਰਾਬ ਕੀਤਾ ਜਾ ਰਿਹਾ ਸੀ। ਹੁਣ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਹ ਨਕਲੀ ਸਾਮਾਨ ਕਿਥੋਂ ਆਇਆ ਅਤੇ ਇਸ ’ਚ ਹੋਰ ਕੌਣ-ਕੌਣ ਸ਼ਾਮਲ ਹਨ।

## ਢੱਡਰੀਆਂਵਾਲਾ ਦੇ ਡੇਰੇ ’ਚ ਹੋਏ ਕਤਲ ਮਾਮਲੇ ’ਚ ਹਾਈ ਕੋਰਟ ਦੀ ਵੱਡੀ ਕਾਰਵਾਈ

ਚੰਡੀਗੜ੍ਹ 8 ਦਸੰਬਰ। ਰਣਜੀਤ ਸਿੰਘ ਢੱਡਰੀਆਂਵਾਲੇ ਦੇ ਡੇਰੇ ਪਰਮੇਸ਼ਵਰ ਦੁਆਰ ’ਚ 2012 ’ਚ ਜਬਰ-ਜ਼ਿਨਾਹ ਤੋਂ ਬਾਅਦ ਕੁੜੀ ਦੇ ਕਤਲ ਦੇ ਮਾਮਲੇ ਦੀ ਸੁਣਵਾਈ ਕਰਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਡੀ. ਜੀ. ਪੀ. ਨੂੰ ਤਲਬ ਕੀਤਾ ਹੈ। ਅਦਾਲਤ ਨੇ ਡੀ.ਜੀ.ਪੀ. ਨੂੰ ਇਹ ਦੱਸਣ ਲਈ ਕਿਹਾ ਹੈ ਕਿ 12 ਸਾਲ ਪਹਿਲਾਂ ਹੋਏ ਕਤਲ ਦੀ ਜਾਂਚ ਐੱਫ.ਆਈ.ਆਰ. ਦਰਜ ਕੀਤੇ ਬਿਨਾਂ ਕਿਸ ਆਧਾਰ ’ਤੇ ਕੀਤੀ ਗਈ। ਅਦਾਲਤ ਨੇ ਇਹ ਵੀ ਪੁੱਛਿਆ ਹੈ ਕਿ ਉਸ ਸਮੇਂ ਅਜਿਹਾ ਨਾ ਕਰਨ ਵਾਲੇ ਪੁਲਸ ਅਧਿਕਾਰੀਆਂ ਖ਼ਿਲਾਫ਼ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ। ਇਸ ਮਾਮਲੇ ਵਿਚ ਮ੍ਰਿਤਕਾ ਦੇ ਭਰਾ ਨੇ ਪਟੀਸ਼ਨ ਦਾਇਰ ਕਰਕੇ ਜਾਂਚ ਸੀ.ਬੀ.ਆਈ. ਜਾਂ ਸੀਨੀਅਰ ਆਈ.ਪੀ.ਐੱਸ. ਦੀ ਅਗਵਾਈ ਵਾਲੀ




ਐੱਸ.ਆਈ.ਟੀ. ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਸੀ। ਪਟੀਸ਼ਨ ’ਚ ਰਣਜੀਤ ਸਿੰਘ ਢੱਡਰੀਆਂਵਾਲੇ ’ਤੇ ਗੰਭੀਰ ਦੋਸ਼ ਲਾਏ ਗਏ ਹਨ। ਪਟੀਸ਼ਨਰ ਨੇ ਦੱਸਿਆ ਕਿ ਉਸ ਦੀ ਭੈਣ ਦਾ 22 ਅਪ੍ਰੈਲ 2012 ਨੂੰ ਡੇਰੇ ’ਚ ਜਬਰ-ਜ਼ਿਨਾਹ ਤੋਂ ਬਾਅਦ ਜ਼ਹਿਰੀਲਾ ਪਦਾਰਥ ਦੇ ਕੇ ਕਤਲ ਕਰ ਦਿੱਤਾ ਗਿਆ ਸੀ। ਉਸ ਦੀ ਭੈਣ ਧਾਰਮਿਕ ਸੁਭਾਅ ਦੀ ਸੀ ਅਤੇ 2002 ਤੋਂ ਢੱਡਰੀਆਂ ਵਾਲੇ ਦੀ ਪੈਰੋਕਾਰ ਬਣ ਗਈ ਸੀ। ਉਹ ਬਕਾਇਦਾ ਉੱਥੇ ਜਾ ਕੇ ਸੇਵਾ ਕਰਦੀ ਸੀ ਤੇ ਬਹੁਤ ਸ਼ਰਧਾ ਸੀ। ਭਰਾ ਨੇ ਪਟੀਸ਼ਨ ’ਚ ਦੋਸ਼ ਲਾਇਆ ਹੈ ਕਿ 22 ਅਪ੍ਰੈਲ 2012 ਨੂੰ ਉਸ ਨੂੰ ਫੋਨ ਆਇਆ ਤੇ ਮਾਮਲੇ ਨੂੰ ਸੁਲਝਾਉਣ ਲਈ ਡੇਰੇ ’ਚ ਆਉਣ ਲਈ ਕਿਹਾ, ਜਿਸ ਤੋਂ ਬਾਅਦ ਉੱਥੇ ਚਲੀ ਗਈ । ਡੇਰੇ ਪਹੁੰਚ ਕੇ ਉਸ ਨੂੰ ਘਰ ਫੋਨ ਆਇਆ ਤੇ ਦੱਸਿਆ ਕਿ ਉਸ ਨੂੰ ਜ਼ਹਿਰ ਦੇ ਦਿੱਤਾ ਹੈ। ਇਸ ਤੋਂ ਬਾਅਦ ਉਸ ਦੀ ਭੈਣ ਦੀ ਮੌਤ ਹੋ ਗਈ।

## ਜਲੰਧਰ ਬਾਈਪਾਸ ‘ਤੇ 14 ਸਾਲਾ ਬੱਚੇ ਦਾ ਹੈਰਾਨੀਜਨਕ ਕਾਰਾ

ਲੁਧਿਆਣਾ 8 ਦਸੰਬਰ। ਜਲੰਧਰ ਬਾਈਪਾਸ ਚੌਕ ਨੇੜੇ ਹੋਲਸੇਲ ਹਾਰਡਵੇ੍ਰ ਮਾਰਕੀਟ ਵਿਚ ਦੇ ਕਾਰੋਬਾਰੀ ਵੱਲੋਂ ਖੜ੍ਹੀ ਕੀਤੀ ਇਨੋਵਾ ਗੱਡੀ ਤੋਂ ਤਕਰੀਬਨ 14 ਸਾਲਾਂ ਦੇ ਬੱਚੇ ਨੇ ਹੱਥ ਦੀ ਸਫਾਈ ਦਿਖਾਉਂਦਿਆਂ ਨਕਦੀ ਨਾਲ ਭਰਿਆ ਬੈਗ ਚੋਰੀ ਕਰ ਲਿਆ। ਜਾਣਕਾਰੀ ਮੁਤਾਬਕ ਘਟਨਾ ਸ਼ੁੱਕਰਵਾਰ ਦੁਪਹਿਰ ਦੀ ਹੈ ਜੋ ਮਾਰਕੀਟ ਦੇ ਬਾਹਰ ਲੱਗੇ ਕੈਮਰੇ ਵਿਚ ਕੈਦ ਹੋ ਗਈ ਹੈ, ਜਿਸ ਵਿਚ ਸਾਫ ਤੌਰ ‘ਤੇ ਵੇਖਿਆ ਜਾ ਸਕਦਾ ਹੈ ਕਿ ਇਕ ਛੋਟਾ ਬੱਚਾ ਜੋ ਕਿ ਵਪਾਰੀ ਦੀ ਇਨੋਵਾ ਗੱਡੀ ਦੇ ਆਲੇ-ਦੁਆਲੇ ਲਗਾਤਾਰ ਘੁੰਮ ਰਿਹਾ ਸੀ ਤੇ ਮੌਕਾ ਮਿਲਦਿਆਂ ਹੀ ਉਸ ਨੇ ਗੱਡੀ ਵਿਚ ਪਿਆ ਲੱਖਾਂ ਰੁਪਏ ਨਾਲ ਭਰਿਆ ਬੈਗ ਚੋਰੀ ਕਰ ਲਿਆ। ਦੱਸਿਆ ਜਾ ਰਿਹਾ ਹੈ ਕਿ ਉਕਤ ਬੱਚਾ ਸ਼ਹਿਰ ਦੇ ਮੁੱਖ ਚੌਕ ਅਤੇ ਬੱਸਾਂ ਵਿਚ ਪੈੱਨ-ਪੈਂਸਿਲਾਂ ਵੇਚਣ ਦੀ ਆੜ ਵਿਚ ਆਪਣੇ ਸ਼ਿਕਾਰ ਨੂੰ ਲੱਭਣ ਦਾ ਕੰਮ ਕਰਦਾ ਹੈ।

# ਗੁਰਦਾਸਪੁਰ ਪੁਲਸ ਨੂੰ ਮਿਲੀ ਵੱਡੀ ਸਫਲਤਾ, ਹੈਰੋਇਨ ਤੇ ਡਰੱਗ ਮਨੀ ਸਮੇਤ 3 ਵਿਅਕਤੀ ਗ੍ਰਿਫਤਾਰ

ਗੁਰਦਾਸਪੁਰ 8 ਦਸੰਬਰ। ਜ਼ਿਲ੍ਹਾ ਪੁਲਸ ਗੁਰਦਾਸਪੁਰ ਨੂੰ ਅੱਜ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦ ਪੁਲਸ ਦੀ ਸਪੈਸ਼ਲ ਬ੍ਰਾਂਚ ਨੇ ਸ਼ੂਗਰ ਮਿੱਲ ਪਨਿਆੜ ਵਿਖੇ ਨਾਕਾਬੰਦੀ ਦੌਰਾਨ ਇਕ ਗੱਡੀ ’ਚ ਸਵਾਰ ਤਿੰਨ ਲੋਕਾਂ ਨੂੰ 288 ਗ੍ਰਾਮ ਹੈਰੋਇਨ, 16 ਲੱਖ 80 ਹਜ਼ਾਰ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫਤਾਰ ਕੀਤਾ। ਇਸ ਸਬੰਧੀ ਦੀਨਾਨਗਰ ਪੁਲਸ ਸਟੇਸ਼ਨ ’ਚ ਚਾਰ ਲੋਕਾਂ ਖ਼ਿਲਾਫ ਮਾਮਲਾ ਦਰਜ ਕੀਤਾ ਗਿਆ। ਇਸ ਸਬੰਧੀ ਗੱਲਬਾਤ ਕਰਦਿਆਂ ਐੱਸ.ਐੱਸ.ਪੀ ਦਯਾਮਾ ਹਰੀਸ਼ ਕੁਮਾਰ ਨੇ ਦੱਸਿਆ ਕਿ ਏ.ਐੱਸ.ਆਈ ਬਲਕਾਰ ਸਿੰਘ ਨੇ ਪੁਲਸ ਪਾਰਟੀ ਅਤੇ ਸਪੈਸ਼ਲ ਬ੍ਰਾਂਚ ਗੁਰਦਾਸਪੁਰ ਦੇ ਕਰਮਚਾਰੀਆਂ ਨਾਲ ਸ਼ੂਗਰ ਮਿੱਲ ਪਨਿਆੜ ਵਿਖੇ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਕਿ ਪਠਾਨਕੋਟ ਸਾਇਡ ਵੱਲੋਂ ਇਕ ਬਲੈਰੋ ਗੱਡੀ ਨੰਬਰ ਜੇਕੇ 02 ਡੀਡੀ0839 ਆਈ। ਜਿਸ ਵਿਚ ਅਮਨਦੀਪ ਸਿੰਘ, ਅਵਨੀਤ ਸਿੰਘ ਅਤੇ ਦਵਿੰਦਰ ਕੁਮਾਰ ਸਵਾਰ ਸਨ। ਜਿਸ ’ਤੇ ਗੱਡੀ ਨੂੰ ਸ਼ੱਕ ਦੇ ਆਧਾਰ ’ਤੇ ਰੋਕ ਕੇ ਬਲੈਰੋ ਗੱਡੀ ਵਿਚ ਨਸ਼ੀਲਾ ਪਦਾਰਥ ਹੋਣ ਦਾ ਸ਼ੱਕ ਹੋਇਆ। ਜਿਸ ’ਤੇ ਉਨ੍ਹਾਂ ਵੱਲੋਂ ਅਜੇ ਕੁਮਾਰ ਡੀ.ਐੱਸ.ਪੀ ਨਾਰਕੋਟਿਕ ਸੈੱਲ ਗੁਰਦਾਸਪੁਰ ਨੂੰ ਸੂਚਿਤ ਕੀਤਾ। ਜਿਨ੍ਹਾਂ ਦੀ ਮੌਜੂਦਗੀ ਵਿਚ ਦੋਸ਼ੀਆਂ ਦੀ ਅਤੇ



ਗੱਡੀ ਬਲੈਰੋ ਦੀ ਤਾਲਾਸ਼ੀ ਕੀਤੀ ਗਈ ਤਾਂ ਤਾਲਾਸ਼ੀ ਦੌਰਾਨ ਡਰਾਈਵਰ ਸੀਟ ਨਾਲ ਬੈਠੇ ਅਵਨੀਤ ਸਿੰਘ ਉਰਫ ਅਬੀ ਦੇ ਪੈਰਾਂ ਵਿਚ ਇਕ ਕਾਲੇ ਰੰਗ ਦਾ ਇਕ ਮੋਮੀ ਲਿਫਾਫਾ ਪਾਇਆ ਗਿਆ। ਜਿਸ ਨੂੰ ਖੋਲ ਕੇ ਜਦ ਚੈੱਕ ਕੀਤਾ ਗਿਆ ਤਾਂ ਉਸ ਵਿਚੋਂ 288 ਗ੍ਰਾਮ ਹੈਰੋਇਨ ਅਤੇ 16 ਲੱਖ 80 ਹਜ਼ਾਰ ਰੁਪਏ ਭਾਰਤੀ ਕਰੰਸੀ ਡਰੱਗ ਮਨੀ ਬਰਾਮਦ ਹੋਈ। ਐੱਸ.ਐੱਸ.ਪੀ ਨੇ ਦੱਸਿਆ ਕਿ ਜਦ ਦੋਸ਼ੀਆਂ ਤੋਂ ਪੁੱਛਗਿਛ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਇਹ ਪੈਸੇ ਸ਼ਕਤੀ ਵਾਸੀ ਬਿਸਨਾਂਹ ਜੰਮੂ ਨੇ ਅੰਮ੍ਰਿਤਸਰ ਤੋਂ ਹੈਰੋਇਨ ਖਰੀਦ ਕੇ ਲਿਆਉਣ ਲਈ ਦਿੱਤੇ ਹਨ। ਪੁਲਸ ਅਧਿਕਾਰੀ ਨੇ ਦੱਸਿਆ ਕਿ ਇਸ ਮਾਮਲੇ ’ਚ ਦੋਸ਼ੀ ਅਮਨਦੀਪ ਸਿੰਘ ਪੁੱਤਰ ਦੀਦਾਰ ਸਿੰਘ ਵਾਸੀ ਮੀਰਾ ਸਾਬ ਜ਼ਿਲ੍ਹਾ ਜੰਮੂ, ਅਵਨੀਤ ਸਿੰਘ ਉਰਫ ਅਬੀ ਪੁੱਤਰ ਬਿਕਰਮ ਸਿੰਘ ਵਾਸੀ ਮੁਹੰਮਦ ਯਾਰ ਥਾਣਾ ਆਰ.ਐੱਸ ਪੂਰਾ ਜੰਮੂ, ਦਵਿੰਦਰ ਕੁਮਾਰ ਉਰਫ ਰਾਹੁਲ ਕੁਮਾਰ ਪੁੱਤਰ ਦਰਸ਼ਨ ਲਾਲ ਵਾਸੀ ਚੱਕ ਮੁਹੰਮਦ ਜੰਮੂ ਅਤੇ ਸ਼ਕਤੀ ਵਾਸੀ ਬਿਸਨਾਂਹ ਜੰਮੂ ਦੇ ਖ਼ਿਲਾਫ ਮਾਮਲਾ ਦਰਜ ਕੀਤਾ ਗਿਆ। ਐੱਸ.ਐੱਸ.ਪੀ ਨੇ ਦੱਸਿਆ ਕਿ ਗ੍ਰਿਫਤਾਰ ਦੋਸ਼ੀਆਂ ਤੋਂ ਅਜੇ ਹੋਰ ਵੀ ਪੁੱਛਗਿਛ ਕੀਤੀ ਜਾ ਰਹੀ ਹੈ


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I hitherto known as GURLEEN D/o PIARA SINGH R/o Post Office Khadiala Sainian, Hoshiarpur, Punjab-146113, have changed my name and shall hereafter be known as GURLEEN KAUR, for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਖੜੋਤ ਦੀ ਨਿਸ਼ਾਨੀ ਹੁੰਦੀ ਹੈ ਸੰਤੁਸ਼ਟੀ

## ਬਿਕਰਮਜੀਤ ਨੂਰ



• ਹਰਮੀਤ ਸਿੰਘ ਅਟਵਾਲ
98155-05287



**ਰੂਬਰੂ**

**ਅੱਜ ਤਕ ਮਿਲੇ ਸਨਮਾਨਾਂ 'ਚੋਂ 'ਸੰਤ ਅਤਰ ਸਿੰਘ ਯਾਦਗਾਰੀ ਸਾਹਿਤਕ ਪੁਰਸਕਾਰ', ਮਾਤਾ ਮਾਨ ਕੌਰ ਯਾਦਗਾਰੀ ਮਿੰਨੀ ਕਹਾਣੀ ਸਨਮਾਨ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਇਨਾਮ ਜ਼ਿਕਰਯੋਗ ਹਨ...**

**• ਆਪਣੇ ਸੰਪਾਦਨ ਕਾਰਜ ਬਾਰੇ ਵੀ ਕੁਝ ਜਾਣਕਾਰੀ ਦਿਓ।**

'ਮਿੰਨੀ' ਤ੍ਰੈਮਾਸਿਕ ਦੇ ਲਗਾਤਾਰ 120 ਅੰਕ ਪ੍ਰਕਾਸ਼ਿਤ ਹੋ ਚੁੱਕੇ ਹਨ। ਹਰ ਸਾਲ ਅਕਤੂਬਰ-ਦਸਬੰਰ ਦਾ ਅੰਕ 'ਵਿਸ਼ੇਸ਼ ਅੰਕ' ਹੁੰਦਾ ਹੈ। ਇਸੇ ਵਿਸ਼ੇਸ਼ ਅੰਕ ਨੂੰ ਕਿਤਾਬੀ ਰੂਪ ਵੀ ਦੇ ਦਿੱਤਾ ਜਾਂਦਾ ਹੈ। ਇੰਜ, ਇਸ ਦੀ ਸੰਪਾਦਕੀ ਤਿੱਕੜੀ ਵੱਲੋਂ ਦੋ ਦਰਜਨ ਤੋਂ ਵੱਧ ਪੁਸਤਕਾਂ ਦੀ ਸੰਪਾਦਨਾ ਹੋ ਚੁੱਕੀ ਹੈ। ਇਹ ਸਫ਼ਰ ਹੁਣ ਵੀ ਜਾਰੀ ਹੈ।

ਦਸਮ ਪਿਤਾ ਜੀ ਦੀ ਚਰਨ ਛੂਹ ਪ੍ਰਾਪਤ ਗਿੱਦੜਬਾਹਾ ਮੰਡੀ 'ਤੇ ਮਾਣ ਮਹਿਸੂਸ ਕੀਤਾ ਜਾ ਸਕਦਾ ਹੈ ਕਿ ਡੇਢ ਦਰਜਨ ਤੋਂ ਵੱਧ ਮੌਲਿਕ ਪੁਸਤਕਾਂ ਦਾ ਰਚਨਾਕਾਰ ਬਿਕਰਮਜੀਤ ਨੂਰ ਇੱਥੋਂ ਦਾ ਨਿਵਾਸੀ ਹੈ। ਉੱਚ ਵਿੱਦਿਆ ਯੋਗਤਾ ਪ੍ਰਾਪਤ ਨੂਰ ਬਤੌਰ ਪੰਜਾਬੀ ਲੈਕਚਰਾਰ, ਅੱਠ ਸਾਲ ਪਹਿਲਾਂ ਪੰਜਾਬੀ ਸਕੂਲ ਸਿੱਖਿਆ ਬੋਰਡ ਦੁਆਰ ਚਲਾਏ ਜਾਂਦੇ ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਭਾਗ (ਸ੍ਰੀ ਮੁਕਤਸਰ ਸਾਹਿਬ) ਤੋਂ ਬੇਸ਼ਕ ਸੇਵਾ ਮੁਕਤ ਹੋ ਚੁੱਕਾ ਹੈ, ਪਰ ਉਸ ਦੇ ਲਿਖਣ ਕਾਰਜ 'ਚ ਖੜੋਤ ਬਿਲਕੁਲ ਨਹੀਂ ਆਈ। ਇਕ ਦਹਾਕੇ ਤੋਂ ਨੂਰ ਨਾਲ ਮੇਰੇ ਦੋਸਤਾਨਾ ਸਬੰਧ ਬਣੇ ਤੁਰੇ ਆ ਰਹੇ ਹਨ। ਮੈਂ ਉਸ ਦੀਆਂ ਕੁਝ ਪੁਸਤਕਾਂ ਪੜ੍ਹਨ ਦੀ ਵੀ ਖ਼ੁਸ਼ੀ ਹਾਸਲ ਕੀਤੀ ਹੈ। ਇਸ ਬਹੁ-ਵਿਧਾਵੀ ਸਾਹਿਤਕਾਰ ਦੀ ਲਿਖਤ ਵਿਚਲੀ ਗੰਭੀਰਤਾ ਅਤੇ ਰਹਿਰਾਈ ਇਕ ਸਮਰਪਤ ਪਾਠਕ ਨੂੰ ਟੁੰਬਦੀ ਅਥਵਾ ਪ੍ਰਭਾਵਿਤ ਕਰਦੀ ਹੈ। ਪੇਸ਼ ਹਨ ਉਸ ਨਾਲ ਕੀਤੀਆਂ ਕੁਝ ਗੱਲਾਂ-ਬਾਤਾਂ :

**• ਤੁਸੀਂ ਕਦੋਂ ਤੋਂ ਲਿਖ ਰਹੇ ਹੋ? ਤੁਹਾਡਾ ਪ੍ਰੇਰਣਾ ਸਰੋਤ ਕੌਣ ਹੈ?**

ਮੈਂ ਪਿਛਲੇ ਚਾਰ ਦਹਾਕਿਆਂ ਤੋਂ ਲਗਾਤਾਰ ਲਿਖ ਰਿਹਾ ਹਾਂ। ਸ਼ੁਰੂਆਤ ਮੇਰੀ ਕਵਿਤਾ, ਖ਼ਾਸਕਰ 'ਗ਼ਜ਼ਲ' ਤੋਂ ਹੀ ਹੋਈ। 1983 'ਚ ਮੇਰਾ ਪਲੇਠਾ ਗ਼ਜ਼ਲ ਸੰਗ੍ਰਹਿ 'ਅਹਿਸਾਸ ਦੇ ਪਰਛਾਵੇਂ' ਪ੍ਰਕਾਸ਼ਿਤ ਹੋਇਆ। ਤੀਖਣ ਅਨੁਭਵ-ਸਮਰੱਥਾ, ਅੰਤਰ-ਮੁੱਖੀ ਤੇ ਚਿੰਤਨਸ਼ੀਲ ਸੁਭਾਅ, ਘਰ ਦੀ ਮੰਦੀ ਆਰਥਕ ਹਾਲਤ, 'ਪੜ੍ਹੇ ਲਿਖੇ ਹੋਣ ਦੇ ਬਾਵਜੂਦ ਵੀ ਚਾਰ ਸਾਲ ਦੀ ਬੇਰੋਜ਼ਗਾਰੀ ਦਾ ਸੰਤਾਪ ਭੋਗਣਾ ਮੇਰੀ 'ਕਵਿਤਾ ਦੇ ਰਾਹ ਦਿਸੇਰੇ ਹੋ ਨਿਬੜੇ। ਇਸ ਦੇ ਇਲਾਵਾ ਮੈਂ ਨਾਨਕ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਪ੍ਰੋ. ਮੋਹਨ ਸਿੰਘ ਅਤੇ ਕਰਤਾਰ ਸਿੰਘ ਦੁੱਗਲ ਆਦਿ ਲੇਖਕਾਂ ਤੋਂ ਵੀ ਕਾਫ਼ੀ ਪ੍ਰਭਾਵਤ ਹੋਇਆ। ਪਰੰਤੂ ਸੱਚ ਤਾਂ ਇਹ ਹੈ ਕਿ ਹਰ ਬੰਦਾ (ਲੇਖਕ) ਆਪਣਾ 'ਗੁਰੂ' ਆਪ ਹੀ ਹੁੰਦਾ ਹੈ।

**• ਕਵਿਤਾ ਤੋਂ ਬਾਅਦ ਇਕਦਮ ਮਿੰਨੀ ਕਹਾਣੀ ਵੱਲ ਕਿਵੇਂ ਆ ਗਏ?**

1983 ਤੋਂ ਬਾਅਦ ਮੈਂ ਪੰਜ-ਛੇ ਸਾਲ ਚੁੱਪ ਹੀ ਰਿਹਾ। ਨਵੰਬਰ, 1979 'ਚ ਮੈਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਨੰਦਗੜ੍ਹ (ਬਠਿੰਡਾ) ਵਿਖੇ ਅਧਿਆਪਕ ਵਜੋਂ ਨਿਯੁਕਤ ਹੋ ਗਿਆ। ਘਰ (ਫਰੀਦਕੋਟ) ਤੋਂ ਦੂਰੀ ਨਵੀਂ ਨੌਕਰੀ ਦੀਆਂ ਸਮੱਸਿਆਵਾਂ, ਨੌਕਰੀ ਪੇਸ਼ਾ ਬੀਵੀ ਦੇ ਨਿੱਕੇ ਜਿਹੇ ਬੱਚੇ ਦੇ ਫ਼ਿਕਰ ਨੇ ਸਾਨੂੰ ਕਾਫ਼ੀ ਉਲਝਾਈ ਰੱਖਿਆ। ਇਸ 'ਦੂਰੀ' ਰੂਪੀ ਸੰਕਟ ਮਈ ਸਮੇਂ ਦੌਰਾਨ ਵੀ ਕਿਤਾਬਾਂ ਹਮੇਸ਼ਾ ਹੀ ਮੇਰੇ ਅੰਗ-ਸੰਗ ਰਹੀਆਂ। ਖ਼ਾਸ ਤੌਰ 'ਤੇ ਨਾਵਲ ਪ੍ਰਤੀ ਮੇਰਾ ਝੁਕਾਅ ਬਣਿਆ ਹੀ ਰਿਹਾ। 1988-89 'ਚ ਮੈਂ ਇਕ ਨਾਵਲ ਲਿਖਿਆ, ਜਿਸ ਦਾ ਸਿਰਲੇਖ ਰੱਖਿਆ 'ਸਾਜ਼ਿਸ਼'। ਇਹ ਪੂਰੇ ਦਾ ਪੂਰਾ ਨਾਵਲ ਗੋਨਿਆਣਾ ਮੰਡੀ ਤੋਂ ਛਪਦੇ ਮਾਸਿਕ ਪੱਤਰ 'ਭੁੱਲਰ ਏਕਤਾ' 'ਚ ਲੜੀਵਾਰ ਛਪਿਆ। ਫਿਰ, 1990 'ਚ ਇਸ ਨੂੰ 'ਪਾਗਲ ਹਵਾ' ਸਿਰਲੇਖ ਹੇਠ ਲੋਕਗੀਤ ਪ੍ਰਕਾਸ਼ਨ ਸਰਹਿੰਦ ਵੱਲੋਂ ਕਿਤਾਬੀ ਰੂਪ ਦੇ ਦਿੱਤਾ ਗਿਆ। 1976-77 'ਚ ਵੀ ਮੈਂ ਦੋ ਹੋਰ ਨਾਵਲ 'ਨਵੀਂ ਸਰਕਾਰ' ਅਤੇ 'ਅਲਵਿਦਾ' ਲਿਖੇ ਸਨ, ਜੋ ਕਿ ਅੱਜ ਤਕ ਖਰੜੇ ਦੇ ਰੂਪ 'ਚ ਹੀ ਸਾਂਭੇ ਪਏ ਹਨ। ਮਿੰਨੀ ਕਹਾਣੀ ਲੇਖਕ ਬੇਸ਼ਕ ਮੈਂ 1987 ਤੋਂ ਲਿਖਣੀ ਸ਼ੁਰੂ ਕਰ ਦਿੱਤੀ ਸੀ ਪਰ ਮੇਰਾ ਪਹਿਲਾ ਮਿੰਨੀ ਕਹਾਣੀ ਸੰਗ੍ਰਹਿ 'ਕਾਤਰਾਂ' 1992 'ਚ ਪ੍ਰਕਾਸ਼ਿਤ ਹੋਇਆ। ਇਸ ਉਪਰੰਤ 2012 ਤਕ ਸਮੇਂ ਸਮੇਂ 'ਤੇ ਅੱਧੀ ਦਰਜ਼ਨ ਹੋਰ ਮਿੰਨੀ ਕਹਾਣੀ- ਸੰਗ੍ਰਹਿ 'ਸ਼ਨਾਖ਼ਤ', 'ਅਣਕਿਹਾ', 'ਮੰਜ਼ਿਲ', 'ਮੇਰੀਆਂ ਮਿੰਨੀ ਕਹਾਣੀਆਂ', 'ਮੂਕ ਸ਼ਬਦਾਂ ਦੀ ਵਾਪਸੀ', 'ਦਸ ਸਾਲ ਹੋਰ' ਕਿਤਾਬੀ ਰੂਪ 'ਚ ਸਾਹਮਣੇ ਆਏ।

ਆਲੇ ਦੁਆਲੇ ਪ੍ਰਤੀ ਚੇਤਨਾ ਤਾਂ ਡੂੰਘੀ ਨੀਝ, ਵਿਸ਼ਾਲ ਅਧਿਐਨ, ਉੱਦਮ ਤੇ ਮਾਨਸਿਕ ਇਕਾਗਰਤਾ ਇਕ ਲੇਖਕ ਅੰਦਰਲੀ ਸਮਰੱਥਾ ਨੂੰ ਚਾਰ ਚੰਨ ਲਾ ਦਿੰਦੇ ਹਨ। ਮੈਂ ਇਸੇ ਦੇ ਬਲਬੂਤੇ ਨਿੱਕੀ ਤੋਂ ਨਿੱਕੀ ਅਤੇ ਵੱਡੀ ਤੋਂ ਵੱਡੀ ਰਚਨਾ ਲਿਖਣ ਜਾਂ ਸਿਰਜਣ ਦਾ ਕੁਝ ਹੱਦ ਤਕ ਉਪਰਾਲਾ ਕਰ ਸਕਿਆ ਹਾਂ। 'ਪਾਗ਼ਲ ਹਵਾ' ਤੋਂ ਬਾਅਦ ਵੀ ਮੇਰਾ ਨਾਵਲ ਦਾ ਸਫ਼ਰ ਜਾਰੀ ਰਿਹਾ ਅਤੇ ਮੈਂ 'ਗਲੀ ਨੰਬਰ ਚਾਰ', ਚੁੰਨੀ ਦਾ ਪੱਲਾ' ਅਤੇ 'ਸੰਨ ਸੰਤਾਲੀ ਤੋਂ ਬਾਅਦ' ਤਿੰਨ ਹੋਰ ਨਾਵਲਾਂ ਦੀ ਰਚਨਾ ਕੀਤੀ। ਕਿਉਂਕਿ ਪੱਤਰ ਪੱਤ੍ਰਿਕਾਵਾਂ 'ਚ ਮੇਰੀਆਂ ਮੌਲਿਕ ਅਤੇ ਅਨੁਵਾਦਿਤ ਮਿੰਨੀ ਕਹਾਣੀਆਂ ਲਘੂਕਥਾਵਾਂ ਵੱਡੀ ਗਿਣਤੀ 'ਚ ਛਪਦੀਆਂ ਰਹੀਆਂ ਹਨ। ਮੈਂ ਪਿਛਲੇ ਤਿੰਨ ਦਹਾਕਿਆਂ ਤੋਂ 'ਮਿੰਨੀ ਤ੍ਰੈ-ਮਾਸਿਕ ਦੇ ਸਹਿਯੋਗੀ ਸੰਪਾਦਕ ਵਜੋਂ ਆਪਦੇ ਫ਼ਰਜ਼ ਨਿਭਾਉਂਦਾ ਤੁਰਿਆ ਆ ਰਿਹਾ ਹਾਂ। ਮੇਰੇ ਨਾਂ ਨਾਲ 'ਮਿੰਨੀ ਕਹਾਣੀਕਾਰ' ਜੁੜ ਜਾਣਾ ਅਸੁਭਾਵਿਕ ਨਹੀਂ।

**• ਤੁਸੀਂ ਇਕ ਵਧੀਆ ਅਨੁਵਾਦਕ ਅਤੇ ਸਮੀਖਿਆਕਾਰ ਵਜੋਂ ਵੀ ਜਾਣੇ ਜਾਂਦੇ ਹੋ?**

ਅਦਾਰਾ 'ਮਿੰਨੀ' ਵੱਲੋਂ ਹੁਣ ਤਕ ਛੱਬੀ ਸਾਲਾਨਾ ਅੰਤਰਰਾਜੀ 'ਜੁਗਨੂੰਆਂ ਦੇ ਅੰਗਸੰਗ' ਸਮਾਗਮ ਕਰਵਾਏ ਜਾ ਚੁੱਕੇ ਹਨ। ਇਨ੍ਹਾਂ ਸਮਾਗਮਾਂ 'ਚ ਪੰਜਾਬੀ ਨਾਲ-ਨਾਲ ਵੱਡੀ ਗਿਣਤੀ 'ਚ ਹਿੰਦੀ ਦੇ ਲਘੂ ਕਥਾਕਾਰ ਵੀ ਸ਼ਾਮਲ ਹੁੰਦੇ ਰਹੇ ਹਨ। ਇੰਜ ਲੰਬੇ ਅਰਸੇ ਤਕ ਹਿੰਦ ਲਘੂਕਥਾ ਪ੍ਰਤੀ ਦਿਲਚਸਪੀ ਬਣੀ ਹੀ ਰਹੀ। ਮੈਂ ਢਾਈ ਸੌ ਤੋਂ ਵੱਧ ਲਘੂ ਕਥਾਵਾਂ ਦੇ ਪੰਜਾਬੀ 'ਚ ਅਨੁਵਾਦ ਕਰ ਚੁੱਕਾ ਹਾਂ। ਪ੍ਰਕਾਸ਼ਿਤ ਵੀ ਹੁੰਦੀਆਂ ਰਹੀਆਂ ਹਨ ਪੰਜਾਬੀ ਟ੍ਰਿਬਿਊਨ, ਅਜੀਤ, ਜਗਬਾਣੀ, ਨਵਾਂ ਜ਼ਮਾਨਾ ਆਦਿ ਅਖ਼ਬਾਰਾਂ ਵਿਚ। ਕੁਝ ਚੋਣਵੀਆਂ ਲਘੂ ਕਥਾਵਾਂ 'ਤਪਸ਼' ਸਿਰਲੇਖ ਹੇਠ ਪੁਸਤਕ ਰੂਪ ਵੀ ਦੇ ਚੁੱਕਾ ਹਾਂ। ਇਕ ਲਘੂ ਨਾਲ 'ਪਾਪੀ' ਦਾ ਅਨੁਵਾਦ ਕੀਤਾ ਹੈ। ਡੇਢ ਦਰਜਨ ਤੋਂ ਵੱਧ ਲੰਬੀਆਂ ਹਿੰਦੀ ਕਹਾਣੀਆਂ ਦੇ ਅਨੁਵਾਦ ਕੀਤੇ ਹਨ।

ਕਿਤਾਬਾਂ ਪੜ੍ਹਦੇ ਰਹਿਣ ਤੇ ਜਨੂੰਨ ਨੇ ਸਮੀਖਿਆ ਵਾਲੇ ਪਾਸੇ ਵੀ ਜੋੜ ਦਿੱਤਾ। ਮੇਰੀ ਇੱਛਾ 'ਤੇ ਫੁੱਲ ਚੜ੍ਹਾਉਂਦਿਆਂ, ਪੰਜਾਬੀ ਦੇ ਕੁਝ ਅਖ਼ਬਾਰ ਅਤੇ ਰਿਸਾਲਿਆਂ ਵੱਲੋਂ ਮੈਨੂੰ ਪਿਛਲੇ ਲੰਬੇ ਅਰਸੇ ਤੋਂ ਲਗਪਗ ਸਾਰੀਆਂ ਵਿਧਾਵਾਂ ਦੀਆਂ ਪੁਸਤਕਾਂ ਦੀ ਪ੍ਰਾਪਤੀ ਹੁੰਦੀ ਰਹੀ ਹੈ ਮੈਂ ਹੁਣ ਕ ਕੁੱਲ ਮਿਲਾ ਕੇ ਸਾਢੇ ਪੰਜ ਸੌ ਦੇ ਕਰੀਬ ਪੁਸਤਕਾਂ ਦੇ ਰੀਵਿਊ ਕਰ ਚੁੱਕਾ ਹਾਂ। ਇਹ ਸਿਲਸਿਲਾ ਅਜੇ ਵੀ ਜਾਰੀ ਹੈ।

**• ਪੁਸਤਕ ਰੀਵਿਊ ਦੇ ਝੰਜਟ ਨੇ ਤੁਹਾਡੀ ਮੌਲਿਕ ਲੇਖਣੀ 'ਚ ਫ਼ਰਕ ਤਾਂ ਪਾਇਆ ਹੋਵੇਗਾ?**

ਨਹੀਂ, ਮੈਂ ਅਜਿਹਾ ਮਹਿਸੂਸ ਨਹੀਂ ਕਰਦਾ। ਸਗੋਂ ਕਿਤਾਬ ਪੜ੍ਹ ਕੇ ਉਸ ਦੀ ਸੰਖੇਪ ਸਮੀਖਿਆ ਕਰਨੀ, ਗੁਣ-ਔਗੁਣ ਲਿਖਣੇ ਇਕ ਔਖੀ ਪਰੀਖਿਆ ਪਾਸ ਕਰਨ ਵਾਂਗ ਲਗਦੀ ਰਹੀ ਹੈ। ਪੱਥਰ ਨਾਲ ਪੀਸ ਪੀਸ ਕੇ ਬਾਰੀਕ ਕੀਤੀ ਮਹਿੰਦੀ ਦੇ ਰੰਗ ਵਾਂਗ ਮੇਰੀ ਲੇਖਣਤੀ ਹੋਰ 'ਗੂੜ੍ਹੀ' ਹੁੰਦੀ ਚਲੀ ਗਈ। ਨੀਝ ਅਤੇ ਗੰਭੀਰਤਾ 'ਚ ਵਾਧਾ ਹੋਇਆ। ਸਾਹਿਤਕ ਖੇਤਰ 'ਚ ਹੋਰ ਜਾਣ-ਪਛਾਣ ਵੱਧਣ ਲੱਗੀ। 'ਕਾਹਲ', 'ਠਰ੍ਹੰਮੇ' ਦਾ ਰੂਪ ਲੈਣ ਲਗ ਪਈ। ਰੀਵਿਊਕਾਰੀ ਨੂੰ ਜਿਹੜੇ ਕੁਝ ਸੱਜਣ 'ਵਿਹਲੇ ਲੋਕਾਂ ਦਾ ਕੰਮ ਕਹਿ ਕੇ ਨਿੰਦ ਦਿੰਦੇ ਹਨ।' ਉਹ ਖ਼ੁਦ ਵੀ ਆਪਣੀਆਂ ਪੁਸਤਕਾਂ ਦੀਆਂ ਚਰਚਾਵਾਂ ਦੀ ਸ਼ਿੱਦਤ ਨਾਲ ਉਡੀਕ ਕਰਦੇ ਰਹਿੰਦੇ ਹਨ। ਉਹ ਅੰਦਰੋਂ ਖ਼ੁਸ਼ ਵੀ ਹੁੰਦੇ ਹਨ।

**• ਕਿੱਥੇ ਮਿੰਨੀ ਕਹਾਣੀ ਅਤੇ ਕਿੱਥੇ ਵੱਡ ਆਕਾਰੀ ਨਾਵਲਾਂ ਦੀਆਂ ਗੱਲਾਂ? ਨੂਰ ਜੀ, ਇਹ ਕਿਵੇਂ ਸੰਭਵ ਹੋਇਆ?**

ਮੈਂ ਹਮੇਸ਼ਾ ਨੈਤਿਕ ਫ਼ਰਜ਼ ਸਮਝ ਕੇ ਲਿਖਦਾ ਰਿਹਾ ਹਾਂ। ਬੇਸ਼ਕ ਇਹ ਮਿੰਨੀ ਕਹਾਣੀ ਸੀ, ਗ਼ਜ਼ਲ, ਕਾਵਿ-ਵਿਅੰਗ, ਵਾਰਤਕ ਲੇਖ ਜਾਂ ਫਿਰ ਨਾਵਲ ਜ਼ਿੰਦਗੀ ਦੇ ਵਿਸ਼ਾਲ ਤਜ਼ਰਬੇ, ਡੂੰਘੇ ਅਧਿਐਨ ਤੋਂ ਬਗ਼ੈਰ ਅਜਿਹਾ ਕਤੱਈ ਸੰਭਵ ਨਹੀਂ ਹੋ ਸਕਦਾ। ਨਾ ਤਾਂ ਸੌਖੀ ਮਿੰਨੀ ਕਹਾਣੀ ਲਿਖਣ ਹੈ ਅਤੇ ਨਾ ਹੀ ਨਾਵਲ ਨਾ ਕੋਈ ਹੋਰ ਸਾਹਿਤ ਰੂਪ। 'ਸ਼ੌਕ' ਦੇ ਤੌਰ 'ਤੇ ਕੁਝ ਵੀ ਚੰਗਾ ਲਿਖਿਆ ਨਹੀਂ ਜਾ ਸਕਦਾ। ਜਿੰਨੀ ਮਿਹਨਤ 'ਵਿਸਥਾਰ' ਨੂੰ ਸਮੇਟਣ ਲਈ ਲਾਜ਼ਮੀ ਹੁੰਦੀ ਹੈ, ਉਸ ਤੋਂ ਵੱਧ ਔਖਾ ਕੰਮ ਕੁੱਜੇ 'ਚ ਸਮੁੰਦਰ ਬੰਦ ਕਰਨਾ ਹੁੰਦਾ ਹੈ। ਪਰੰਤੂ ਇਕ ਸਮਰੱਥ ਲੇਖਕ ਲਈ ਕਿਤੇ ਕੋਈ ਮੁਸ਼ਕਿਲ ਪੇਸ਼ ਨਹੀਂ ਆਉਂਦੀ।

**• ਕੀ 'ਵਿਸ਼ਾ ਚੋਣ' ਸਮੇਂ ਤੁਹਾਨੂੰ ਕੋਈ ਖ਼ਾਸ ਤਰੱਦਦ ਕਰਨਾ ਪੈਂਦਾ ਹੈ?**

ਬਿਲਕੁਲ ਨਹੀਂ! ਅੱਖਾਂ ਖੁੱਲ੍ਹੀਆਂ ਹੋਣੀਆਂ ਚਾਹੀਦੀਆਂ ਹਨ। ਫਿਰ ਵਿਸ਼ੇ ਹੀ ਵਿਸ਼ੇ, ਮਿੰਨੀ ਕਹਾਣੀ 'ਚ ਤਾਂ ਬਸ ਇਕ 'ਤੰਦ' ਜਿਹੀ ਹੀ ਫੜਨੀ ਹੁੰਦੀ ਹੈ। ਥੋੜ੍ਹੇ 'ਚ ਬਹੁਤਾ ਕਹਿ ਦਿੱਤਾ ਜਾਂਦਾ ਹੈ। ਨਾਵਲ 'ਚ 'ਹੱਡਬੀਤੀ' ਨੂੰ 'ਜਗਬੀਤੀ' (ਨਿੱਜ ਤੋਂ ਪਰ) ਨਾਲ ਸੰਮਿਲਿਤ ਕਰਦਦਿਆਂ ਇਸ ਦਾ ਸਾਧਾਰਨੀਕਰਨ ਕਰਨਾ ਹੁੰਦਾ ਹੈ। ਵਿਸ਼ੇ ਇਕ ਤੋਂ ਵੱਧ ਵੀ ਹੋ ਸਕਦੇ ਹਨ। 'ਪਾਗਲ ਹਵਾ' ਨਾਵਲ 'ਚ ਮੈਂ ਪਰੀਖਿਆਵਾਂ 'ਚ ਹੁੰਦੀ ਵੱਡੇ ਪੱਧਰ ਦੀ ਨਕਲ ਰੂਪੀ ਪਾਗਲ ਹਵਾ ਨੂੰ ਵਿਸ਼ਾ ਬਣਾਇਆ ਹੈ। ਇਕ ਸ਼ਰਾਬੀ-ਕਬਾਬੀ ਅਤੇ ਮਾੜੇ ਕਿਰਦਾਰ ਦੇ ਸਕੂਲ ਮੁੱਖੀ ਦਾ ਚਿਤਰਣ ਕੀਤਾ ਹੈ; ਜੋ ਕਿ ਤਥਾ ਕਥਿਤ 'ਅੱਤਵਾਦੀਆਂ' ਤੋਂ ਆਪਣੇ ਵਿਰੋਧੀਆਂ ਨੂੰ ਨੁਕਸਾਨ ਪਹੁਚਾਉਣ ਅਥਵਾ ਕਤਲ ਕਰਵਾਉਣ ਤਕ ਦੀ ਨੀਚ ਹਰਕਤ ਵੀ ਕਰ ਗੁਜ਼ਰਦਾ ਹੈ। 'ਸੰਨ ਸੰਤਾਲੀ ਤੋਂ ਬਾਅਦ' 'ਚ ਮੈਂ ਸੰਤਾਲੀ ਦੀ 'ਵੰਡ' ਦੇ ਸੰਤਾਪ ਦੀ ਵਿਸਤ੍ਰਿਤ ਗੱਲ ਕੀਤੀ ਹੈ। ਅਰਥਾਤ ਉਜਾੜੇ-ਪੁੱਜੜੇ ਲੋਕ, ਸਖ਼ਤ ਮਿਹਨਤ ਕਰਨੇ ਕਿਵੇਂ ਮੁੜ ਤੋਂ 'ਘਰਾਂ ਬਾਰਾਂ ਵਾਲੇ' ਬਣੇ? 'ਗਲੀ ਨੰਬਰ ਚਾਰ' 'ਚ ਵੀ ਕੁਝ ਅਣਗਾਉਲੀਆਂ ਨਿੱਕੀਆਂ-ਨਿੱਕੀਆਂ ਘਟਨਾਵਾਂ ਨੂੰ ਕਲਾਤਮਕ ਵਿਸਥਾਰ ਦਿੱਤਾ ਗਿਆ ਹੈ।

**• ਪੁਸਤਕ 'ਇਕੱਤੀ ਦਿਨ' ਕਾਫ਼ੀ ਚਰਚਾ 'ਚ ਰਹੀ ਹੈ। ਕੀ ਕਹੋਗੇ?**

'ਇਕੱਤੀ ਦਿਨ' 'ਚ ਬਾਲਾਂ/ ਨਵਯੁਵਕਾਂ ਨੂੰ ਸੰਬੋਧਨ ਕਰਕੇ ਇਕੱਤੀ ਮਨੋਵਿਗਿਆਨਕ ਲਘੂ ਲੇਖ ਦਰਜ ਕੀਤੇ ਗਏ ਹਰ ਰੋਜ਼ ਦਾ ਇਕ 'ਅੱਜ ਦਾ ਵਿਚਾਰ'। ਹਰ ਲੇਖ ਦੇ ਸ਼ੁਰੂ 'ਚ ਬੱਚਿਆਂ ਦੀ ਸ਼ਖ਼ਸੀਅਤ, ਸੁਭਾਅ, ਉੱਚੇ-ਸੁੱਚੇ ਖ਼ਿਆਲਾਂ ਸੱਚਾਈ, ਈਮਾਨਦਾਰੀ, ਮਿਹਨਤ, ਸਮੇਂ ਦੀ ਕਦਰ ਆਦਿ ਨਾਲ ਸੰਬੰਧਤ ਇਕ ਪ੍ਰਸ਼ਨ ਪੈਦਾ ਕਰਕੇ, ਉਸ ਦਾ ਵਿਸਥਾਰ ਕਰਦਿਆਂ ਖ਼ੁਦ ਜਵਾਬ ਦਿੱਤਾ ਗਿਆ ਹੈ। ਇਹ ਵਾਰਤਕ ਦਾ ਇਕ ਨਵੀਨ ਉਸਾਰੂ ਵਿਸ਼ਾ ਹੈ, ਜਿਸ ਕਾਰਨ ਬੱਚਿਆਂ ਅੰਦਰਲੀ ਉਤਸੁਕਤਾ ਬਣੀ ਰਹਿੰਦੀ ਹੈ ਅਤੇ ਉਨ੍ਹਾਂ ਦੇ ਗਿਆਨ 'ਚ ਵੀ ਸਹਿਜੇ ਹੀ ਵਾਧਾ ਹੋ ਜਾਂਦਾ ਹੈ।

**• ਸਵੈਜੀਵਨੀ 'ਉਹ ਤੇਰ੍ਹਾਂ ਸਾਲ' ਤੋਂ ਬਾਅਦ ਦੇ ਵਕਤ (ਜ਼ਿੰਦਗੀ) ਦਾ ਜ਼ਿਕਰ ਕਦੋਂ ਤਕ?**

ਆਪਣੀ ਸਵੈਜੀਵਨੀ 'ਉਹ ਤੇਰ੍ਹਾਂ ਸਾਲ' 'ਚ ਮੈਂ ਆਪਣੇ ਬਚਪਨ ਦੇ ਪਹਿਲੇ ਤੇਰ੍ਹਾਂ ਸਾਲਾਂ ਦੀਆਂ ਯਾਦਾਂ ਨੂੰ ਵਿਸਥਾਰ ਨਾਲ ਲਿਖਣ ਦਾ ਉਪਰਾਲਾ ਕੀਤਾ ਹੈ। ਮੇਰਾ ਜਨਮ 8 ਅਗਸਤ, 1952 ਮੁਤਾਬਕ 5 ਭਾਦੋਂ, ਸੰਮਤ 2009 ਨੂੰ ਪਿੰਡ ਨਿੰਬੂਆ, ਤਹਿਸੀਲ ਡੇਰਾ ਬਸੀ ਜ਼ਿਲ੍ਹਾ ਅੰਬਾਲਾ ਵਿਖੇ ਹੋਇਆ। ਇਸੇ ਪਿੰਡ ਦ ਪ੍ਰਾਇਮਰੀ ਸਕੂਲ ਤੋਂ ਮੈਂ 1965 'ਚ ਪੰਜਵੀਂ ਜਮਾਤ ਪਾਸ ਕੀਤੀ। ਪੰਜ ਦਹਾਕੇ ਪਹਿਲਾਂ ਦਾ ਜਿੰਨਾ ਕੁ ਸਮਾਂ ਮੇਰੇ ਚੇਤੇ ਦੀ ਚੰਗੇਰ 'ਚ ਸਾਂਭਿਆ ਪਿਆ ਸੀ, ਮੈਂ ਲਿਖ ਦਿੱਤਾ। ਪਿੰਡ, ਮਾਂ-ਬਾਪ, ਅਧਿਆਪਕ, ਯਾਰ-ਬੇਲੀ ਘਰੇਲੂ ਆਰਥਕ, ਮੰਦਹਾਲੀ, ਕੁਝ ਹੋਰ ਵਿਸ਼ੇਸ਼ ਪਾਤਰ ਆਦਿ। ਪੁਸਤਕ ਨੂੰ ਉਹ 'ਤੇਰ੍ਹਾਂ ਸਾਲ' ਇਸ ਲਈ ਦਿੱਤਾ ਗਿਆ ਹੈ ਕਿ ਇਸ ਤੋਂ ਬਾਅਦ ਦੀ ਜ਼ਿੰਦਗੀ ਬਾਰੇ ਕੁਝ ਨਾ ਵੀ ਲਿਖਿਆ ਜਾ ਸਕੇ, ਤਾਂ ਇਹ ਰਚਨਾ ਆਪਣੇ ਆਪ 'ਚ 'ਸੰਪੂਰਨ' ਹੀ ਹੈ।

**• ਆਲੋਚਕਾਂ ਵੱਲੋਂ ਕੀ ਤੁਹਾਡੀਆਂ ਪੁਸਤਕਾਂ ਦਾ ਨੋਟਿਸ ਲਿਆ ਗਿਆ ਹੈ?**

ਕੋਈ ਬਹੁਤ ਜ਼ਿਆਦਾ ਤਾਂ ਨਹੀਂ, ਪਰ ਸਮੇਂ ਸਮੇਂ 'ਤੇ ਪ੍ਰਕਾਸ਼ਿਤ ਹੋਈਆਂ ਮੇਰੀਆਂ ਕਿਤਾਬਾਂ 'ਤੇ ਗੋਸ਼ਟੀਆਂ ਦੌਰਾਨ ਕੁਝ ਵਿਦਵਾਨਾਂ ਦੁਆਰਾ ਪੇਪਰ ਜ਼ਰੂਰ ਪੜ੍ਹੇ ਗਏ ਹਨ। ਅਖ਼ਬਾਰ-ਰਿਸਾਲਿਆਂ 'ਚ ਸਮੀਖਿਆਵਾਂ ਛਪਦੀਆਂ ਰਹੀਆਂ ਹਨ। ਪਾਠਕਾਂ ਦੇ ਫੋਨ ਆਉਂਦੇ ਰਹਿੰਦੇ ਹਨ। ਕਦੇ ਚਿੱਠੀ-ਪੱਤਰ ਵੀ। ਮਿੰਨੀ ਕਹਾਣੀ 'ਤੇ ਐੱਮ ਫਿਲ, ਪੀਐੱਚਡੀ, ਹੋ ਚੁੱਕੀ ਹੈ। ਉੱਥੇ ਵੀ ਮੇਰੀਆਂ ਰਚਨਾਵਾਂ ਦਾ ਜ਼ਿਕਰ ਤੇ ਹਵਾਲੇ ਸ਼ਾਮਲ ਕੀਤੇ ਗਏ ਹਨ। ਡਾ. ਈਸ਼ਰ ਸਿੰਘ ਤਾਂਘ, ਡਾ. ਬਲਦੇਵ ਸਿੰਘ ਧਾਲੀਵਾਲ, ਕਹਾਣੀ ਦੇ ਇਤਿਹਾਸ 'ਚ ਮੇਰੀ ਹਾਜ਼ਰੀ ਲਗ ਚੁੱਕੀ ਹੈ। ਬਾਕੀ ਆਪਣੀ 'ਚਰਚਾ' ਕਰਵਾਉਣ ਲਈ ਖ਼ੁਦ ਹੀ ਯਤਨਸ਼ੀਲ ਹੋਣਾ ਪੈਂਦਾ ਹੈ, ਜੋ ਕਿ ਮੇਰੇ ਪਾਸੋਂ ਹੋ ਨਹੀਂ ਸਕਿਆ।

**• ਪਰਿਵਾਰਕ ਸਹਿਯੋਗ ਮਿਲਦਾ ਹੈ?**

ਪਤਨੀ ਸੈਂਤੀ ਸਾਲ ਅਧਿਆਪਕਾ ਵਜੋਂ ਕਾਰਜਸ਼ੀਲ ਰਹੀ ਹੈ, ਘਰੇਲੂ ਰੁਝੇਵੇਂ ਵੱਖਰੇ! ਦੋਹਾਂ ਬੱਚਿਆਂ ਬੇਟਾ-ਬੇਟੀ ਨੇ ਵਿਗਿਆਨ ਦੀ ਪੜ੍ਹਾਈ ਕੀਤੀ ਹੈ। 'ਸਵਾਰੀ ਆਪਣੇ ਸਮਾਨ ਦੀ ਆਪ ਜ਼ਿੰਮੇਵਾਰ' ਵਾਂਗ ਅਸੀਂ ਖ਼ੁਦ ਹੀ ਸਰਕਾਰੀ ਸੇਵਾਵਾਂ ਨਿਭਾਉਣ ਦੇ ਨਾਲ ਸਾਹਿਤ ਦੇ ਖੇਤਰ 'ਚ ਵੀ ਡਟੇ ਰਹੇ। ਇਕ ਹੋਰ ਗੱਲ, ਪਰਿਵਾਰ ਵੱਲੋਂ ਬੇਸ਼ਕ ਸਹਿਯੋਗ ਨਾ ਮਿਲੇ, ਪਰ ਢਾਹੂ ਕਿਸਮ ਦਾ ਵਿਰੋਧ ਨਹੀਂ ਹੋਣਾ ਚਾਹੀਦਾ। ਮੈਂ ਇਸੇ ਨੂੰ 'ਸਹਿਯੋਗ ਕਹਿ ਸਕਦਾ ਹਾਂ, ਕਿ ਮੈਨੂੰ ਕਦੇ ਵੀ ਕਿਸੇ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਿਆ।

**• ਸੇਵਾ ਕਾਲ ਦੌਰਾਨ, ਇਕ ਅਧਿਆਪਕ ਹੋਣ ਦੇ ਨਾਤੇ ਤੁਸੀਂ ਕੀ ਮਹਿਸੂਸ ਕਰਦੇ ਰਹੇ ਹੋ?**

ਮੈਂ ਇਕ ਅਧਿਆਪਕ ਹੋਣ ਦੇ ਨਾਤੇ ਹਮੇਸ਼ਾ ਮਾਣ ਮਹਿਸੂ ਕਰਦਾ ਰਿਹਾ ਹਾਂ। ਮੈਂ ਇਕੱਤੀ ਸਾਲ ਬੱਚਿਆਂ ਨੂੰ ਪੰਜਾਬੀ ਵਿਸ਼ਾ ਪੜ੍ਹਾਉਂਦਾ ਰਿਹਾ ਹਾਂ। ਵਿਦਿਆਰਥੀਆਂ ਵੱਲੋਂ ਮੈਨੂੰ ਬਹੁਤ ਇੱਜ਼ਤ, ਮਾਣ ਤੇ ਸਤਿਕਾਰ ਮਿਲਿਆ ਹੈ। ਆਪਣੇ ਵਿਦਿਆਰਥੀਆਂ ਅੰਦਰ ਸਾਹਿਤਕ ਰੁਚੀਆਂ ਪੈਦਾ ਕਰਨ ਲਈ ਮੈਂ ਹਮੇਸ਼ਾ ਯਤਨਸ਼ੀਲ ਰਿਹਾ ਹਾਂ। ਸਿੱਖਿਆ ਬੋਰਡ ਵੱਲੋਂ ਕਰਵਾਏ ਜਾਂਦੇ ਵਿੱਦਿਅਕ ਮੁਕਾਬਲਿਆਂ (ਕਵਿਤਾ, ਭਾਸ਼ਣ, ਮੌਲਿਕ ਲਿਖਤ, ਸੁੰਦਰ ਲਿਖਾਰੀ ਆਦਿ) 'ਚ ਮੇਰੇ ਕੁਝ ਹੋਨਹਾਰ ਵਿਦਿਆਰਥੀਆਂ ਨੇ ਖੇਤਰ ਅਤੇ ਰਾਜ ਪੱਧਰ ਤਕ ਦੀਆਂ ਪ੍ਰਾਪਤੀਆਂ ਕੀਤੀਆਂ ਹਨ।

**• ਕੋਈ ਅਹੁਦੇਦਾਰੀਆਂ ਜਾਂ ਫਿਰ ਮਾਣ ਸਨਮਾਨ?**

ਮਿੰਨੀ ਤ੍ਰੈ ਮਾਸਿਕ ਦਾ ਸਹਿ-ਸੰਪਾਦਕ ਹੋਣਾ ਆਪਣੇ ਆਪ 'ਚ ਬਹੁਤ ਵੱਡੀ ਜ਼ਿੰਮੇਵਾਰੀ ਦਾ ਕੰਮ ਰਿਹਾ ਹੈ। ਇਸ ਦੇ ਇਲਾਵਾ ਮੈਂ ਪੰਜਾਬੀ ਸਾਹਿਤ ਸਭਾ, ਗਿੱਦੜਬਾਹਾ ਦਾ ਸਰਪ੍ਰਸਤ ਪੰਜਾਬੀ ਸਾਹਿਤ ਅਕਾਦਮੀ ਤੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦਾ ਜੀਵਨ ਮੈਂਬਰ ਵੀ ਹਾਂ। ਇਕ ਲੇਖਕ ਅਤੇ ਅਧਿਆਪਕ ਵਜੋਂ ਮੈਂ ਛੇ ਦਰਜਨ ਤੋਂ ਵੱਧ ਵਾਰ ਸਨਮਾਨਿਤ ਹੋ ਚੁੱਕਾ ਹਾਂ। ਇਨ੍ਹਾਂ 'ਚ 'ਸੰਤ ਅਤਰ ਸਿੰਘ ਯਾਦਗਾਰੀ ਸਾਹਿਤਕ ਪੁਰਸਕਾਰ', ਮਾਤਾ ਮਾਨ ਕੌਰ ਯਾਦਗਾਰੀ ਮਿੰਨੀ ਕਹਾਣੀ ਸਨਮਾਨ, ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਇਨਾਮ ਜ਼ਿਕਰਯੋਗ ਹਨ। ਸੱਤਰ ਅੱਸੀ ਹੋਰ ਸੰਪਾਦਤ ਪੁਸਤਕਾਂ 'ਚ ਮੇਰੀਆਂ ਰਚਨਾਵਾਂ ਸ਼ਾਮਲ ਹੋ ਚੁੱਕੀਆਂ ਹਨ। ਸਭ ਤੋਂ ਵੱਡੀ ਚੀਜ਼ ਤਾਂ 'ਸਵੈ-ਭਰੋਸਾ' ਹੁੰਦਾ ਹੈ। ਇਸ ਤੋਂ ਵੱਡਾ ਹੋਰ ਕੋਈ ਸਨਮਾਨ ਨਹੀਂ ਹੁੰਦਾ।

**• ਕੀ ਲਿਖਣ ਕਾਰਜ ਤੋਂ ਸੰਤੁਸ਼ਟ ਹੋ?**

'ਸੰਤੁਸ਼ਟ' ਸ਼ਬਦ ਦੇ ਅਰਥ ਬਹੁਤ ਵਿਸ਼ਾਲ ਹਨ। ਇੱਥੇ ਸ਼ਬਦ 'ਸਕੂਨ' ਇਸਤੇਮਾਲ ਕੀਤਾ ਜਾ ਸਕਦਾ ਹੈ। ਸੰਤੁਸ਼ਟੀ ਜਿੱਥੇ ਖੜੋਤ ਦੀ ਨਿਸ਼ਾਨੀ ਹੁੰਦੀ ਹੈ, ਉਥੇ 'ਸਕੂਨ' ਚਲਦੇ ਰਹਿਣ ਦਾ ਜ਼ਰੀਆ। ਜੇ ਮੈਂ ਆਪਣੀ 'ਲੇਖਣੀ' ਤੋਂ ਸੰਤੁਸ਼ਟ ਹੋ ਜਾਂਦਾ ਤਾਂ ਮੇਰੀ ਸਾਹਿਤਕ ਸਰਗਰਮੀ ਸਮਾਪਤ ਹੋ ਜਾਂਦੀ। •

---

# ਮੁੱਠੀ 'ਚ ਦੁਨੀਆ, ਦਿਲਾਂ 'ਚ ਦੂਰੀਆਂ

## ਇੰਟਰਨੈੱਟ ਦਾ ਜ਼ਮਾਨਾ

• ਗੁਰਸੇਵਕ ਚੁੱਘੇ ਖੁਰਦ
94632-59716

ਅੱਜ ਇੰਟਰਨੈੱਟ ਦਾ ਜ਼ਮਾਨਾ ਹੈ। ਇੰਟਰਨੈੱਟ ਨੇ ਸਾਰੀ ਦੁਨੀਆ ਨੂੰ ਮੁੱਠੀ ਵਿਚ ਬੰਦ ਕਰ ਦਿੱਤਾ ਹੈ। ਦੁਨੀਆ ਦੇ ਇਕ ਕੋਨੇ ਤੋਂ ਦੂਸਰੇ ਕੋਨੇ ਤਕ ਅਸੀਂ ਆਪਣਿਆਂ ਨਾਲ ਗੱਲਬਾਤ ਨੈੱਟ ਜ਼ਰੀਏ ਆਮ੍ਹਣੇ ਸਾਹਮਣੇ ਬੈਠ ਕੇ ਕਰ ਸਕਦੇ ਹਾਂ। ਵਟਸਐਪ ਗਰੁੱਪਾਂ, ਫੇਸਬੁੱਕ, ਟਵੀਟਰ ਰਾਹੀਂ ਅਸੀਂ ਆਪਣੀ ਜਾਣ ਪਛਾਣ ਵਾਲਿਆਂ ਨੂੰ ਦੂਰ ਬੈਠਿਆਂ ਨੂੰ ਵੀ ਲੱਭ ਲਿਆ ਹੈ। ਅਸੀਂ ਦੁਨੀਆ ਦੇ ਕੋਨੇ-ਕੋਨੇ ਵਿਚ ਬੈਠੇ ਲੋਕਾਂ ਨੂੰ ਆਪਣੇ ਦੋਸਤ ਬਣਾ ਲਿਆ ਹੈ। ਉਨ੍ਹਾਂ ਨਾਲ ਬੋਲ ਕੇ, ਲਿਖ ਕੇ ਗੱਲਬਾਤ ਕਰ ਸਕਦੇ ਹਾਂ। ਪੂਰੀ ਦੁਨੀਆ ਹਰ ਸਮੇਂ ਸਾਡੀ ਮੁੱਠੀ ਜਾਂ ਕਹਿ ਲਵੋ ਮੋਬਾਈਲ ਕਾਰਨ ਸਾਡੀ ਜੇਬ ਵਿਚ ਬੰਦ ਹੋ ਗਈ ਹੈ।

### ਪੈਸਾ ਅਤੇ ਸਮਾਂ ਬਰਬਾਦ

ਇੰਟਰਨੈੱਟ ਨੇ ਨਿੱਤ ਦਿਨ ਨਵੀਆਂ ਸਕੀਮਾਂ ਮਸ਼ਹੂਰੀਆਂ ਨੇ ਸਸਤੇ ਮੁੱਲ ਵਿੱਚ ਆਨਲਾਈਨ ਖਰੀਦਦਾਰ ਵਿੱਚ ਸਾਡੇ ਪੈਸੇ ਬਹੁਤ ਵਾਰ ਅਜਾਈਂ ਚਲਿਆ ਜਾਂਦੇ ਹਨ। ਬਹੁਤ ਸਾਰੇ ਠੱਗ ਗਰੋਹ ਵੀ ਨੈੱਟ ਤੇ ਮੌਜੂਦ ਹਨ ਜੋ ਭੋਲੇ ਭਾਲੇ ਤੇ ਪੜ੍ਹੇ ਲਿਖੇ ਲੋਕਾਂ ਨੂੰ ਆਪਣੀ ਚਾਲ ਵਿੱਚ ਫਿਸਾ ਲੈਂਦੇ ਹਨ। ਆਨਲਾਈਨ ਖ਼ਰੀਦਦਾਰੀ ਨੇ ਸਾਡੇ ਦੁਕਾਨਦਾਰਾਂ ਗਾਹਕਾਂ ਵਾਲਾ ਰਿਸ਼ਤਾ ਵੀ ਕਮਜ਼ੋਰ ਕਰ ਦਿੱਤਾ ਹੈ।



**ਇੰਟਰਨੈੱਟ ਮੋਬਾਈਲ ਨੇ ਭਾਵੇਂ ਸਾਨੂੰ ਪੂਰੀ ਦੁਨੀਆ ਨਾਲ ਜੋੜ ਦਿੱਤਾ ਹੈ ਪਰ ਅਸੀਂ ਆਪਣੇ ਆਂਢ-ਗੁਆਂਢ ਨਾਲੋਂ ਟੁੱਟ ਗਏ ਹਾਂ। ਅੱਜ ਇਸ ਤੋਂ ਵੱਧ ਅਫ਼ਸੋਸ ਕੀ ਹੋਣਾ ਏ ਕਿ ਅਸੀਂ ਆਪਣੀ ਗਲੀ ਮੁਹੱਲੇ, ਪਿੰਡ ਵਿਚ ਲੋਕਾਂ ਨਾਲ ਮਿਲਦੇ ਜੁਲਦੇ ਜਾਂ ਦੁੱਖ ਸੁੱਖ ਵਿਚ ਸ਼ਾਮਿਲ ਨਹੀਂ ਹੁੰਦੇ ...**

### ਪੁਰਾਣੇ ਸਾਥੀਆਂ ਤੇ ਨਵਿਆਂ ਨੂੰ ਲੱਭਣਾ ਆਸਾਨ

ਇੰਟਰਨੈੱਟ ਨੇ ਜਿੱਥੇ ਸਾਡੀ ਦੋਸਤੀ ਦਾ ਦਾਇਰਾ ਬਹੁਤ ਵਧਾ ਦਿੱਤਾ ਹੈ ਉੱਥੇ ਇਕ ਸਭ ਤੋਂ ਵੱਡਾ ਫ਼ਾਇਦਾ ਕਈ ਲੋਕਾਂ ਨੂੰ ਇਹ ਹੋਇਆ ਹੈ ਕਿ ਉਹ ਆਪਣਿਆਂ ਤੋਂ ਦੂਰ ਜਾ ਚੁੱਕੇ ਸਾਥੀਆਂ ਨੂੰ ਨੈੱਟ ਐਪ ਸਹਾਰੇ ਖੋਜ ਕੇ ਫਿਰ ਉਨ੍ਹਾਂ ਨੂੰ ਲੱਭ ਕੇ ਉਨ੍ਹਾਂ ਨਾਲ ਜੁੜ ਗਏ ਹਨ। ਪੁਰਾਣੇ ਸਾਥੀ ਸਕੂਲ, ਕਾਲਜਾਂ ਦੇ ਦੋਸਤ ਜਾਂ ਆਪਸੀ ਜਾਣ ਪਛਾਣ ਵਾਲੇ ਜੋ ਰੁਜ਼ਗਾਰ ਦੀ ਭਾਲ ਵਿਚ ਦੂਰ ਜਾਂ ਜੋ ਆਪਣੇ ਘਰਾਂ ਨੂੰ ਵਾਪਸ ਚਲੇ ਗਏ ਜੋ ਕਿਸੇ ਸਮੇਂ ਇਕੱਠੇ ਪੜ੍ਹਦੇ ਜਾਂ ਕੰਮ ਕਰਦੇ ਸਨ। ਇਸ ਦੇ ਨਾਲ ਨਾਲ ਅਸੀਂ ਆਪਣੀ ਸੋਚ ਦੇ ਹੋਰਨਾਂ ਵਿਅਕਤੀਆਂ ਦੇ ਸੰਪਰਕ ਵਿਚ ਆ ਗਏ ਹਾਂ। ਫੇਸਬੁੱਕ, ਵ੍ਹੱਟਸਐਪ ਆਦਿ ਵਿਚ ਇਕ ਵਿਸ਼ੇਸ਼ ਰੁਚੀ ਵਾਲੇ ਵਿਅਕਤੀਆਂ ਦੇ ਬਹੁਤ ਸਾਰੇ ਗਰੁੱਪ ਹਨ ਜਿਸ ਕਰਕੇ ਸਾਡੀ ਸੋਚ ਵਾਲੇ ਸੈਂਕੜੇ ਹਜ਼ਾਰਾਂ ਲੋਕ ਸਾਡੇ ਨਾਲ ਜੁੜ ਗਏ ਹਨ।

### ਕੰਮ ਤੋਂ ਭੜਕਿਆ ਧਿਆਨ

ਇੰਟਰਨੈੱਟ ਨੇ ਸਾਡਾ ਧਿਆਨ ਕੰਮ ਤੋਂ ਭੜਕਾ ਦਿੱਤਾ ਹੈ ਅਸੀਂ ਆਪਣੇ ਵਿਹਲੇ ਸਮੇਂ ਵਿਚ ਕੰਮ ਅਤੇ ਕੰਮ ਕਰਦੇ ਹੋਏ ਵੀ ਸਮੇਂ 'ਚੋਂ ਸਮਾਂ ਕੱਢ ਕੇ ਜਾਂ ਕੰਮ ਛੱਡ ਕੇ ਇੰਟਰਨੈੱਟ ਚੈੱਕ ਕਰਦੇ ਹਾਂ ਜਾਂ ਚੈਟਿੰਗ ਕਰਦੇ ਹਾਂ। ਸਹੀ ਅਰਥਾਂ ਵਿਚ ਨੈੱਟ ਨੇ ਸਾਡਾ ਧਿਆਨ ਭੜਕਾ ਦਿੱਤਾ ਹੈ, ਕਈ ਲੋਕ ਨੈੱਟ ਦੀ ਵਰਤੋਂ ਅਸ਼ਲੀਲ ਫਿਲਮਾਂ ਦੇਖਣ ਲਈ ਵੀ ਕਰਦੇ ਹਨ ਜੋ ਸਾਡਾ ਧਿਆਨ ਭੜਕਾ ਦਿੰਦੀਆਂ ਹਨ।

### ਆਪਸੀ ਭਾਈਚਾਰਾ ਖ਼ਤਮ

ਅਸੀਂ ਪਬਲਿਕ ਸਥਾਨਾਂ ਬੱਸਾਂ, ਰੇਲ ਵਿਚ ਸਫ਼ਰ ਕਰਦੇ ਹੋਏ ਮੋਬਾਈਲ ਵਿਚ ਹੀ ਖੁੱਭੇ ਰਹਿੰਦੇ ਹਾਂ। ਅਸੀਂ ਨਾਲ ਬੈਠੇ ਲੋਕਾਂ ਨਾਲ ਕੋਈ ਵਿਚਾਰ ਹੀ ਨਹੀਂ ਕਰਦੇ ਜਿਸ ਕਾਰਨ ਸਾਡੀ ਜਾਣ ਪਛਾਣ ਨੇੜੇ ਦੇ ਲੋਕਾਂ ਨਾਲ ਘੱਟ ਗਈ ਹੈ। ਪੁਰਾਣੇ ਸਮੇਂ ਵਿਚ ਸਾਡੇ ਬਜ਼ੁਰਗਾਂ ਦੀ ਦੂਰ-ਦੂਰ ਤਕ ਦੇ ਪਿੰਡਾਂ ਵਿਚ ਜਾਣ ਪਛਾਣ ਤੇ ਪਿੰਡ ਦੇ ਗਲੀ ਮੁਹੱਲੇ ਦੀਆਂ ਰਿਸ਼ਤੇਦਾਰੀਆਂ ਬਾਰੇ ਬਹੁਤ ਸਾਰੀ ਜਾਣਕਾਰੀ ਰੱਖਣਾ ਉਨ੍ਹਾਂ ਦਾ ਲੋਕਾਂ ਨਾਲ ਆਪਸੀ ਮੇਲ ਮਿਲਾਪ ਤੇ ਗੱਲਾਂ ਬਾਤਾਂ ਕਰਕੇ ਆਪਸੀ ਸਾਂਝ ਵਧਾਉਣ ਦਾ ਗੱਲਾਂ ਬਾਤਾਂ ਹੀ ਇਕ ਜ਼ਰੀਆ ਸਨ ਜੋ ਮੋਬਾਈਲ ਨੇ ਖ਼ਤਮ ਕਰ ਦਿੱਤਾ ਹੈ।

### ਇੰਟਰਨੈੱਟ ਨੇ ਪੈਦਾ ਕੀਤੀਆਂ ਦਿਲਾਂ 'ਚ ਦੂਰੀਆਂ

ਇੰਟਰਨੈੱਟ ਮੋਬਾਈਲ ਨੇ ਭਾਵੇਂ ਸਾਨੂੰ ਪੂਰੀ ਦੁਨੀਆ ਨਾਲ ਜੋੜ ਦਿੱਤਾ ਹੈ ਫੇਸਬੁੱਕ, ਵ੍ਹੱਟਸਐਪ ,ਟਵਿੱਟਰ ਆਦਿ ਤੇ ਸਾਡੇ ਹਜ਼ਾਰਾਂ ਦੋਸਤ ਹਨ ਪਰ ਅਸੀਂ ਆਪਣੇ ਆਂਢ-ਗੁਆਂਢ ਨਾਲੋਂ ਟੁੱਟ ਗਏ ਹਾਂ। ਅੱਜ ਇਸ ਤੋਂ ਵੱਧ ਅਫ਼ਸੋਸ ਕੀ ਹੋਣਾ ਏ ਕਿ ਅਸੀਂ ਆਪਣੀ ਗਲੀ ਮੁਹੱਲੇ ਪਿੰਡ ਵਿਚ ਲੋਕਾਂ ਨਾਲ ਮਿਲਦੇ ਜੁਲਦੇ ਜਾਂ ਦੁੱਖ ਸੁੱਖ ਵਿਚ ਸ਼ਾਮਿਲ ਨਹੀਂ ਹੁੰਦੇ। ਪਰ ਇਹ ਸੱਚਾਈ ਅਟੱਲ ਹੈ ਕਿ ਦੁੱਖ ਦੀ ਘੜੀ ਵਿਚ ਸਾਡੇ ਕੋਲ ਸਭ ਤੋਂ ਪਹਿਲਾਂ ਸਾਡਾ ਆਂਢ ਗੁਆਂਢ ਹੀ ਪੁੱਜਦਾ ਤੇ ਸਹਾਈ ਹੁੰਦਾ ਹੈ। ਸਾਨੂੰ ਪਤਾ ਹੈ ਕਿ ਆਂਢ ਗੁਆਂਢ ਹੀ ਹਰ ਗੱਲ ਵਿੱਚ ਹਰ ਸਮੇਂ ਸਹਾਈ ਹੁੰਦਾ ਹੈ। ਫਿਰ ਵੀ ਅਸੀਂ ਨੈੱਟ ਨੂੰ ਵੱਧ ਟਾਈਮ ਦੇ ਕੇ ਆਂਢ ਗੁਆਂਢ ਨਾਲੋਂ ਨਾਤਾ ਤੋੜ ਰਹੇ ਹਾਂ। ਭਾਵੇਂ ਅੱਜ ਇੰਟਰਨੈੱਟ ਮੋਬਾਈਲ ਨੇ ਸਾਰੀ ਦੁਨੀਆ ਨੂੰ ਸਾਡੀ ਮੁੱਠੀ ਵਿਚ ਕੈਦ ਕਰ ਦਿੱਤਾ ਹੈ ਪਰ ਸਾਡੇ ਦਿਲਾਂ ਵਿਚ ਦੂਰੀਆਂ ਬਹੁਤ ਵਧਾ ਦਿੱਤੀਆਂ ਹਨ। •

---

# ਗੁੱਸਾ ਤੇ ਪਿਆਰ

• ਹਰਦੇਵ ਚੌਹਾਨ
70098-57708



**ਇਹ ਸਰਵ ਪ੍ਰਵਾਨਤ ਸਚਾਈ ਹੈ ਕਿ ਪ੍ਰੇਮ-ਪਿਆਰ ਅਤੇ ਮਿਲਵਰਤਣ ਵਾਲਾ ਕਾਰ-ਵਿਹਾਰ ਹਮੇਸ਼ਾ ਵਾਧੇ ਵਾਲਾ ਸੌਦਾ ਰਿਹਾ ਹੈ ਤੇ ਰਹੇਗਾ...**

ਕੁਦਰਤ ਦੀ ਕਾਇਨਾਤ ਵਿਚ ਸਥਿਰ ਕੁਝ ਵੀ ਨਹੀਂ। ਦਿਨ ਪਿੱਛੋਂ ਰਾਤ ਆਉਂਦੀ ਹੈ। ਸੋਕੇ ਤੋਂ ਬਾਅਦ ਬਰਸਾਤ ਆਉਂਦੀ ਹੈ। ਪੱਤਝੜ ਪਿੱਛੋਂ ਬਸੰਤ। ਗਰਮੀ ਤੋਂ ਬਾਅਦ ਸਰਦੀ। ਕਾਦਰ ਦੇ ਜੀਵ, ਜੰਤੂਆਂ ਦਾ ਵਰਤਾਰਾ ਵੀ ਹਮੇਸ਼ਾ ਸਥਿਰ ਤੇ ਸਾਵਾਂ, ਪੱਧਰਾ ਨਹੀਂ ਹੁੰਦਾ।

ਮਾਨਵ ਜਾਤ, ਵੇਖੋ ! ਘੜੀ 'ਚ ਤੋਲਾ ਹੋ ਜਾਂਦੀ ਏ ਤੇ ਘੜੀ 'ਚ ਮਾਸਾ। ਬੰਦਾ ਕਦੀ ਹੱਸਦਾ ਏ ਤੇ ਕਦੀ ਰੋਂਦਾ ਏ। ਕਦੀ ਜਾਗਦਾ ਏ ਤੇ ਕਦੀ ਸੌਂਦਾ ਏ। ਉਹ ਹਮੇਸ਼ਾ ਪਿਆਰ ਦੀ ਸਥਿਤੀ ਵਿਚ ਨਹੀਂ ਰਹਿੰਦਾ। ਉਸਨੂੰ ਗੁੱਸਾ ਵੀ ਆਉਂਦਾ ਏ। ਬੰਦੇ ਦੇ ਅੰਦਰ, ਬਾਹਰ ਪਿਆਰ ਅਤੇ ਗੁੱਸੇ ਦੀ ਸਥਿਤੀ ਵਿਚ ਬੜਾ ਅਜੀਬੋ-ਗਰੀਬ ਵਰਤਾਰਾ ਹੁੰਦਾ ਏ।

ਗੁੱਸੇ ਦੀ ਸਥਿਤੀ ਵੇਖਣ ਅਤੇ ਸਮਝਣ ਵਿਚ ਬੜੀ ਦੁੱਖਦਾਇਕ ਹੁੰਦੀ ਹੈ। ਗੁੱਸੇ ਤੇ ਕ੍ਰੋਧ ਨਾਲ ਬੰਦੇ ਦਾ ਤਨ, ਮਨ ਕੰਬਣ ਲੱਗ ਪੈਂਦਾ ਹੈ। ਅੱਖਾਂ ਲਾਲ ਹੋ ਜਾਂਦੀਆਂ ਨੇ। ਦਿਲ ਦੀ ਧੜਕਣ ਤੇਜ਼ ਹੋ ਜਾਂਦੀ ਏ। ਲਹੂ-ਦਬਾਓ ਬੜਾ ਵੱਧ ਜਾਂਦਾ ਏ। ਗੁੱਸੇ 'ਚ ਭਰਿਆ ਪੀਤਾ ਬੰਦਾ ਦੂਜੇ ਬੰਦੇ ਨੂੰ ਝਈਆਂ ਲੈ, ਲੈ ਪੈਂਦਾ ਏ।

ਵਿਰੋਧੀ ਬੰਦਾ ਬਹੁਤ ਨੇੜੇ ਖੜ੍ਹਾ ਹੁੰਦਾ ਹੈ ਪਰ ਗੁੱਸੇਖੋਰਾ ਉੱਚੀ, ਉੱਚੀ ਬੋਲਦਾ ਹੈ। ਅਜਿਹੀਆਂ ਪ੍ਰਸਥਿਤੀਆਂ ਵਿਚ ਤਨਾਂ, ਮਨਾਂ ਦੀਆਂ ਦੂਰੀਆਂ ਵੀ ਵੱਧ ਜਾਂਦੀਆਂ ਹਨ। ਬੰਦੇ ਦਾ ਜਾਨੀ ਤੇ ਮਾਲੀ ਨੁਕਸਾਨ ਹੋਣਾ ਵੀ ਅੱਟਲ ਹੁੰਦਾ ਹੈ ਅਜਿਹੀ ਸਥਿਤੀ ਵਿਚ। ਇਸ ਵਰਤਾਰੇ ਵਿਚ ਹੱਦਾਂ, ਸਰਹੱਦਾਂ ਉੱਸਰ ਜਾਂਦੀਆਂ ਹਨ।

ਗੁੱਸੇ 'ਚ ਢਿੱਡੋਂ ਜਾਏ ਇਕ ਦੂਸਰੇ ਦੇ ਜਾਨੀ ਦੁਸ਼ਮਣ ਬਣ ਜਾਂਦੇ ਹਨ।

ਗੁੱਸੇ ਦੇ ਉਲਟ ਪਿਆਰ ਦੀ ਸਥਿਤੀ ਬੜੀ ਸੁਖਦਾਇਕ ਹੁੰਦੀ ਹੈ। ਪ੍ਰੇਮ-ਪਿਆਰ ਵਿਚ ਲੀਨ ਬੰਦਾ ਬੜਾ ਸ਼ਾਂਤ ਹੋ ਜਾਂਦਾ ਏ। ਦੀਨ-ਦੁਨੀਆ ਭੁੱਲ ਜਾਂਦੀ ਏ ਉਸ ਨੂੰ। ਪ੍ਰੇਮੀ, ਪਿਆਰੇ ਇਕ, ਦੂਜੇ ਦੇ ਬਹੁਤ ਨਜ਼ਦੀਕ ਹੋ ਜਾਂਦੇ ਹਨ। ਅਜਿਹੀ ਸਥਿਤੀ ਵਿਚ ਦਿਲਾਂ ਦੀਆਂ ਤੇ ਤਨਾਂ ਦੀਆਂ ਦੂਰੀਆਂ ਘਟ ਜਾਂਦੀਆਂ ਹਨ। ਇਕ-ਮਿੱਕ ਹੋ ਜਾਂਦੇ ਨੇ ਅਜਿਹੇ ਲੋਕ।

ਇਕ ਮਾਂ ਦੀ ਗੋਦੀ 'ਚ ਪਏ ਖੇਡਦੇ ਹੋਏ ਬੱਚੇ ਨੂੰ ਵੇਖੋ... ਹੌਲੀ, ਹੌਲੀ ਬੋਲਦੇ ਨੇ ਮਾਂ,ਪੁੱਤ ...ਕਦੀ,ਕਦੀ ਕੁਝ ਵੀ ਨਹੀਂ ਬੋਲਦੇ...ਬਸ! ਫੁਸਫੁਸਾ ਕੇ ਤੇ ਮੁਸਕਰਾ ਕੇ ਹੀ ਦਿਲਾਂ ਦੀਆਂ ਰਮਜਾਂ ਦਾ ਆਦਾਨ, ਪ੍ਰਦਾਨ ਕਰ ਲੈਂਦੇ ਹਨ। ਖ਼ੁਸ਼ੀਆਂ ਦੇ ਇਸ ਬੇਸ਼ਕੀਮਤੀ ਵਪਾਰ ਵਿਚ ਇਸ਼ਾਰੇ ਤੇ ਸੈਨਤਾਂ, ਡਾਕੀਏ ਬਣ ਜਾਂਦੇ ਨੇ। ਇਹ ਵੀ ਸਰਵ ਪ੍ਰਵਾਨਤ ਸਚਾਈ ਰਹੀ ਹੈ ਕਿ ਪ੍ਰੇਮ-ਪਿਆਰ ਅਤੇ ਮਿਲਵਰਤਣ ਵਾਲਾ ਕਾਰ-ਵਿਹਾਰ ਹਮੇਸ਼ਾ ਵਾਧੇ ਵਾਲਾ ਸੌਦਾ ਰਿਹਾ ਹੈ ਤੇ ਰਹੇਗਾ। •

---

# ਪੁਸਤਕ ਚਰਚਾ




ਕਾਮਰੇਡ ਨਾਗਰ ਸਿੰਘ ਤੂਰ ਲੋਕ ਲਹਿਰਾਂ ਨੂੰ ਪ੍ਰਣਾਇਆ ਕਹਾਣੀਕਾਰ ਹੈ। ਉਸਨੇ ਅਧਿਆਪਕ ਫਰੰਟ 'ਤੇ ਸਰਕਾਰ ਖ਼ਿਲਾਫ ਅਨੇਕਾਂ ਲੜਾਈਆਂ ਲੜੀਆਂ ਤੇ ਅਨੇਕਾਂ ਅਨੁਭਵ ਗ੍ਰਹਿਣ ਕੀਤੇ। ਪਰਵਾਸ ਦਾ ਵੀ ਚੋਖ਼ਾ ਤਜਰਬਾ ਉਸ ਕੋਲ ਹੈ। ਇਨ੍ਹਾਂ ਅਨੁਭਵਾਂ ਨੂੰ ਹੀ ਆਧਾਰ ਬਣਾ ਕੇ, ਉਸ ਨੇ ਆਪਣੀਆਂ ਕਹਾਣੀਆਂ ਲਈ ਕੱਚਾ ਮਸਾਲਾ ਤਿਆਰ ਕੀਤਾ ਹੈ। 'ਅਪਰਾਧੀ ਕੌਣ?' ਤੋਂ ਬਾਅਦ 'ਹਤਿਆਰੇ' ਉਸ ਦਾ ਹਾਲ ਹੀ ਵਿਚ ਪ੍ਰਕਾਸ਼ਿਤ ਹੋਇਆ ਨਵਾਂ ਕਹਾਣੀ-ਸੰਗ੍ਰਹਿ ਹੈ ਜਿਸ ਵਿਚ ਉਸ ਨੇ ਕੁੱਲ ਗਿਆਰ੍ਹਾਂ ਕਹਾਣੀਆਂ ਸ਼ਾਮਿਲ ਕੀਤੀਆਂ ਹਨ।

'ਅਹਿਦ' ਕਹਾਣੀ ਮੁਲਾਜ਼ਮ ਸੰਘਰਸ਼ ਦੀ ਬਾਤ ਪਾਉਂਦੀ ਹੈ ਜਿੱਥੇ ਮੁਲਾਜ਼ਮਾਂ ਦਾ ਸੰਘਰਸ਼ ਜਿੱਤ ਵੱਲ ਕਦਮ ਵਧਾਉਂਦਾ ਪ੍ਰਤੀਤ ਹੁੰਦਾ ਹੈ। 'ਸੁਆਰਥੀ ਲੋਕ', 'ਸਾਜ਼ਿਸ਼', 'ਕੁੱਖ ਦਾ ਵੈਰੀ', 'ਗੁੱਡ ਨਾਈਟ', 'ਗਾਥਾ ਇਕ ਪਿਉ ਦੀ' ਅਤੇ 'ਹਤਿਆਰੇ' ਪਰਵਾਸੀ ਜੀਵਨ ਦੇ ਅਨੁਭਵ 'ਚੋਂ ਨਿਕਲੀਆਂ ਕਹਾਣੀਆਂ ਹਨ ਜੋ ਰਿਸ਼ਤਿਆਂ ਦੇ ਭੰਜਨ ਅਤੇ ਟੁੱਟ-ਭੱਜ ਵੱਲ ਸੰਕੇਤ ਕਰਦੀਆਂ ਹਨ। ਇਨ੍ਹਾਂ ਵਿੱਚੋਂ 'ਸੁਆਰਥੀ ਲੋਕ' ਇਸ ਸੰਗ੍ਰਹਿ ਦੀ ਸਭ ਤੋਂ ਵਧੀਆ ਕਹਾਣੀ ਹੈ ਜੋ ਤੂਰ ਹੋਰਾਂ ਦੀ ਵਿਸ਼ੇਸ਼ ਪਛਾਣ ਬਣਾਉਣ ਵਿਚ ਸਹਾਈ ਹੋ ਸਕਦੀ ਹੈ। ਪਰਵਾਸੀ ਲੋਕਾਂ ਦੀ ਖ਼ੁਦਗਰਜ਼ੀ ਤੇ ਲਾਲਚ ਇਸ ਕਹਾਣੀ ਦੀ ਆਤਮਾ ਵਿਚ ਗੁੰਨ੍ਹਿਆ ਮਿਲਦਾ ਹੈ।'ਕਾਫ਼ਲਾ' ਅਤੇ 'ਗਾਥਾ ਇਕ ਪਿਉ ਦੀ' ਕਹਾਣੀਆਂ ਦੇਸ਼ ਵੰਡ ਦੇ ਦੁਖਾਂਤ ਨੂੰ ਉਭਾਰਦੀਆਂ ਕਹਾਣੀਆਂ ਹਨ ਜਿਸ ਵਿਚ ਕਿਤੇ ਮਨੁੱਖਤਾ ਦੀ ਜ਼ਮੀਰ ਜਾਗਦੀ ਹੈ ਤੇ ਕਿਤੇ ਇਨਸਾਨੀਅਤ ਲਹੂ-ਲੁਹਾਣ ਹੁੰਦੀ ਪ੍ਰਤੀਤ ਹੁੰਦੀ ਹੈ।

'ਲੁਟੇਰੇ' ਭੂ-ਮਾਫ਼ੀਆ ਦੇ ਚਰਿੱਤਰ ਨੂੰ ਪੇਸ਼ ਕਰਦੀ ਕਹਾਣੀ ਹੈ ਜੋ ਸਾਰੀ ਨੈਤਿਕਤਾ ਪੈਸੇ ਤੋਂ ਕੁਰਬਾਨ ਕਰ ਦਿੰਦੇ ਹਨ। 'ਦਰਿੰਦਾ' ਇਕ ਅਜਿਹੇ ਪਾਤਰ ਨੂੰ ਪੇਸ਼ ਕਰਦੀ ਹੋਈ ਕਹਾਣੀ ਹੈ ਜੋ ਕਾਮ ਦਾ ਡੱਸਿਆ ਰਿਸ਼ਤਿਆਂ ਦੀ ਪਾਕੀਜਗੀ ਵੀ ਭੁੱਲ ਜਾਂਦਾ ਹੈ।ਪੰਜਾਬੀ ਕਹਾਣੀ ਵਿਕਾਸ ਦੇ ਜਿਸ ਪੜਾਅ 'ਤੇ ਪਹੁੰਚ ਚੁੱਕੀ ਹੈ ਉੱਥੇ ਤਕ ਪਹੁੰਚਣ ਲਈ ਤੂਰ ਸਾਹਿਬ ਨੂੰ ਕਹਾਣੀਆਂ 'ਤੇ ਹੋਰ ਜ਼ਿਆਦਾ ਹੋਮ ਵਰਕ ਕਰਨ ਦੀ ਲੋੜ ਹੈ।

• ਕੇ. ਐੱਲ. ਗਰਗ




ਪਰਵਾਸੀ ਲੇਖਿਕਾ ਜਸਬੀਰ ਮਾਨ ਦਾ ਇਹ ਪਲੇਠਾ ਕਹਾਣੀ ਸੰਗ੍ਰਹਿ ਹੈ। ਇਸ ਪੁਸਤਕ ਦੀ ਖ਼ੂਬੀ ਇਹ ਹੈ ਕਿ ਲੇਖਿਕਾ ਦੀਆਂ ਸਾਰੀਆਂ ਕਹਾਣੀਆਂ ਕੈਨੇਡਾ ਦੀ ਪਿੱਠ ਭੂਮੀ, ਉੱਥੋਂ ਦੇ ਸਮਾਜਿਕ, ਆਰਥਿਕ ਤਾਣੇ-ਬਾਣੇ ਅਤੇ ਵਰਤਾਰੇ ਦੇ ਮਾਹੌਲ ਵਿਚ ਸਿਰਜੀਆਂ ਗਈਆਂ ਹਨ। ਲੇਖਿਕਾ ਨੇ ਆਪਣੇ ਆਲੇ ਦੁਆਲੇ ਰਹਿੰਦੇ ਤੇ ਵਿਚਰਦੇ ਵੱਖ-ਵੱਖ ਪਾਤਰਾਂ ਨੂੰ ਸੁਚੇਤ ਰੂਪ ਨਾਲ ਇਨ੍ਹਾਂ ਕਹਾਣੀਆਂ ਵਿਚ ਸ਼ਾਮਲ ਕੀਤਾ ਹੈ। ਇਹ ਗੱਲ ਨਹੀਂ ਕਿ ਸੰਗ੍ਰਹਿ ਵਿਚਲੀਆਂ ਕਹਾਣੀਆਂ ਦੇ ਵਿਸ਼ੇ ਸਿਰਫ਼ ਕੈਨੇਡੀਅਨ ਸਮਾਜ ਤਕ ਵੀ ਸੀਮਿਤ ਹਨ, ਸਗੋਂ ਇਹ ਸਮੁੱਚੇ ਸੰਸਾਰ ਨੂੰ ਆਪਣੇ ਕਲਾਵੇ ਵਿਚ ਲੈਂਦੇ ਹਨ।

ਕਹਾਣੀ ਸੰਗ੍ਰਹਿ ਵਿਚ 15 ਕਹਾਣੀਆਂ ਸ਼ਾਮਲ ਹਨ, ਜਿਵੇਂ ਅਸ਼ੀਰਵਾਦ, ਧੋਖਾ, ਢਿੱਡ ਦਾ ਦਰਦ, ਧਰਮ ਦੀ ਧੀ, ਆਖਰੀ ਹਉਕਾ, ਫੇਸਬੁੱਕ, ਖੂਹ, ਮੈਂ ਝੂਠ ਨਹੀਂ ਬੋਲਾਂਗਾ, ਮਦਰਜ਼ ਡੇਅ, ਨਰਾਜ਼ਗੀ, ਨਵੀਂ ਪਨੀਰੀ, ਉਹ ਮੈਂ ਹੀ ਸੀ, ਪੁਲ ਦੇ ਹੇਠਾਂ, ਸਾਜਨ ਕੀ ਬੇਟੀਆਂ ਅਤੇ ਵਿਚਾਰੀ ਹਲੀਨਾ।

ਪੁਸਤਕ ਦੀ ਟਾਈਟਲ ਕਹਾਣੀ 'ਸਾਜਨ ਕੀ ਬੇਟੀਆਂ' ਦਾ ਸਿਰਲੇਖ ਜਾਪਣ ਨੂੰ ਤਾਂ ਹਿੰਦੀ ਨੁਮਾ ਹੈ ਤੇ ਕਾਫ਼ੀ ਸੰਵਾਦ ਵੀ ਹਿੰਦੀ, ਹਿੰਦੋਸਤਾਨੀ ਬੋਲੀ ਵਿਚ ਹੀ ਹਨ। ਇਹ ਕਹਾਣੀ ਮਨੁੱਖੀ ਮਨ ਦੀ ਦੁਵਿਧਾ ਤੇ ਉਸ ਦੇ ਹੱਲ ਨੂੰ ਪੇਸ਼ ਕਰਦੀ ਹੈ ਪਰ ਅੱਜ ਕਰਨਲ ਸਾਹਿਬ ਨੇ ਮੇਰੀ ਇਸ ਨੌਕਰੀ ਦੀ ਵਡਿਆਈ ਕਰ ਕੇ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ। ਇਸ ਨੌਕਰੀ ਨੂੰ ਕਰਨ ਵਾਲੀਆਂ ਸਾਰੀਆਂ ਕੁੜੀਆਂ ਨੂੰ, ਸਾਜਨ ਕੀ ਬੇਟੀਆਂ ਦਾ ਨਾਂ ਦੇ ਕੇ ਮੇਰਾ ਹੌਂਸਲਾ ਵਧਾ ਦਿੱਤਾ।

(ਪੰਨਾ - 102)

ਲੇਖਿਕਾ ਦੀ ਸ਼ਬਦਾਵਲੀ, ਰੌਚਕ, ਸਰਲ ਅਤੇ ਠੇਠ ਮਲਵਈ ਹੈ। ਅਖਾਣਾਂ ਅਤੇ ਮੁਹਾਵਰਿਆਂ ਦੀ ਵਰਤੋਂ ਨਾਲ ਕਹਾਣੀਆਂ ਹੋਰ ਵੀ ਸੁਆਦਲੀਆਂ ਬਣ ਗਈਆਂ ਹਨ। ਪੁਸਤਕ ਦੀ ਸ਼ੈਲੀ ਤੇ ਭਾਸ਼ਾ ਪਾਠਕ ਦੇ ਹਾਣ ਦੀ ਹੈ। ਪੰਜਾਬੀ ਤੋਂ ਇਲਾਵਾ ਹੋਰ ਭਾਸ਼ਾਵਾਂ ਦੀ ਪਲਤੋ ਵੀ ਸੁਚੱਜੀ ਹੈ। ਪੁਸਤਕ ਦਾ ਦਿੱਖ ਤੇ ਛਪਾਈ ਵਧੀਆ ਹੈ। ਸੁਰਜੀਤ ਮਾਨ ਦੀ ਇਸ ਪਲੇਠੀ ਪੁਸਤਕ ਦਾ ਸਵਾਗਤ ਹੈ।

• ਤੀਰਥ ਸਿੰਘ ਢਿੱਲੋਂ




'ਯਾਰ ਪਰਦੇਸੀਆ' ਅਜਾਇਬ ਸੰਧੂ ਦੀਆਂ 60 ਗੀਤਕ ਰਚਨਾਵਾਂ ਨਾਲ ਸ਼ਿੰਗਾਰੀ ਹੋਈ ਕਾਵਿ ਪੁਸਤਕ ਹੈ। ਭਾਵੇਂ ਕਿ ਕਵੀ ਪਰਦੇਸ ਵਿਚ ਵਸਦਾ ਹੈ ਪਰ ਪੰਜਾਬ ਦੀ ਮਿੱਟੀ ਦਾ ਮੋਹ ਉਸ ਦੇ ਹਿਰਦੇ ਵਿੱਚੋਂ ਉਛੱਲ-ਉਛੱਲ ਪੈਂਦਾ ਹੈ ਜਿਸ ਦਾ ਪ੍ਰਮਾਣ ਉਸ ਦੀ ਹੱਥਲੀ ਪੁਸਤਕ ਵਿਚਲੀਆਂ ਇਹ ਕਾਵਿ ਰਚਨਾਵਾਂ ਹਨ। ਉਸ ਦੇ ਗੀਤਾਂ ਦੀ ਇਹ ਖ਼ਾਸੀਅਤ ਹੈ ਕਿ ਜਿੱਥੇ ਇਨ੍ਹਾਂ ਵਿਚਲੀ ਲੈਅ, ਸੁਰ ਤਾਲ ਪਾਠਕ ਨੂੰ ਪ੍ਰਭਾਵਿਤ ਕਰਦੀ ਹੈ ਉੱਥੇ ਪੰਜਾਬੀ ਸੱਭਿਆਚਾਰ ਵਿਚਲੇ ਚਿੰਨ੍ਹ, ਪ੍ਰਤੀਕ ਪਾਠਕ ਦੇ ਮਨ ਨੂੰ ਮੋਹ ਲੈਂਦੇ ਹਨ। ਟਾਂਗੇ ਵਾਲਾ, ਪਿੱਪਲ, ਚਰਖਾ, ਕਬੱਡੀ ਦੀ ਖੇਡ ਤੋਂ ਇਲਾਵਾ, ਪੰਜਾਬ ਦੇ ਉਹ ਵਿਅਕਤੀ ਜਿਨ੍ਹਾਂ ਨੇ ਆਪਣੇ-ਆਪਣੇ ਖੇਤਰ ਵਿਚ ਵੱਡਮੁੱਲਾ ਯੋਗਦਾਨ ਪਾਇਆ ਅਤੇ ਉਹ ਅੱਜ ਵੀ ਪਾਠਕਾਂ ਦੇ ਮਨਾਂ ਵਿਚ ਸਮਾਏ ਹੋਏ ਹਨ ਉਨ੍ਹਾਂ ਨੂੰ ਆਪਣੀਆਂ ਰਚਨਾਵਾਂ ਵਿਚ ਯਾਦ ਕਰਦਿਆਂ ਕਵੀ ਇਨ੍ਹਾਂ ਦੇ ਕੀਤੇ ਕਾਰਜਾਂ ਅਤੇ ਸਿਰਜਣਾਤਮਿਕ ਪੈੜਾਂ ਨੂੰ ਬੜੀ ਸ਼ਿੱਦਤ ਨਾਲ ਪੇਸ਼ ਕਰਦਾ ਹੈ। ਬੱਲ੍ਹੇ ਸ਼ਾਹ, ਸ਼ਿਵ ਕੁਮਾਰ ਬਟਾਲਵੀ, ਸ਼ਹੀਦ ਊਧਮ ਸਿੰਘ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਦੇ ਜੀਵਨ ਫਲਸਫ਼ੇ ਨੂੰ ਵੀ ਪੇਸ਼ ਕਰਦਾ ਹੈ ਪਰ ਨਾਲ ਦੀ ਨਾਲ ਇਸ ਦੇਸ਼ ਵਿਚ ਮਚੀ ਹਨੇਰਗਰਦੀ ਅਤੇ ਭ੍ਰਿਸ਼ਟਾਚਾਰੀ ਤਾਕਤਾਂ ਦੁਆਰਾ ਮਚਾਏ ਕੁਹਰਾਮ ਨੂੰ ਵੀ ਪੇਸ਼ ਕਰਦਾ ਹੈ।

ਕਵੀ ਆਪਣੇ ਆਪ ਨੂੰ ਕਿਸੇ ਵੀ ਵਿਸ਼ੇਸ਼ ਧਰਮ ਅਤੇ ਮਜ਼ਹਬ ਨਾਲ ਨਹੀਂ ਬੰਨ੍ਹਦਾ ਸਗੋਂ ਇਨਸਾਨੀਅਤ ਨੂੰ ਹੀ ਆਪਣਾ ਧਰਮ ਸਮਝਦਾ ਹੈ। ਭਾਵੇਂ ਕਿ ਕਈ ਗੀਤਾਂ ਵਿਚ ਕਵੀ ਨੇ ਰੁਮਾਂਟਿਕ ਰੰਗ ਵੀ ਪੇਸ਼ ਕੀਤਾ ਹੈ ਜ਼ਿਆਦਾਤਰ ਅਜਿਹੇ ਗੀਤ ਹੀ ਇਸ ਸੰਗ੍ਰਹਿ ਵਿਚ ਸ਼ਾਮਿਲ ਹਨ। ਜਿਨ੍ਹਾਂ ਵਿਚ ਅਜੋਕੇ ਮਨੁੱਖ ਨੂੰ ਦਰਪੇਸ਼ ਸਮੱਸਿਆਵਾਂ ਅਤੇ ਮਸਲੇ ਪੇਸ਼ ਹੋਏ ਮਿਲਦੇ ਹਨ। ਉਹ ਹਮੇਸ਼ਾ ਸਮਾਜ ਨੂੰ ਸੇਧ ਦੇਣ ਵਾਲੀਆਂ ਰਚਨਾ ਨੂੰ ਰਚਣ ਦੀ ਅਪੀਲ ਕਰਦਾ ਹੈ ਤਾਂ ਕਿ ਸਮਾਜ ਸੋਹਣਾ ਬਣ ਸਕੇ। ਇਨ੍ਹਾਂ ਰਚਨਾਵਾਂ ਵਿਚ 'ਟੱਪਿਆ' ਦੇ ਰੂਪ ਵਿਚ ਪੇਸ਼ ਰਚਨਾਵਾਂ ਵੀ ਪਾਠਕ ਦਾ ਮਨ ਮੋਂਹਦੀਆਂ ਹਨ। ਪੁਸਤਕ ਦੇਣ ਲਈ ਲੇਖਕ ਵਧਾਈ ਦਾ ਹੱਕਦਾਰ ਹੈ।




ਅਜਮੇਰ ਸਿੱਧੂ ਆਧੁਨਿਕ ਪੰਜਾਬੀ ਕਹਾਣੀ ਖੇਤਰ ਵਿਚ ਮਹੱਤਵਪੂਰਨ ਸਥਾਨ ਰੱਖਣ ਵਾਲਾ ਕਹਾਣੀਕਾਰ ਹੈ। ਉਸ ਦੇ ਤਿੰਨ ਪ੍ਰਮੁੱਖ ਕਹਾਣੀ ਸੰਗ੍ਰਹਿ 'ਨਚੀਕੇਤਾ ਦੀ ਮੌਤ', 'ਖੂਹ ਗਿੜਦਾ ਹੈ' ਅਤੇ 'ਖੁਸ਼ਕ ਅੱਖ ਦਾ ਖ਼ਾਬ' ਹੁਣ ਤਕ ਪ੍ਰਕਾਸ਼ਤ ਹੋ ਚੁੱਕੇ ਹਨ ਅਤੇ ਿ 13 ਪੁਸਤਕਾਂ ਪੰਜਾਬੀ ਪਾਠਕਾਂ ਦੀ ਨਜ਼ਰ ਹੋ ਚੁੱਕੀਆਂ ਹਨ। ਅਜਮੇਰ ਸਿੱਧੂ ਇਕ ਅਜਿਹਾ ਕਹਾਣੀਕਾਰ ਹੈ ਜਿਸ ਦੀਆਂ ਕਹਾਣੀਆਂ ਦਾ ਪਾਠਕਾਂ ਅਤੇ ਆਲੋਚਕਾਂ ਦੁਆਰਾ ਭਰਪੂਰ ਰੂਪ ਵਿਚ ਨੋਟਿਸ ਲਿਆ ਗਿਆ ਅਤੇ ਇਸੇ ਸਦਕਾ ਹੀ ਉਸ ਦੇ ਪਹਿਲੇ ਕਹਾਣੀ ਸੰਗ੍ਰਹਿ ਨਚੀਕੇਤਾ ਦੀ ਮੌਤ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਭਾਈ ਵੀਰ ਸਿੰਘ ਗਲਪ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਉਸ ਦੀਆਂ ਕਹਾਣੀਆਂ ਬਾਰੇ ਖੋਜ-ਕਾਰਜ ਵੀ ਹੋ ਚੁੱਕੇ ਹਨ।

ਅਜਮੇਰ ਸਿੱਧੂ ਦੇ ਕਥਾ ਜਗਤ ਦਾ ਹੋਰ ਡੂੰਘਾਈ ਨਾਲ ਵਿਸ਼ਲੇਸ਼ਣ ਕਰਨ ਲਈ ਪ੍ਰੋ. ਬਲਵੀਰ ਕੌਰ ਰੀਹਲ ਦੁਆਰਾ ਅਜਮੇਰ ਸਿੱਧੂ ਦਾ ਕਥਾ-ਸੰਸਾਰ ਆਲੋਚਨਾਤਮਿਕ ਸਿਰਲੇਖ ਹੇਠ ਆਲੋਚਨਾ ਪੁਸਤਕ ਸੰਪਾਦਿਤ ਕੀਤੀ ਗਈ ਹੈ। ਜਿਸ ਵਿਚ ਅਜਮੇਰ ਸਿੱਧੂ ਦੇ ਤਿੰਨ ਕਹਾਣੀ ਸੰਗ੍ਰਹਿਆਂ 'ਨਚੀਕੇਤਾ ਦੀ ਮੌਤ','ਖੂਹ ਗਿੜਦਾ ਹੈ' ਅਤੇ 'ਖੁਸ਼ਕ ਅੱਖ ਦਾ ਖ਼ਾਬ' ਬਾਰੇ ਸੰਪਾਦਕ ਸਮੇਤ ਦੋ ਦਰਜਨ ਤੋਂ ਉਪਰ ਖੋਜ-ਪੱਤਰ ਸ਼ਾਮਲ ਵਿਦਵਾਨਾਂ ਤੋਂ ਲਿਖਵਾ ਕੇ ਸ਼ਾਮਿਲ ਕੀਤੇ ਗਏ ਹਨ ਜਿਨ੍ਹਾਂ ਨੇ ਆਪਣੇ-ਆਪਣੇ ਨਜ਼ਰੀਏ ਅਜਮੇਰ ਸਿੱਧੂ ਦੀ ਕਥਾ ਭੂਮੀ ਬਾਰੇ ਅਧਿਐਨ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਹੈ ਇਨ੍ਹਾਂ ਵਿਚ ਪੰਜਾਬੀ ਸਾਹਿਤ ਜਗਤ ਵਿਸ਼ੇਸ਼ ਕਰਕੇ ਆਲੋਚਨਾ ਦੇ ਖੇਤਰ ਦੇ ਪ੍ਰਮੁੱਖ ਵਿਦਵਾਨ ਤਕਰੀਬਨ ਸਾਰੇ ਹੀ ਸ਼ਾਮਿਲ ਹਨ ਜਿਨ੍ਹਾਂ ਵਿਚ ਡਾ. ਜਸਵਿੰਦਰ ਸਿੰਘ, ਡਾ. ਬਲਦੇਵ ਧਾਲੀਵਾਲ, ਡਾ. ਬਲਕਾਰ ਸਿੰਘ, ਅਮਰਜੀਤ ਗਰੇਵਾਲ, ਜੋਗਿੰਦਰ ਸਿੰਘ ਨਿਰਾਲਾ, ਡਾ. ਸੁਰਜੀਤ ਸਿੰਘ, ਡਾ. ਸੁਖਪਾਲ ਥਿੰਦ ਆਦਿ ਪ੍ਰਮੁੱਖ ਹਨ। ਪੁਸਤਕ ਦੇ ਅਖੀਰ ਤੇ ਅਜਮੇਰ ਸਿੱਧੂ ਦਾ ਸਵੈ ਕਥਨ ਅਤੇ ਸੰਪਾਦਕ ਦੀ ਸਿੱਧੂ ਨਾਲ ਲੰਬੀ ਮੁਲਾਕਾਤ ਪੁਸਤਕ ਅਤੇ ਸਿੱਧੂ ਦੇ ਕਥਾ ਜਗਤ ਨੂੰ ਸਮਝਣ ਲਈ ਵੱਡਮੁੱਲਾ ਖ਼ਜ਼ਾਨਾ ਹੈ।

• ਡਾ. ਸਰਦੂਲ ਸਿੰਘ ਔਜਲਾ

## ਸੰਪਾਦਕੀ

# ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ’ਤੇ ਹਮਲਾ

ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਖੇ ਬੁੱਧਵਾਰ ਸਵੇਰੇ ਵਾਪਰੀ ਘਟਨਾ ਸੰਗੀਨ ਸਵਾਲ ਖੜ੍ਹੇ ?ਕਰ ਗਈ ਹੈ ਜਿਨ੍ਹਾਂ ਨੂੰ ਲੈ ਕੇ ਵੱਖ-ਵੱਖ ਪੱਧਰਾਂ ’ਤੇ ਵਾਦ ਵਿਵਾਦ ਦਾ ਦੌਰ ਸ਼ੁਰੂ ਹੋ ਗਿਆ ਹੈ। ਸੁਖਬੀਰ ਸਿੰਘ ਬਾਦਲ ਅਤੇ ਪੰਥ ਅਤੇ ਪੰਜਾਬ ਦੇ ਹਿੱਤਾਂ ਖਿਲਾਫ਼ ਕੀਤੇ ਬੱਜਰ ਗੁਨਾਹਾਂ ਬਦਲੇ ਸ੍ਰੀ ਅਕਾਲ ਤਖ਼ਤ ਦੇ ਤਾਬਿਆ ਪੰਜ ਸਿੰਘ ਸਾਹਿਬਾਨ ਵੱਲੋਂ ਤਨਖਾਹੀਏ ਕਰਾਰ ਦਿੱਤੇ ਗਏ ਸੁਖਬੀਰ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕਈ ਹੋਰ ਆਗੂਆਂ ਨੂੰ ਸਜ਼ਾ ਸੁਣਾਏ ਜਾਣ ਤੋਂ ਦੋ ਦਿਨ ਬਾਅਦ ਵਾਪਰੀ ਇਹ ਘਟਨਾ ਉਦੋਂ ਵਾਪਰੀ ਜਦੋਂ ਇਨ੍ਹਾਂ ਵਿਅਕਤੀਆਂ ਵਲੋਂ ਦੂਜੇ ਦਿਨ ਸੇਵਾਦਾਰਾਂ ਵਜੋਂ ਆਪਣੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਨਿਭਾਈ ਜਾ ਰਹੀ ਸੀ। ਉਂਝ, ਚੰਗੀ ਗੱਲ ਇਹ ਰਹੀ ਕਿ ਇਸ ਘਟਨਾ ਵਿਚ ਸੁਖਬੀਰ ਸਿੰਘ ਬਾਦਲ ਜਾਂ ਕਿਸੇ ਹੋਰ ਵਿਅਕਤੀ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ ਅਤੇ ਮੌਕੇ ’ਤੇ ਸਿਵਲ ਕੱਪੜਿਆਂ ਵਿਚ ਤਾਇਨਾਤ ਪੰਜਾਬ ਪੁਲੀਸ ਦੇ ਕਰਮੀਆਂ ਵਲੋਂ ਦਿਖਾਈ ਮੁਸਤੈਦੀ ਅਤੇ ਦਲੇਰੀ ਸਦਕਾ ਹਮਲਾਵਰ ਨੂੰ ਕਾਬੂ ਕਰ ਲਿਆ ਗਿਆ। ਇਹ ਵਾਕਈ ਗੰਭੀਰ ਗੱਲ ਹੈ ਕਿ ਹਮਲਾਵਰ ਨਰਾਇਣ ਸਿੰਘ ਚੌੜਾ ਦਾ ਨਾਂ ਪਿਛਲੇ ਲੰਬੇ ਸਮੇਂ ਤੋਂ ਅਤਿਵਾਦ ਅਤੇ ਸਾਬੋਤਾਜ ਦੀਆਂ ਕਈ ਹੋਰ ਘਟਨਾਵਾਂ ਨਾਲ ਜੁੜਿਆ ਰਿਹਾ ਹੈ ਪਰ ਤਾਂ ਵੀ ਉਹ ਪਿਸਤੌਲ ਲੈ ਕੇ ਬਿਨਾਂ ਕਿਸੇ ਰੁਕਾਵਟ ਤੋਂ ਐਨ ਨੇੜੇ ਪਹੁੰਚ ਗਿਆ ਸੀ ਅਤੇ ਪੁਲੀਸ ਕਰਮੀਆਂ ਨਾਲ ਖਿੱਚਧੂਹ ਦੌਰਾਨ ਹੀ ਗੋਲੀ ਨਿਸ਼ਾਨੇ ਤੋਂ ਖੁੰਝ ਗਈ। ਇਸ ਕਾਇਰਤਾਪੂਰਨ ਹਮਲੇ ਦੀ ਸਭ ਸਿਆਸੀ ਅਤੇ ਧਾਰਮਿਕ ਧਿਰਾਂ ਵਲੋਂ ਨਿਖੇਧੀ ਕੀਤੀ ਗਈ ਹੈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਇਸ ਹਮਲੇ ਨੂੰ ਅਕਾਲ ਤਖ਼ਤ ਦੀ ਸ਼ਰਨ ਵਿਚ ਆਏ ਇਕ ਸੇਵਾਦਾਰ ਉਪਰ ਹਮਲਾ ਕਰਾਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਘਟਨਾ ਦੀ ਨਿੰਦਾ ਕਰਦਿਆਂ ਇਸ ਲਈ ਪੰਜਾਬ ਸਰਕਾਰ ਦੀ ਢਿੱਲ ਮੱਠ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਅਤੇ ਕੁਝ ਆਗੂਆਂ ਨੇ ਨਿਆਂਇਕ ਜਾਂਚ ਕਰਾਉਣ ਜਦਕਿ ਕੁਝ ਹੋਰਨਾਂ ਨੇ ਐਨਆਈਏ ਰਾਹੀਂ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਇੱਕ ਏਆਈਜੀ ਦੀ ਅਗਵਾਈ ਹੇਠ 175 ਪੁਲੀਸ ਕਰਮੀ ਤਾਇਨਾਤ ਕੀਤੇ ਗਏ ਸਨ ਅਤੇ ਪੁਲੀਸ ਨੇ ਪੂਰੀ ਮੁਸਤੈਦੀ ਅਤੇ ਜ਼ਿੰਮੇਵਾਰੀ ਨਾਲ ਆਪਣੀ ਡਿਊਟੀ ਨਿਭਾਈ ਹੈ। ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁਲੀਸ ਦੀ ਤਾਇਨਾਤੀ ਅਤੇ ਸੁਰੱਖਿਆ ਬੰਦੋਬਸਤ ਦਾ ਕੰਮ ਬਹੁਤ ਹੀ ਸੰਵੇਦਨਸ਼ੀਲ ਢੰਗ ਨਾਲ ਅੰਜਾਮ ਦੇਣਾ ਪੈਂਦਾ ਹੈ ਜਿੱਥੇ ਹਰ ਰੋਜ਼ ਹਜ਼ਾਰਾਂ ਦੀ ਤਾਦਾਦ ਵਿਚ ਸ਼ਰਧਾਲੂ ਨਤਮਸਤਕ ਹੋਣ ਲਈ ਆਉਂਦੇ ਹਨ। ਇਸ ਦਾ ਕਾਰਨ ਸਾਫ਼ ਹੈ ਕਿ ਹਮਲਾ ਉਸ ਵਕਤ ਕੀਤਾ ਗਿਆ ਜਦੋਂ ਸੁਖਬੀਰ ਸਿੰਘ ਬਾਦਲ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਘੰਟਾ ਘਰ ਦੁਆਰ ’ਤੇ ਹੱਥ ਵਿਚ ਬਰਛਾ ਫੜ ਕੇ ਪਹਿਰੇਦਾਰ ਵਜੋਂ ਸੇਵਾ ਨਿਭਾਅ ਰਹੇ ਸਨ। ਪੰਜ ਸਾਹਿਬਾਨ ਵਲੋਂ ਆਏ ਸਜ਼ਾ ਦੇ ਹੁਕਮਨਾਮੇ ਤੋਂ ਬਾਅਦ ਸਿੱਖ ਪੰਥ ਵਿਚ ਇਕ ਨਵੇਂ ਬਿਰਤਾਂਤ ਦੇ ਬੀਜ ਪੁੰਗਰਨ ਹੀ ਲੱਗੇ ਸਨ ਕਿ ਹਮਲੇ ਦੀ ਇਸ ਘਟਨਾ ਨਾਲ ਉਨ੍ਹਾਂ ਨੂੰ ਬੂਟਾ ਬਣਨ ਤੋਂ ਪਹਿਲਾਂ ਹੀ ਦਰੜ ਦੇਣ ਦਾ ਮਾਹੌਲ ਬੰਨ੍ਹਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਹਨ। ਪੰਜਾਬ ਵਿਚ ਇਸ ਕਿਸਮ ਦੀਆਂ ਘਟਨਾਵਾਂ ਦਾ ਇਤਿਹਾਸ ਕਾਫ਼ੀ ਲੰਮਾ ਹੈ ਜਿਨ੍ਹਾਂ ਦਾ ਨਾਤਾ ਅਤਿਵਾਦ ਅਤੇ ਖਾਲਿਸਤਾਨ ਦੀ ਲਹਿਰ ਨਾਲ ਜੁੜਿਆ ਰਿਹਾ ਹੈ। ਸਿੱਖ ਭਾਈਚਾਰੇ ਜਾਂ ਪੰਜਾਬ ਨੇ ਸਮੁੱਚੇ ਰੂਪ ਵਿਚ ਕਦੇ ਵੀ ਇਨ੍ਹਾਂ ਸਵਾਲਾਂ ਦੇ ਜਵਾਬ ਹਾਸਲ ਕਰਨ ਦਾ ਤਰੱਦਦ ਨਹੀਂ ਕੀਤਾ ਜਿਸ ਕਰ ਕੇ ਰਾਜ ਵਿਚ ਲੰਮਾ ਸਮਾਂ ਰਿਸਦੇ ਰਹੇ ਜ਼ਖ਼ਮ ਅਜੇ ਵੀ ਅੱਲੇ ਪਏ ਹਨ। ਉਂਝ, ਸਵਾਲ ਇਹ ਵੀ ਉੱਠ ਰਹੇ ਹਨ ਕਿ ਅਕਾਲੀ ਦਲ ਦੇ ਰਾਜ ਭਾਗ ਦੌਰਾਨ ਸੁਖਬੀਰ ਸਿੰਘ ਬਾਦਲ ਵਲੋਂ ਕੀਤੇ ਗਏ ਬੱਜਰ ਗੁਨਾਹਾਂ ਦੀ ਚਰਚਾ ਪਿਛਲੇ ਕਈ ਸਾਲਾਂ ਤੋਂ ਚਲਦੀ ਆ ਰਹੀ ਹੈ ਅਤੇ ਕੁਝ ਲੋਕ ਸ਼ੁਰੂ ਤੋਂ ਹੀ ਉਨ੍ਹਾਂ ਨੂੰ ਕਸੂਰਵਾਰ ਗਿਣਦੇ ਰਹੇ ਹਨ ਤਾਂ ਫਿਰ ਇਹ ਹਮਲਾ ਹੁਣ ਕਿਉਂ ਕੀਤਾ ਗਿਆ ਹੈ ਜਦੋਂ ਉਹ ਸਭ ਗੁਨਾਹ ਮੰਨ ਕੇ ਸਿੰਘ ਸਾਹਿਬਾਨ ਦੇ ਹੁਕਮਨਾਮੇ ਮੁਤਾਬਕ ਆਪਣਾ ਪਸ਼ਤਾਚਾਪ ਕਰ ਰਹੇ ਸਨ। ਕੀ ਇਸ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮੁੜ ਸਥਾਪਤ ਹੋਈ ਸਰਬਉੱਚਤਾ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਅਤੇ ਕੀ ਇਸ ਜ਼ਰੀਏ ਸਿੱਖ ਭਾਈਚਾਰੇ ਅਤੇ ਸਿਆਸਤ ਅੰਦਰ ਬਣ ਰਹੀ ਏਕਤਾ ਦੇ ਰੁਝਾਨ ਨੂੰ ਸੱਟ ਮਾਰੀ ਗਈ ਹੈ ? ਇਸ ਘਟਨਾ ਦੇ ਸੁਰੱਖਿਆ ਨਾਲ ਜੁੜੇ ਪਹਿਲੂਆਂ ਦੀ ਜਾਂਚ ਪੁਲੀਸ ਅਤੇ ਹੋਰ ਏਜੰਸੀਆਂ ਅਤੇ ਸੰਸਥਾਵਾਂ ਵਲੋਂ ਕੀਤੀ ਹੀ ਜਾਵੇਗੀ ਅਤੇ ਇਸ ਘਟਨਾ ਨਾਲ ਜੁੜੇ ਸਾਰੇ ਪੱਖਾਂ ਬਾਰੇ ਵੇਰਵੇ ਸਹਿਤ ਜਾਣਕਾਰੀ ਲੋਕਾਂ ਨੂੰ ਮੁਹੱਈਆ ਕਰਵਾਈ ਜਾਣੀ ਚਾਹੀਦੀ ਹੈ ਤਾਂ ਕਿ ਇਸ ਸਬੰਧ ਵਿਚ ਪੁਲੀਸ ਜਾਂ ਕਿਸੇ ਹੋਰ ਏਜੰਸੀ ਦੇ ਪੱਧਰ ’ਤੇ ਹੋਈ ਕਿਸੇ ਕਿਸਮ ਦੀ ਢਿੱਲ ਮੱਠ ਜਾਂ ਕੁਤਾਹੀ ਬਾਰੇ ਕੋਈ ਸ਼ੱਕ ਸ਼ੁਬਹਾ ਨਾ ਰਹੇ। ਇਸ ਤੋਂ ਇਲਾਵਾ ਇਸ ਘਟਨਾ ਨੇ ਕੁਝ ਵਡੇਰੇ ਮੁੱਦਿਆਂ ਵੱਲ ਵੀ ਧਿਆਨ ਖਿੱਚਿਆ ਹੈ ਜਿਨ੍ਹਾਂ ਵਿਚ ਖਾਲਿਸਤਾਨ ਅਤੇ ਇਸ ਦੇ ਤੌਰ ਤਰੀਕਿਆਂ ਦਾ ਸਵਾਲ ਸ਼ਾਮਲ ਹੈ। ਜੇ ਸਿੱਖਾਂ ਦੇ ਸਭ ਤੋਂ ਪਾਵਨ ਸਥਾਨ ’ਤੇ ਅਜਿਹੀਆਂ ਹਿੰਸਕ ਕਾਰਵਾਈਆਂ ਵਾਪਰਦੀਆਂ ਹਨ ਤਾਂ ਇਸ ਮੁਤੱਲਕ ਸਮੁੱਚੇ ਭਾਈਚਾਰੇ ਨੂੰ ਸਵੈ-ਪੜਚੋਲ ਕਰਨ ਦੀ ਲੋੜ ਹੈ ਕਿ ਸਿੱਖ ਸਮਾਜ ਵਿਚ ਦੁਫੇੜਾਂ ਪਾਉਣ ਵਾਲੀਆਂ ਅਜਿਹੀਆਂ ਘਟਨਾਵਾਂ ਨੂੰ ਕਿਵੇਂ ਠੱਲ੍ਹ ਪਾਈ ਜਾਵੇ। ਇਸ ਤੋਂ ਇਲਾਵਾ ਸਿੰਘ ਸਾਹਿਬਾਨ ਨੇ ਜਿਵੇਂ ਇਸ ਘਟਨਾ ਦਾ ਗੰਭੀਰ ਨੋਟਿਸ ਲਿਆ ਹੈ, ਉਸ ਤੋਂ ਜਾਪਦਾ ਹੈ ਕਿ ਜਿਵੇਂ ਉਨ੍ਹਾਂ ਵੱਲੋਂ ਪਿਛਲੇ ਕੁਝ ਸਮੇਂ ਦੌਰਾਨ ਪੰਥ ਨੂੰ ਦਰਪੇਸ਼ ਸੰਕਟ ਦਾ ਨਿਤਾਰਾ ਅਤੇ ਨਿਬੇੜਾ ਕਰਨ ਲਈ ਜਿਸ ਤਰ੍ਹਾਂ ਦੀ ਅਗਵਾਈ ਦਿੱਤੀ ਗਈ ਹੈ, ਉਸੇ ਤਰ੍ਹਾਂ ਉਹ ਕੁਝ ਰਹਿੰਦੇ ਮੁੱਦਿਆਂ ਨੂੰ ਮੁਖਾਤਬ ਹੋਣ ਲਈ ਸਿੱਖ ਕੌਮ ਨੂੰ ਰਾਹ ਦਰਸਾਉਣ ਦਾ ਕਾਰਜ ਨਿਭਾਉਣਗੇ। ਇਸ ਦੇ ਨਾਲ ਹੀ ਇਹ ਸਮੁੱਚੇ ਪੰਜਾਬ ਦੀ ਅਮਨ ਸ਼ਾਂਤੀ ਅਤੇ ਵਿਕਾਸ ਦਾ ਸਵਾਲ ਵੀ ਹੈ। ਅਕਸਰ ਜਦੋਂ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਕੁਝ ਅਨਸਰ ਉਨ੍ਹਾਂ ਨੂੰ ਆਪਣੇ ਹਿੱਤ ਵਿੱਚ ਭੁਗਤਾਉਣ ਅਤੇ ਲਾਹਾ ਲੈਣ ਦਾ ਯਤਨ ਕਰਦੇ ਹਨ। ਪਿਛਲੇ ਸਮਿਆਂ ਵਿੱਚ ਅਜਿਹਾ ਕੁਝ ਹੀ ਹੁੰਦਾ ਰਿਹਾ ਹੈ। ਸਾਨੂੰ ਬੀਤੇ ਤੋਂ ਸਬਕ ਸਿੱਖਦਿਆਂ ਸਹੀ ਰਾਹ ਉੱਤੇ ਅੱਗੇ ਵਧਣਾ ਚਾਹੀਦਾ ਹੈ। ਇਸ ਲਈ ਸਾਨੂੰ ਤੁਰੰਤ ਕਿਸੇ ਫ਼ੈਸਲੇ ਉੱਤੇ ਨਹੀਂ ਪੁੱਜਣਾ ਚਾਹੀਦਾ। ਇਹ ਘਟਨਾ ਕਿਸੇ ਡੂੰਘੀ ਸਾਜ਼ਿਸ਼ ਦਾ ਹਿੱਸਾ ਵੀ ਹੋ ਸਕਦੀ ਹੈ ਜਿਸ ਦੇ ਕੁਝ ਸਿੱਟੇ ਵੀ ਨਿਕਲ ਸਕਦੇ ਹਨ। ਇਸ ਕਰ ਕੇ ਸਾਰੀਆਂ ਸਿਆਸੀ, ਧਾਰਮਿਕ ਤੇ ਸਮਾਜਕ ਧਿਰਾਂ ਨੂੰ ਹੋਸ਼ਮੰਦੀ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਸੂਬੇ ਵਿਚ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

-ਪੀਤਾਂਬਰ ਸ਼ਰਮਾ

# ਮੁੱਖ ਮੰਤਰੀ ਵੱਲੋਂ ਆਮ ਹਾਲਾਤ ਵਿੱਚ ਜਾਨ ਗੁਆਉਣ ਵਾਲੇ 86 ਸੈਨਿਕਾਂ ਲਈ 21.50 ਕਰੋੜ ਰੁਪਏ ਦੀ ਐਕਸ-ਗ੍ਰੇਸ਼ੀਆ ਨੂੰ ਮਨਜ਼ੂਰੀ

**➤ ਸੈਨਿਕ ਨੂੰ 25 ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਦੇਣ ਵਾਲਾ ਦੇਸ਼ ਦਾ ਪਹਿਲਾ ਸੂਬਾ ਬਣਿਆ ਪੰਜਾਬ ➤ ਭਗਵੰਤ ਸਿੰਘ ਮਾਨ ਨੇ ਸੈਨਿਕ ਸਕੂਲ, ਕਪੂਰਥਲਾ ਦੀ ਸਾਂਭ-ਸੰਭਾਲ ਨੂੰ ਯਕੀਨੀ ਬਣਾਉਣ ਲਈ ਵਚਨਬੱਧਤਾ ਪ੍ਰਗਟਾਈ**



**ਚੰਡੀਗੜ੍ਹ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਦੀ ਸੇਵਾ ਕਰ ਰਹੇ ਬਹਾਦਰ ਸੈਨਿਕਾਂ ਦੇ ਸਨਮਾਨ ਵਜੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਆਮ ਹਾਲਾਤ ਵਿੱਚ ਜਾਨ ਗੁਆਉਣ (ਫਿਜ਼ੀਕਲ ਕੈਜ਼ੂਐਲਿਟੀ) ਵਾਲੇ ਹਥਿਆਰਬੰਦ ਬਲਾਂ ਦੇ 86 ਜਵਾਨਾਂ ਲਈ 21.50 ਕਰੋੜ ਰੁਪਏ (ਪ੍ਰਤੀ ਸੈਨਿਕ 25 ਲੱਖ ਰੁਪਏ) ਦੇ ਐਕਸ-ਗ੍ਰੇਸ਼ੀਆ ਨੂੰ ਮਨਜ਼ੂਰੀ ਦਿੱਤੀ।

ਇੱਥੇ ਆਪਣੀ ਸਰਕਾਰੀ ਰਿਹਾਇਸ਼ ’ਤੇ ਅੱਜ ਸਵੇਰੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਇਨ੍ਹਾਂ ਬਹਾਦਰ ਸੈਨਿਕਾਂ ਦੇ ਵਡਮੁੱਲੇ ਯੋਗਦਾਨ ਦੇ ਸਤਿਕਾਰ ਵਿੱਚ ਪਹਿਲੀ ਵਾਰ ਉਨ੍ਹਾਂ ਦੀ ਸਰਕਾਰ ਵੱਲੋਂ ਸ਼ੁਰੂ ਕੀਤੀ ਇਸ ਐਕਸ-ਗ੍ਰੇਸ਼ੀਆ ਰਾਸ਼ੀ ਨੂੰ ਤੁਰੰਤ ਜਾਰੀ ਕਰਨ ਦੇ ਆਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਅਜਿਹੀ ਕੋਈ ਵਿਵਸਥਾ ਨਹੀਂ ਸੀ ਪਰ ਉਨ੍ਹਾਂ ਦੀ ਸਰਕਾਰ ਨੇ ਇਹ ਪਹਿਲਕਦਮੀ ਕੀਤੀ ਹੈ ਕਿਉਂਕਿ ਇਹ ਬਹਾਦਰ ਯੋਧੇ ਡਿਊਟੀ ਦੌਰਾਨ ਜਾਨੀ ਨੁਕਸਾਨ ਦਾ ਸਾਹਮਣਾ ਕਰਦੇ ਹਨ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ, ਦੇਸ਼ ਦਾ ਅਜਿਹਾ ਇਕਲੌਤਾ ਸੂਬਾ ਹੈ, ਜਿਸ ਨੇ ਆਮ ਹਾਲਾਤ ਵਿੱਚ ਜਾਨ ਗੁਆਉਣ ਵਾਲੇ ਸੈਨਿਕਾਂ ਦੇ ਪਰਿਵਾਰਾਂ ਨੂੰ 25 ਲੱਖ ਰੁਪਏ ਐਕਸ-ਗ੍ਰੇਸ਼ੀਆ ਵਜੋਂ ਦਿੱਤੇ ਹਨ। ਉਨ੍ਹਾਂ ਕਿਹਾ ਕਿ ਇਹ ਰਾਸ਼ੀ ਦੇਸ਼ ਦੇ 70 ਫੀਸਦੀ ਹੋਰ ਸੂਬਿਆਂ ਵੱਲੋਂ ਸ਼ਹੀਦ ਸੈਨਿਕਾਂ ਦੇ ਪਰਿਵਾਰਾਂ ਨੂੰ ਦਿੱਤੀ ਜਾਂਦੀ ਐਕਸ-ਗ੍ਰੇਸ਼ੀਆ ਤੋਂ ਵੀ ਵੱਧ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਅਹੁਦਾ ਸੰਭਾਲਣ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਵਤਨ ਦੀ ਖ਼ਾਤਰ ਇਨ੍ਹਾਂ ਨਾਇਕਾਂ ਵੱਲੋਂ ਡਿਊਟੀ ਦੌਰਾਨ ਦਿੱਤੀਆਂ ਮਹਾਨ ਕੁਰਬਾਨੀਆਂ ਦੇ ਸਨਮਾਨ ਵਜੋਂ ਪਰਿਵਾਰਾਂ ਨੂੰ ਇਕ-ਇਕ ਕਰੋੜ ਰੁਪਏ ਦੇਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਇਹ ਨਿਮਾਣਾ ਜਿਹਾ ਉਪਰਾਲਾ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਨੂੰ ਬਰਕਰਾਰ ਰੱਖਣ ਲਈ ਸਾਡੇ ਸੈਨਿਕਾਂ ਦੇ ਵੱਡਮੁੱਲੇ ਯੋਗਦਾਨ ਪ੍ਰਤੀ ਸਤਿਕਾਰ ਨੂੰ ਦਰਸਾਉਂਦਾ ਹੈ।

ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ਼ਹੀਦਾਂ ਦੇ ਪਰਿਵਾਰਾਂ ਨੂੰ ਵਿੱਤੀ ਸਹਾਇਤਾ ਦੇਣਾ ਸੂਬਾ ਸਰਕਾਰ ਵੱਲੋਂ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਯਕੀਨੀ ਬਣਾਉਣ ਦੀ ਵਚਨਬੱਧਤਾ ਦਾ ਪ੍ਰਗਟਾਵਾ ਕਰਦਾ ਹੈ।

ਇਕ ਹੋਰ ਮਸਲੇ ’ਤੇ ਚਰਚਾ ਕਰਦਿਆਂ ਮੁੱਖ ਮੰਤਰੀ ਨੇ ਸੈਨਿਕ ਸਕੂਲ ਕਪੂਰਥਲਾ ਦੀ ਕਾਇਆ ਕਲਪ ਕਰਨ ਅਤੇ ਇਸ ਦੀ ਢੁਕਵੀਂ ਸਾਂਭ-ਸੰਭਾਲ ਨੂੰ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਨੂੰ ਦੁਹਰਾਇਆ। ਉਨ੍ਹਾਂ ਕਿਹਾ ਕਿ 190 ਏਕੜ ਰਕਬੇ ਵਿੱਚ ਫੈਲਿਆ ਇਹ ਸਕੂਲ ਬਹੁਤ ਹੀ ਖ਼ੂਬਸੂਰਤੀ ਨਾਲ ਤਿਆਰ ਕੀਤੀ ਵਿਰਾਸਤੀ ਇਮਾਰਤ ਵਿੱਚ ਸਥਾਪਤ ਹੈ ਅਤੇ ਸੂਬਾ ਸਰਕਾਰ ਇਸ ਦੀ ਸਾਂਭ-ਸੰਭਾਲ ਲਈ ਵਚਨਬੱਧ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਇਸ ਮੁੱਦੇ ਨੂੰ ਪਹਿਲਾਂ ਹੀ ਭਾਰਤ ਸਰਕਾਰ ਦੇ ਰੱਖਿਆ ਮੰਤਰਾਲੇ ਕੋਲ ਉਠਾ ਚੁੱਕੇ ਹਨ, ਜੋ ਸਕੂਲ ਦੇ ਪ੍ਰਬੰਧਾਂ ਦੀ ਦੇਖ-ਰੇਖ ਕਰ ਰਿਹਾ ਹੈ।

ਇਸ ਦੌਰਾਨ ਮੁੱਖ ਮੰਤਰੀ ਨੇ ਸੂਬੇ ਦੇ ਜੰਗੀ ਨਾਇਕਾਂ ਦੇ ਸਨਮਾਨ ਵਜੋਂ ਹਰੇਕ ਜ਼ਿਲ੍ਹੇ ਵਿੱਚ ਜੰਗੀ ਯਾਦਗਾਰ ਬਣਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਹ ਅਤਿ ਆਧੁਨਿਕ ਯਾਦਗਾਰਾਂ 1-1.5 ਏਕੜ ਰਕਬੇ ਵਿੱਚ ਬਣਾਈਆਂ ਜਾਣਗੀਆਂ, ਜੋ ਜੰਗੀ ਨਾਇਕਾਂ ਨੂੰ ਢੁਕਵੀਂ ਸ਼ਰਧਾਂਜਲੀ ਹੋਵੇਗੀ।

ਭਗਵੰਤ ਸਿੰਘ ਮਾਨ ਨੇ ਇਨ੍ਹਾਂ ਜੰਗੀ ਯਾਦਗਾਰਾਂ ਦੇ ਡਿਜ਼ਾਈਨ ਨੂੰ ਪੰਜਾਬ ਭਰ ਦੇ ਸਾਰੇ ਜ਼ਿਲ੍ਹਿਆਂ ਵਿੱਚ ਬਣਾਉਣ ਦੀ ਸਿਧਾਂਤਕ ਪ੍ਰਵਾਨਗੀ ਵੀ ਦੇ ਦਿੱਤੀ ਹੈ।

# ਜਸਵੀਰ ਸਿੰਘ ਗੜ੍ਹੀ ਵੱਲੋਂ ਸੁਖਬੀਰ ਬਾਦਲ ’ਤੇ ਕੀਤੇ ਹਮਲੇ ਦੀ ਸਖ਼ਤ ਨਿੰਦਾ



**ਸੰਗਰੂਰ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਹੁਜਨ ਸਮਾਜ ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਵੀਡਿਓ ਤੇ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਸੁਖਬੀਰ ਬਾਦਲ ਤੇ ਕੀਤਾ ਹਮਲਾ ਸ੍ਰੀ ਹਰਿਮੰਦਿਰ ਸਾਹਿਬ ਤੇ ਹਮਲਾ ਮੰਨਿਆ ਜਾਵੇ ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜ਼ਾ ਜਫਤਾ ਸੇਵਾ ਕਰ ਰਹੇ ਸੇਵਾਦਾਰ ਸੁਖਬੀਰ ਸਿੰਘ ਬਾਦਲ ਅੱਜ ਪੰਥ ਦੀ ਚਾਕਰੀ ਕਰ ਰਹੇ ਸਨ। ਕਾਂਗਰਸੀ ਪਰਿਵਾਰ ਨਾਲ ਜੁੜੇ ਦੋਸ਼ੀ ਨਰਾਇਣ ਸਿੰਘ ਨੇ ਨਰੈਣੂ ਮਹੰਤ ਦੀ ਯਾਦ ਕਰਵਾ ਦਿੱਤੀ ਹੈ। ਦਰਬਾਰ ਸਾਹਿਬ ਦੇ ਮੁੱਖ ਗੇਟ ਤੇ ਵੱਜੀ ਗੋਲੀ ਨਾਲ ਇਤਿਹਾਸ ਦੇ 8 ਹਮਲੇ ਯਾਦ ਹੋਏ ਜੋਕਿ 1737, 1757, 1762, 1764, 1955, 1984, 1986 ਤੇ 1988 ਦੇ ਸਾਲ ਵਿੱਚ ਹੋਏ। ਇਹਨਾ 8 ਹਮਲਿਆਂ ਵਿਚ ਗੋਲੀਬਾਰੀ ਹੋਈ ਸੀ ਜੋਕਿ ਦਰਬਾਰ ਸਾਹਿਬ ਦੀਆਂ ਕੰਧਾਂ ਵਿੱਚ ਵੱਜੀਆਂ ਸਨ। ਸ ਗੜ੍ਹੀ ਨੇ ਕਿਹਾ ਕਿ ਇਹ ਗੋਲ਼ੀ ਪੰਜਾਬ ਦੇ ਸ਼ਾਂਤ ਮਾਹੌਲ, ਭਾਇਚਾਰੇ ਤੇ ਵਿਕਾਸ ਤੇ ਚੱਲੀ ਹੈ ਜਿਸ ਨਾਲ ਮੁੜ ਕਤਲੋ ਗਾਰਤ ਦਾ ਯੁੱਗ ਸ਼ੁਰੂ ਹੋ ਸਕਦਾ ਹੈ। ਇਹ ਗੋਲੀ ਸ੍ਰੀ ਅਕਾਲ ਤਖਤ ਸਾਹਿਬ ਤੇ ਫੈਸਲੇ ਅਤੇ ਪੰਥ ਦੀ ਸਰਮੌਰਤਾ ਤੇ ਵੀ ਚੱਲੀ ਹੈ ਅਜਿਹਾ ਮੰਨਿਆ ਜਾਣਾ ਚਾਹੀਦਾ ਹੈ। ਪੰਜਾਬ ਸਰਕਾਰ ਨੂੰ ਅਪੀਲ ਕਰਦਿਆ ਸ ਗੜ੍ਹੀ ਨੇ ਕਿਹਾ ਕਿ 24 ਘੰਟਿਆਂ ਵਿੱਚ ਨਿਆਂਇਕ ਜਾਂਚ ਨਿਯੁਕਤ ਕੀਤੀ ਜਾਣੀ ਚਾਹੀਦੀ ਹੈ।

# ਸਟੀਫਨ ਇੰਟਰਨੈਸ਼ਨਲ ਸਕੂਲ ਨੇ 2024-25 ਦੀ ਸਾਲਾਨਾ ਐਥਲੈਟਿਕ ਮੀਟ ਦੀ ਕੀਤੀ ਮੇਜ਼ਬਾਨੀ




**ਸੰਗਰੂਰ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਟੀਫਨ ਇੰਟਰਨੈਸ਼ਨਲ ਸਕੂਲ, ਸੰਗਰੂਰ, ਨੇ ਹਾਲ ਹੀ ਵਿੱਚ ਸਲਾਨਾ ਐਥਲੈਟਿਕ ਮੀਟ 2024-2025 ਦੀ ਮੇਜ਼ਬਾਨੀ ਕੀਤੀ, ਜਿਸ ਵਿੱਚ ਪਲੇਵੇਅ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੀ ਉਤਸ਼ਾਹੀ ਭਾਗੀਦਾਰੀ ਦੇਖਣ ਨੂੰ ਮਿਲੀ। ਇਸ ਸਮਾਗਮ ਵਿੱਚ ਮੁੱਖ ਮਹਿਮਾਨ ਸ਼੍ਰੀ ਯਸ਼ਪਾਲ ਬਾਂਸਲ, ਸ਼੍ਰੀ ਰਾਜ ਕੁਮਾਰ ਧੋਤ, ਮਾਸਟਰ ਸਤਪਾਲ ਸ਼ਰਮਾ, ਸ਼੍ਰੀਮਤੀ ਹਰਜੀਤ ਸਿੰਘ ਅਰੋੜਾ, ਸ਼੍ਰੀਮਤੀ ਸੀਤਾ ਰਾਣੀ, ਸ਼੍ਰੀ ਚੰਦਰ ਸ਼ਰਮਾ, ਅਤੇ ਸ਼. ਰਮੇਸ਼ ਚੰਦ ਸ਼ਰਮਾ ਸ਼ਾਮਿਲ ਹੋਏ।

ਮੀਟਿੰਗ ਦੀ ਸ਼ੁਰੂਆਤ ਵਿਦਿਆਰਥੀਆਂ ਦੁਆਰਾ ਗਾਏ ਗਏ ਸਵਾਗਤੀ ਗੀਤ ਨਾਲ ਹੋਈ, ਇਸ ਤੋਂ ਬਾਅਦ ਇੱਕ ਗੁਬਾਰੇ ਦੀ ਰਸਮ ਹੋਈ, ਜਿੱਥੇ ਰੰਗੀਨ ਗੁਬਾਰੇ ਅਸਮਾਨ ਵਿੱਚ ਛੱਡੇ। ਮਸ਼ਾਲ ਦੀ ਰਸਮ ਅਤੇ ਮਾਰਚ ਪਾਸਟ ਨੇ ਜੋਸ਼ ਵਿੱਚ ਵਾਧਾ ਕੀਤਾ।

ਐਥਲੈਟਿਕ ਮੁਕਾਬਲਿਆਂ ਵਿੱਚ 50 ਮੀਟਰ, 100 ਮੀਟਰ ਅਤੇ 400 ਮੀਟਰ ਦੌੜ ਦੇ ਨਾਲ-ਨਾਲ ਅੜਿੱਕਾ, ਕੱਛੂ, ਲੰਬੀ ਛਾਲ, ਸ਼ਾਟ ਪੁਟ, ਰਿਲੇਅ, ਨਿੰਬੂ ਅਤੇ ਤਿੰਨ ਲੱਤਾਂ ਦੀਆਂ ਦੌੜਾਂ ਸ਼ਾਮਲ ਸਨ। ਵਿਦਿਆਰਥੀਆਂ ਨੇ ਟੀਮ ਵਰਕ, ਖੇਡ ਭਾਵਨਾ ਅਤੇ ਦ੍ਰਿੜਤਾ ਦਾ ਪ੍ਰਦਰਸ਼ਨ ਕਰਦੇ ਹੋਏ ਆਪਣੇ ਪ੍ਰਭਾਵਸ਼ਾਲੀ ਹੁਨਰ ਦਾ ਪ੍ਰਦਰਸ਼ਨ ਕੀਤਾ।

ਸਮਾਗਮ ਦੀ ਸਮਾਪਤੀ ਇਨਾਮ ਵੰਡ ਸਮਾਰੋਹ ਨਾਲ ਹੋਈ, ਜਿੱਥੇ ਮੁੱਖ ਮਹਿਮਾਨਾਂ ਨੇ ਵੱਖ-ਵੱਖ ਖੇਡਾਂ ਦੇ ਰਾਜ ਦੇ ਖਿਡਾਰੀਆਂ ਨੂੰ ਸਨਮਾਨਿਤ ਕੀਤਾ। ਚੇਅਰਮੈਨ ਸ਼੍ਰੀ ਦੀਪਕ ਗੁਪਤਾ ਅਤੇ ਸਚਿਨ ਗੁਪਤਾ ਸਮੇਤ ਡਾਇਰੈਕਟਰ ਪ੍ਰਿੰਸੀਪਲ ਸ਼੍ਰੀਮਤੀ ਮੋਨਿਕਾ ਸ਼ਰਮਾ ਨੇ ਇਸ ਈਵੈਂਟ ਅਤੇ ਐਥਲੀਟਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ।

ਸਲਾਨਾ ਐਥਲੈਟਿਕ ਮੀਟ 2024-2025 ਅਸਲ ਵਿੱਚ ਇੱਕ ਅਭੁੱਲ ਤਜਰਬਾ ਸੀ, ਜਿਸ ਨੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਵਿੱਚ ਦੋਸਤੀ, ਮੁਕਾਬਲੇਬਾਜ਼ੀ ਅਤੇ ਖੁਸ਼ੀ ਦੀ ਭਾਵਨਾ ਨੂੰ ਉਤਸ਼ਾਹਿਤ ਕੀਤਾ।

# ਢਕੋਲੀ ਖੇਤਰ ਵਿੱਚ ਵਧ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਸੁਸਾਇਟੀਆਂ ਅਤੇ ਗੈਰ ਸਰਕਾਰੀ ਸੰਗਠਨਾਂ ਦੇ ਪ੍ਰਧਾਨ ਕਾਰਜਸਾਧਕ ਅਫ਼ਸਰ ਨੂੰ ਮਿਲੇ; ਦਿੱਤਾ ਭਰੋਸਾ



**ਜ਼ੀਰਕਪੁਰ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੁੱਧਵਾਰ ਨੂੰ, ਢਕੋਲੀ ਖੇਤਰ ਦੀਆਂ ਵੱਖ-ਵੱਖ ਸੋਸਾਇਟੀਆਂ ਅਤੇ ਗੈਰ-ਸਰਕਾਰੀ ਸੰਸਥਾਵਾਂ (ਐਨ.ਜੀ.ਓਜ਼) ਦੇ ਪ੍ਰਧਾਨਾਂ ਨੇ ਸਥਾਨਕ ਲੋਕਾਂ ਨੂੰ ਪ੍ਰਭਾਵਿਤ ਕਰਨ ਵਾਲਿਆਂ ਸਮੱਸਿਆਵਾਂ ਅਤੇ ਮੁੱਦਿਆਂ ’ਤੇ ਚਰਚਾ ਕਰਨ ਅਤੇ ਹੱਲ ਲੱਭਣ ਲਈ ਜ਼ੀਰਕਪੁਰ ਨਗਰ ਕੌਂਸਲ ਦੇ ਕਾਰਜਸਾਧਕ ਅਫਸਰ ਅਸ਼ੋਕ ਪਠਾਰੀਆ ਨਾਲ ਮੁਲਾਕਾਤ ਕਰਨ ਲਈ ਇਕੱਠੇ ਹੋਏ।

ਮੀਟਿੰਗ ਵਿੱਚ ਤਿੰਨ ਮੁੱਖ ਚਿੰਤਾਵਾਂ ’ਤੇ ਧਿਆਨ ਕੇਂਦਰਿਤ ਕੀਤਾ ਗਿਆ: ਢਕੋਲੀ ਨੇੜੇ ਕੂੜਾ ਇਕੱਠਾ ਕਰਨ ਵਾਲੇ ਪੁਆਇੰਟ ਨੂੰ ਹਟਾਉਣਾ, ਖੇਤਰ ਵਿੱਚ ਝੁੱਗੀਆਂ ਦੀ ਵਧ ਰਹੀ ਸਮੱਸਿਆ ਅਤੇ ਪ੍ਰਸਤਾਵਿਤ ਢਕੋਲੀ ਰੇਲਵੇ ਅੰਡਰਬ੍ਰਿਜ। ਢਕੋਲੀ ਦੇ ਵਸਨੀਕਾਂ ਨੂੰ ਉਨ੍ਹਾਂ ਦੀ ਮੁੱਖ ਸੜਕ ਤੇ ਸਬਜ਼ੀ ਮੰਡੀ ਦੇ ਨੇੜੇ ਕੂੜਾ ਇਕੱਠਾ ਕਰਨ ਵਾਲੀ ਥਾਂ ਚ ਹਰ ਵੇਲੇ ਸੜਕ ਤੇ ਫੈਲੇ ਹੋਏ ਕੂੜੇ ਕਾਰਨ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੁਸਾਇਟੀਆਂ ਅਤੇ ਗੈਰ-ਸਰਕਾਰੀ ਸੰਗਠਨਾਂ ਦੇ ਪ੍ਰਧਾਨ, ਸਬੰਧਤ ਨਾਗਰਿਕਾਂ ਦੇ ਨਾਲ, ਇਸ ਦੇ ਵਾਤਾਵਰਣ ਅਤੇ ਨਿਵਾਸੀਆਂ ਦੀ ਸਿਹਤ ’ਤੇ ਮਾੜੇ ਪ੍ਰਭਾਵ ਕਾਰਨ ਇਸ ਨੂੰ ਹਟਾਉਣ ਦੀ ਮੰਗ ਕਰ ਰਹੇ ਹਨ। ਮੀਟਿੰਗ ਦੌਰਾਨ ਕਾਰਜਸਾਧਕ ਅਫਸਰ ਅਸ਼ੋਕ ਪਠਾਰੀਆ ਨੇ ਹਾਜ਼ਰੀਨ ਨੂੰ ਭਰੋਸਾ ਦਿਵਾਇਆ ਕਿ ਕੂੜਾ ਇਕੱਠਾ ਕਰਨ ਵਾਲੇ ਸਥਾਨ ਨੂੰ ਹੋਰ ਢੁਕਵੀਂ ਥਾਂ ’ਤੇ ਤਬਦੀਲ ਕੀਤਾ ਜਾਵੇਗਾ, ਜਿਸ ਨਾਲ ਲੋਕਾਂ ਨੂੰ ਲੋੜੀਂਦੀ ਰਾਹਤ ਮਿਲੇਗੀ। ਮੀਟਿੰਗ ਦੌਰਾਨ ਵਿਚਾਰਿਆ ਗਿਆ ਇੱਕ ਹੋਰ ਅਹਿਮ ਮੁੱਦਾ ਢਕੋਲੀ ਖੇਤਰ ਵਿੱਚ ਝੁੱਗੀਆਂ-ਝੌਂਪੜੀਆਂ ਦੀ ਵੱਧ ਰਹੀ ਸਮੱਸਿਆ ਸੀ।

ਸੁਸਾਇਟੀਆਂ ਅਤੇ ਗੈਰ-ਸਰਕਾਰੀ ਸੰਗਠਨਾਂ ਦੇ ਪ੍ਰਧਾਨਾਂ ਨੇ ਝੁੱਗੀ-ਝੌਂਪੜੀ ਵਾਲਿਆਂ ਦੇ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਭਾਈਚਾਰੇ ਦੇ ਸਮੁੱਚੇ ਵਿਕਾਸ ’ਤੇ ਇਸ ਦੇ ਪ੍ਰਭਾਵ ਬਾਰੇ ਆਪਣੀਆਂ ਚਿੰਤਾਵਾਂ ਪ੍ਰਗਟਾਈਆਂ। ਕਾਰਜਸਾਧਕ ਅਫ਼ਸਰ ਅਸ਼ੋਕ ਪਠਾਰੀਆ ਨੇ ਇਸ ਮੁੱਦੇ ਦੀ ਗੰਭੀਰਤਾ ਨੂੰ ਸਵੀਕਾਰ ਕੀਤਾ ਅਤੇ ਹਾਜ਼ਰੀਨ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਸਮੱਸਿਆ ਨੂੰ ਹੱਲ ਕਰਨ ਅਤੇ ਝੁੱਗੀ-ਝੌਂਪੜੀ ਵਾਲਿਆਂ ਲਈ ਬਿਹਤਰ ਰਹਿਣ ਦੀਆਂ ਸਥਿਤੀਆਂ ਪ੍ਰਦਾਨ ਕਰਨ ਲਈ ਇੱਕ ਯੋਜਨਾ ’ਤੇ ਕੰਮ ਕਰ ਰਹੀ ਹੈ।ਅਖੀਰ ਵਿੱਚ ਪ੍ਰਸਤਾਵਿਤ ਢਕੋਲੀ ਰੇਲਵੇ ਅੰਡਰਬ੍ਰਿਜ ਵੀ ਮੀਟਿੰਗ ਦੌਰਾਨ ਚਰਚਾ ਦਾ ਵਿਸ਼ਾ ਰਿਹਾ। ਸੁਸਾਇਟੀਆਂ ਅਤੇ ਗੈਰ ਸਰਕਾਰੀ ਸੰਗਠਨਾਂ ਦੇ ਪ੍ਰਧਾਨਾਂ ਨੇ ਟਰੈਫਿਕ ਭੀੜ ਨੂੰ ਘੱਟ ਕਰਨ ਅਤੇ ਖੇਤਰ ਵਿੱਚ ਸੰਪਰਕ ਨੂੰ ਬਿਹਤਰ ਬਣਾਉਣ ਲਈ ਅੰਡਰਬ੍ਰਿਜ ਜ਼ਾ ਓਵਰਬ੍ਰਿਜ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ। ਈਓ ਅਸ਼ੋਕ ਪਠਾਰੀਆ ਨੇ ਹਾਜ਼ਰੀਨ ਨੂੰ ਭਰੋਸਾ ਦਿਵਾਇਆ ਕਿ ਪੀ.ਡਬਲਯੂ.ਡੀ ਅਤੇ ਰੇਲਵੇ ਅਧਿਕਾਰੀਆਂ ਦੀ ਨਿਗਰਾਨੀ ਹੇਠ ਪ੍ਰੋਜੈਕਟ ਦਾ ਕੰਮ ਚੱਲ ਰਿਹਾ ਹੈ ਅਤੇ ਸਮੇਂ ਸਿਰ ਪੂਰਾ ਕੀਤਾ ਜਾਵੇਗਾ।

# ਜ਼ੀਰਕਪੁਰ ਨਗਰ ਕੌਂਸਲ ਨਜਾਇਜ਼ ਉਸਾਰੀਆਂ ਖਿਲਾਫ ਕਾਰਵਾਈ ਕਰਨ ’ਚ ਨਾਕਾਮ !



**ਜ਼ੀਰਕਪੁਰ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ੀਰਕਪੁਰ ਨਗਰ ਕੌਂਸਲ ਸ਼ਹਿਰ ਵਿੱਚ ਨਾਜਾਇਜ਼ ਉਸਾਰੀਆਂ ਖ਼ਿਲਾਫ਼ ਲੰਬੇ ਸਮੇਂ ਤੋਂ ਕਾਰਵਾਈ ਕਰਨ ਵਿੱਚ ਨਾਕਾਮ ਰਹੀ ਹੈ। ਕਈ ਸ਼ਿਕਾਇਤਾਂ ਅਤੇ ਚੇਤਾਵਨੀਆਂ ਦੇ ਬਾਵਜੂਦ, ਕੌਂਸਲ ਦੇ ਅਧਿਕਾਰੀਆਂ ਨੇ ਅੱਖਾਂ ਬੰਦ ਕਰ ਰੱਖਿਆ ਹਨ, ਜਿਸ ਨਾਲ ਬਿਲਡਰਾਂ ਦੇ ਹੌਂਸਲੇ ਬੁਲੰਦ ਹੋ ਚੁੱਕੇ ਹਨ ਜੋ ਆਪਣੀਆਂ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਵਿਅਸਤ ਹਨ। ਸ਼ਹਿਰ ਦੇ ਬਿਲਡਰਾਂ ਦੇ ਹੌਂਸਲੇ ਇੰਨੇ ਬੁਲੰਦ ਹਨ ਕਿ ਉਨ੍ਹਾਂ ਨੇ ਹੁਣ ਮਨਜ਼ੂਰੀ ਤੋਂ ਵੱਧ 5-5 ਮੰਜ਼ਿਲਾਂ ਦੀ ਉਸਾਰੀ ਕਰਕੇ ਲੋਕਾਂ ਦੀਆਂ ਜਾਨਾਂ ਨਾਲ ਖੇਡਣਾ ਸ਼ੁਰੂ ਕਰ ਦਿੱਤਾ ਹੈ। ਜਦੋਂ ਇਸ ਸੰਬੰਧੀ ਜਿੰਮੇਵਾਰ ਬਿਲਡਿੰਗ ਇੰਸਪੈਕਟਰਾਂ ਨਾਲ ਗੱਲ ਕੀਤੀ ਜਾਂਦੀ ਹੈ ਤਾਂ ਉ ਇਹ ਦਾਅਵਾ ਕਰਦੇ ਹੋਏ ਇਸ ਮੁੱਦੇ ਤੋਂ ਪੱਲਾ ਝਾੜ ਲੈਂਦੇ ਹਨ ਕਿ ਲੋਕ ਰਾਤ ਨੂੰ ਜਾਂ ਛੁੱਟੀ ਵਾਲੇ ਦਿਨ ਗੈਰ-ਕਾਨੂੰਨੀ ਢੰਗ ਨਾਲ ਉਸਾਰੀ ਕਰਦੇ ਹਨ ਜਦੋਂ ਉਨ੍ਹਾਂ ਤੇ ਕਾਰਵਾਈ ਕੀਤੇ ਜਾਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਜਵਾਬਦੇਹੀ ਅਤੇ ਲਾਗੂ ਕਰਨ ਦੀ ਇਸ ਘਾਟ ਨੇ ਬਿਲਡਰਾਂ ਨੂੰ ਉਤਸ਼ਾਹਿਤ ਕੀਤਾ ਹੈ, ਜੋ ਹੁਣ ਸਥਿਤੀ ਦਾ ਫਾਇਦਾ ਉਠਾ ਬਹੁ-ਮੰਜ਼ਿਲਾ ਇਮਾਰਤਾਂ ਦਾ ਨਿਰਮਾਣ ਕਰ ਅਲਾਕੇ ਵਿੱਚ ਰਹਿੰਦੇ ਨਿਰਦੋਸ਼ ਨਾਗਰਿਕਾਂ ਦੀਆਂ ਜਾਨਾਂ ਨੂੰ ਜੋਖਮ ਵਿੱਚ ਪਾ ਰਹੇ ਹਨ। ਜ਼ੀਰਕਪੁਰ ਨਗਰ ਕੌਂਸਲ ਦੇ ਉੱਚ ਅਧਿਕਾਰੀਆਂ ਦੀ ਵੀ ਨਾਕਾਮੀ ਲਈ ਆਲੋਚਨਾ ਹੋ ਰਹੀ ਹੈ। ਗੈਰ-ਕਾਨੂੰਨੀ ਉਸਾਰੀ ਬਾਰੇ ਜਾਣੂ ਹੋਣ ਦੇ ਬਾਵਜੂਦ, ਉਨ੍ਹਾਂ ਨੇ ਇਸ ਮੁੱਦੇ ਨੂੰ ਹੱਲ ਕਰਨ ਲਈ ਲਗਾਤਾਰ ਟਾਲ ਵੱਟੀ ਹੋਈ ਹੈ, ਜਿਸ ਨਾਲ ਇਹ ਖਤਰਨਾਕ ਪੱਧਰ ਤੱਕ ਵਧ ਗਿਆ ਹੈ। ਕੌਂਸਲ ਦੀ ਇਸ ਲਾਪਰਵਾਹੀ ਕਾਰਨ ਨਾ ਸਿਰਫ਼ ਇਮਾਰਤੀ ਨਿਯਮਾਂ ਦੀ ਉਲੰਘਣਾ ਹੋ ਰਹੀ ਹੈ ਸਗੋਂ ਆਮ ਲੋਕਾਂ ਦੀ ਸੁਰੱਖਿਆ ਨੂੰ ਵੀ ਖਤਰੇ ਵਿੱਚ ਪਾ ਦਿੱਤਾ ਹੈ। ਸਥਾਨਕ ਲੋਕਾਂ ਦੀ ਮੰਗ ਹੈ ਕਿ ਜ਼ੀਰਕਪੁਰ ਨਗਰ ਕੌਂਸਲ ਨੂੰ ਇਸ ਭਖਦੇ ਗੰਭੀਰ ਹੁੰਦੇ ਮਸਲੇ ਦੇ ਹੱਲ ਲਈ ਤੁਰੰਤ ਕਾਰਵਾਈ ਕਰਨੀ ਚਾਹੀਦੀ ਹੈ। ਨਾਗਰਿਕਾਂ ਦੀ ਸੁਰੱਖਿਆ ਅਧਿਕਾਰੀਆਂ ਦੀ ਪ੍ਰਮੁੱਖ ਤਰਜੀਹ ਹੋਣੀ ਚਾਹੀਦੀ ਹੈ। ਕੌਂਸਲ ਨੂੰ ਬਿਲਡਿੰਗ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਲਈ ਸਖ਼ਤ ਜ਼ੁਰਮਾਨੇ ਨੂੰ ਲਾਗੂ ਕਰਨੇ ਚਾਹੀਦੇ ਹਨ ਅਤੇ ਇਹ ਯਕੀਨੀ ਬਣਾਉਣ ਲਈ ਜ਼ਰੂਰੀ ਉਪਾਅ ਕਰਨੇ ਚਾਹੀਦੇ ਹਨ ਕਿ ਸ਼ਹਿਰ ਵਿੱਚ ਸਾਰੀਆਂ ਉਸਾਰੀਆਂ ਕਾਨੂੰਨੀ ਅਤੇ ਸੁਰੱਖਿਅਤ ਹਨ। ਜ਼ੀਰਕਪੁਰ ਦੇ ਨਾਗਰਿਕ ਇੱਕ ਸੁਰੱਖਿਅਤ ਵਾਤਾਵਰਣ ਦੇ ਹੱਕਦਾਰ ਹਨ, ਅਤੇ ਇਹ ਪ੍ਰਦਾਨ ਕਰਨਾ ਕੌਂਸਲ ਦੀ ਜ਼ਿੰਮੇਵਾਰੀ ਹੈ।

ਇਸ ਸੰਬਧੀ ਨਗਰ ਕੌਂਸਲ ਜ਼ੀਰਕਪੁਰ ਦੇ ਕਾਰਜਸਾਧਕ ਅਫ਼ਸਰ ਅਸ਼ੋਕ ਪਥਰੀਆ ਨੇ ਭਰੋਸਾ ਦਿਵਾਇਆ ਹੈ ਕਿ ਉਹ ਮਸਲੇ ਦੀ ਗੰਭੀਰਤਾ ਨਾਲ ਜਾਂਚ ਕਰਵਾ ਕਨੂੰਨੀ ਕਾਰਵਾਈ ਕਰਨਗੇ।

# ਸਕੂਲ ਪੱਧਰ ’ਤੇ ਹੀ ਬੱਚਿਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਦੀ ਲੋੜ: ਅੱਛਰੂ ਰਾਮ ਸ਼ਰਮਾ




**ਪਟਿਆਲਾ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੋਟਰੀ ਕਲੱਬ ਪਟਿਆਲਾ ਗ੍ਰੇਟਰ ਵਲੋਂ ਸੀਨੀਅਰ ਸੈਕੰਡਰੀ ਸਕੂਲ ਭਾਂਖਰ ਵਿਖੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਅਤੇ ਟ੍ਰੈਫਿਕ ਨਿਯਮਾਂ ਸਬੰਧੀ ਜਾਗਰੂਕ ਕਰਨ ਲਈ ਪ੍ਰੋਗਰਾਮ ਦਾ ਆਯੋਜਨ ਰੋਟਰੀ ਕਲੱਬ ਪਟਿਆਲਾ ਗ੍ਰੇਟਰ ਦੇ ਪ੍ਰਧਾਨ ਸੀਨੀਅਰ ਐਡਵੋਕੇਟ ਐਚ ਐਨ ਮੈਹਸਮਪੁਰੀ ਜੀ ਦੀ ਅਗਵਾਈ ਹੇਠ ਕੀਤਾ ਗਿਆ

ਜਿਸ ਵਿਚ ਮੁੱਖ ਮਹਿਮਾਨ ਡੀ ਐਸ ਪੀ ਟ੍ਰੈਫਿਕ ਅੱਛਰੂ ਰਾਮ ਸ਼ਰਮਾ ਨੇ ਸ਼ਿਰਕਤ ਕੀਤੀ, , ਪ੍ਰੋਗਰਾਮ ਦੀ ਪ੍ਰਧਾਨਗੀ ਬਲਜਿੰਦਰ ਸ਼ਰਮਾ ਪੰਜੋਲਾ ਕੋਆਰਡੀਨੇਟਰ ਜੱਗ ਬਾਣੀ ਪੰਜਾਬ ਕੇਸਰੀ ਪਟਿਆਲਾ ਨੇ ਕੀਤੀ, ਪ੍ਰੋਗਰਾਮ ਦੌਰਾਨ ਮੁੱਖ ਬੁਲਾਰੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਸਰਪ੍ਰਸਤ ਪਾਵਰ ਹਾਊਸ ਯੂਥ ਕਲੱਬ ਅਤੇ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ ਅਤੇ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪਹੁੰਚੇ, ਇਸ ਮੌਕੇ ਪ੍ਰਿੰਸੀਪਲ ਰਾਜੇਸ਼ ਗਰਗ ਅਤੇ ਸੈਕਿੰਡ ਇੰਚਾਰਜ ਰਵਿੰਦਰ ਕੁਮਾਰ ਵਲੋਂ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ,

ਵਿਸ਼ੇਸ਼ ਤੌਰ ਤੇ ਡਾਕਟਰ ਆਰ ਕੇ ਚੋਧਰੀ ਸੈਕਟਰੀ, ਡਾਕਟਰ ਮਨਜੀਤ ਸਿੰਘ ਪ੍ਰੋਜੈਕਟ ਚੇਅਰਮੈਨ, ਸੁਨੀਲ ਕੁਮਾਰ ਵਧਵਾ, ਸੈਕਟਰੀ ਸੀਨੀਅਰ ਸਿਟੀਜਨ ਵੈਲਫੇਅਰ ਸੁਸਾਇਟੀ, ਜਸਵੰਤ ਲਾਲ ਕਾਡਾ , ਯੁਗੇਸ਼ ਸ਼ਰਮਾ, ਸੁਖਦੇਵ ਰਾਮ ਨੇ ਸ਼ਿਰਕਤ ਕੀਤੀ, ਇਸ ਮੌਕੇਂ ਸੰਬੋਧਨ ਕਰਦਿਆਂ ਡੀ ਐਸ ਪੀ ਟ੍ਰੈਫਿਕ ਅੱਛਰੂ ਰਾਮ ਸ਼ਰਮਾ ਨੇ ਕਿਹਾ ਕਿ ਕਿਸ਼ੋਰ ਅਵਸਥਾ ਵਿਚ ਹੀ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦੇਣੀ ਚਾਹੀਦੀ ਹੈ ਉਹਨਾਂ ਕਿਹਾ ਕਿ ਨਸ਼ਿਆਂ ਅੱਜ ਬਹੁਤ ਹੀ ਚਿੰਤਾ ਦੀ ਗੱਲ ਹੈ ਕਿ ਛੋਟੇ ਛੋਟੇ ਬੱਚੇ ਵੀ ਨਸ਼ਿਆਂ ਦੀ ਦਲਦਲ ਵਿੱਚ ਫਸ ਰਹੇ ਹਨ

ਇਸ ਲਈ ਸਾਨੂੰ ਸਾਰਿਆਂ ਨੂੰ ਸਕੂਲ ਪੱਧਰ ਤੇ ਹੀ ਵਿਦਿਆਰਥੀ ਵਰਗ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਚਾਹੀਦਾ ਹੈ ।

ਉਹਨਾ ਕਿਹਾ ਕਿ ਹੋਰਨਾਂ ਸੰਸਥਾਵਾਂ ਨੂੰ ਵੀ ਨਸ਼ਿਆਂ ਵਿਰੁੱਧ ਅੱਗੇ ਆ ਕੇ ਕੰਮ ਕਰਨਾ ਚਾਹੀਦਾ ਹੈ ਉਹਨਾਂ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਕਿਹਾ ਉਹਨਾਂ ਕਿਹਾ ਕਿ ਦੋ ਪਹੀਆ ਵਾਹਨਾਂ ਚਾਲਕ ਹੈਲਮਟ ਅਤੇ ਚਾਰ ਪਹੀਆ ਵਾਹਨਾਂ ਨੂੰ ਚਲਾਉਣ ਵਾਲੇ ਸ਼ੀਟ ਬੈਲਟ ਜ਼ਰੂਰ ਲਗਾਉਣ।

ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਵਲੋਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਵਿਸਥਾਰਪੂਰਵਕ ਦਿੱਤੀ ਅਤੇ ਡਰੱਗ ਫਰੀ ਵਲੱਡ ਕੈਲੇਫੋਰਨੀਆਂ ਅਮਰੀਕਾ ਵਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਲਈ ਕਿਤਾਬਾਂ ਵੀ ਵੰਡੀਆਂ ਗਈਆਂ।

# ਵਿਆਹ ਦੇ ਪ੍ਰੋਗਰਾਮ ਵਿੱਚ ਗਵਾਂਢੀਆਂ ਨੇ ਚਲਾਈਆਂ ਗੋਲੀਆਂ



**ਮਾਛੀਵਾੜਾ ਸਾਹਿਬ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਥਾਣਾ ਕੂੰਮਕਲਾਂ ਅਧੀਨ ਪੈਂਦੇ ਪਿੰਡ ਕੋਟ ਗੰਗੂਰਾਏ ਵਿਖੇ ਇੱਕ ਵਿਆਹ ਵਾਲੇ ਘਰ ’ਚ ਜਾਗੋ ਸਮਾਗਮ ਚੱਲ ਰਿਹਾ ਸੀ।

ਉੱਥੇ ਗੁਆਂਢੀ ਨੇ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਲਾੜੇ ਦਾ ਚਚੇਰਾ ਭਰਾ ਮਨਦੀਪ ਸਿੰਘ ਵਾਸੀ ਕੋਟ ਗੰਗੂ ਰਾਏ ਜ਼ਖ਼ਮੀ ਹੋ ਗਿਆ।

ਹਸਪਤਾਲ ’ਚ ਇਲਾਜ ਅਧੀਨ ਮਨਦੀਪ ਸਿੰਘ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਸਦੇ ਚਾਚੇ ਦੇ ਮੁੰਡੇ ਗੁਰਮੀਤ ਸਿੰਘ ਦਾ ਵਿਆਹ ਸੀ ਅਤੇ ਰਾਤ ਨੂੰ ਜਾਗੋ ਸਮਾਗਮ ਚੱਲ ਰਿਹਾ ਸੀ।

ਉਨ੍ਹਾਂ ਦੇ ਗੁਆਂਢੀ ਜਗਦੀਸ਼ ਸਿੰਘ ਨੇ ਸ਼ਰਾਬ ਪੀਤੀ ਹੋਈ ਸੀ। ਉਸ ਨੇ ਆਪਣੇ ਪਿਸਤੌਲ ਨਾਲ 3 ਹਵਾਈ ਫਾਇਰ ਕੀਤੇ। ਜਦੋਂ ਉਸ ਨੂੰ ਰੋਕਿਆ ਤਾਂ ਉਸ ਨੇ ਮੈਨੂੰ ਗਾਲੀ-ਗਲੋਚ ਕਰਦਿਆਂ ਕੱਚ ਦਾ ਗਿਲਾਸ ਮੇਰੇ ਵੱਲ ਮਾਰਿਆ।

ਜਗਦੀਸ਼ ਸਿੰਘ ਉਸ ਤੋਂ ਬਾਅਦ ਆਪਣੇ ਘਰ ਜਾ ਕੇ ਮਕਾਨ ਦੀ ਛੱਤ ’ਤੇ ਚੜ੍ਹ ਗਿਆ, ਜਿਸ ਨੇ ਮਾਰ ਦੇਣ ਦੀ ਨੀਅਤ ਨਾਲ ਮੇਰੇ ’ਤੇ 3 ਫਾਇਰ ਕੀਤੇ।

ਇਨ੍ਹਾਂ ’ਚੋਂ ਇੱਕ ਗੋਲੀ ਮੇਰੇ ਮੱਥੇ ਦੇ ਖੱਬੇ ਪਾਸਿਓਂ ਛੂਹ ਕੇ ਲੰਘ ਗਈ, ਜਦੋਂ ਕਿ 2 ਗੋਲੀਆਂ ਮੇਰੀ ਖੱਬੀ ਬਾਂਹ ’ਤੇ ਲੱਗੀਆਂ।

ਜਖ਼ਮੀ ਹਾਲਤ ਵਿਚ ਮੈਨੂੰ ਦੋਰਾਹਾ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ। ਜਖ਼ਮੀ ਮਨਦੀਪ ਸਿੰਘ ਨੇ ਦੱਸਿਆ ਕਿ ਜਗਦੀਸ਼ ਸਿੰਘ ਨਾਲ ਉਨ੍ਹਾਂ ਦੀ ਪੁਰਾਣੀ ਰੰਜਿਸ਼ ਸੀ ਕਿਉਂਕਿ ਉਨ੍ਹਾਂ ਦਾ ਪਿੰਡ ’ਚ ਜਗ੍ਹਾ ਨੂੰ ਲੈ ਕੇ ਝਗੜਾ ਚੱਲ ਰਿਹਾ ਸੀ।

ਜਿਸ ਸਬੰਧੀ ਉਸਨੇ ਮਾਰ ਦੇਣ ਦੀ ਨੀਅਤ ਨਾਲ ਉਸ ਉੱਪਰ ਗੋਲੀਆਂ ਚਲਾਈਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਟਾਣੀ ਕਲਾਂ ਦੇ ਇੰਚਾਰਜ ਨੇ ਦੱਸਿਆ ਕਿ ਮਨਦੀਪ ਸਿੰਘ ਵਲੋਂ ਦਿੱਤੇ ਬਿਆਨਾਂ ਦੇ ਆਧਾਰ ’ਤੇ ਜਗਦੀਸ਼ ਸਿੰਘ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਉਸ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਗਿਆ ਹੈ।

# ਗੈਸ ਪਾਈਪ ਲਾਈਨ ਮਾਮਲੇ ਕਾਰਨ ਪਿੰਡ ਲੇਲੇਵਾਲਾ ਵਿਚ ਪੁਲੀਸ ਤੇ ਕਿਸਾਨਾਂ ’ਚ ਦੂਜੇ ਦਿਨ ਵੀ ਤਣਾਅ

**ਤਲਵੰਡੀ ਸਾਬੋ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨਾਂ ਦੇ ਖੇਤਾਂ ਵਿੱਚ ਦੀ ਜਬਰੀ ਗੈਸ ਪਾਈਪ ਲਾਈਨ ਵਿਛਾਉਣ ਦੇ ਮਾਮਲੇ ਨੂੰ ਲੈ ਕੇ ਬੁੱਧਵਾਰ ਤੋਂ ਉਪਜੇ ਵਿਵਾਦ ਕਾਰਨ ਕਿਸਾਨਾਂ ਅਤੇ ਪੁਲਸ ਵਿਚਕਾਰ ਤਣਾਅ ਦੀ ਸਥਿਤੀ ਵੀਰਵਾਰ ਨੂੰ ਵੀ ਬਰਕਰਾਰ ਹੈ। ਬਹੁ ਕੌਮੀ ਕੰਪਨੀ ਵੱਲੋਂ ਪਿੰਡ ਲੇਲੇਵਾਲਾ ਦੇ ਖੇਤਾਂ ਵਿੱਚ ਦੀ ਗੈਸ ਪਾਈਪ ਲਾਈਨ ਵਿਛਾਉਣ ਬਦਲੇ ਕਿਸਾਨਾਂ ਵੱਲੋਂ ਪੂਰਾ ਮੁਆਵਜ਼ਾ ਲੈਣ ਲਈ ਬੀਕੇਯੂ (ਉਗਰਾਹਾਂ) ਦੀ ਅਗਵਾਈ ਵਿੱਚ ਪਿਛਲੇ ਡੇਢ ਸਾਲ ਤੋਂ ਲੱਗੇ ਮੋਰਚੇ ਨੂੰ ਬੀਤੇ ਦਿਨ ਪੁਲੀਸ ਨੇ ਰਾਤ ਵੇਲੇ ਖਦੇੜ ਦਿੱਤਾ ਸੀ ਤੇ ਭਾਰੀ ਪੁਲੀਸ ਬਲ ਨਾਲ ਖੇਤਾਂ ਵਿੱਚ ਪਾਈਪ ਲਾਈਨ ਪਾਉਣੀ ਸ਼ੁਰੂ ਕਰ ਦਿੱਤੀ ਗਈ ਸੀ।ਇਸ ਦਾ ਕਿਸਾਨਾਂ ਵੱਲੋਂ ਕੱਲ੍ਹ ਤੋਂ ਹੀ ਵਿਰੋਧ ਜਾਰੀ ਹੈ ਤੇ ਕੱਲ੍ਹ ਤੋਂ ਹੀ ਪਿੰਡ ਪੁਲੀਸ ਛਾਉਣੀ ਵਿੱਚ ਬਦਲਿਆ ਹੋਇਆ ਹੈ। ਅੱਜ ਵੱਡੇ ਪੱਧਰ ’ਤੇ ਵਿਰੋਧ ਕਰਨ ਲਈ ਪੰਜਾਬ ਦੇ ਵੱਖ-ਵੱਖ ਕੋਨਿਆਂ ਤੋਂ ਕਿਸਾਨ ਬੀਤੀ ਰਾਤ ਤੋਂ ਹੀ ਪਿੰਡ ਲੇਲੇਵਾਲਾ ਦੇ ਗੁਰਦੁਆਰਾ ਸਾਹਿਬ ਵਿੱਚ ਪਹੁੰਚਣੇ ਸ਼ੁਰੂ ਹੋ ਗਏ ਸਨ, ਜਿੱਥੇ ਅੱਜ ਕਿਸਾਨਾਂ ਦਾ ਵੱਡਾ ਇਕੱਠ ਜੁੜਿਆ ਹੋਇਆ ਹੈ।

# ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਬਾਦਲ ’ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਨਿਭਾਉਣ ਮੌਕੇ ਕੀਤਾ ਹਮਲਾ ਨਿੰਦਣਯੋਗ : ਹਰਜਿੰਦਰ ਖੇੜਾ



**ਮਾਛੀਵਾੜਾ ਸਾਹਿਬ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੱਚਖੰਡ ਸ੍ਰੀ ਹਰਿਮੰਦਰ ਸਹਿਬ ਵਿਖੇ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ’ਤੇ ਹਮਲਾ ਹੋਣ ਦੇ ਨਾਲ ਹੀ ਵੱਖ-ਵੱਖ ਧਾਰਮਿਕ ਤੇ ਸਿਆਸੀ ਸਖਸ਼ੀਅਤਾਂ ਵੱਲੋਂ ਇਸ ਦੀ ਨਿੰਦਾ ਕੀਤੀ ਜਾ ਰਹੀ। ਇਸ ਹਮਲੇ ਨੂੰ ਕਾਇਰਾਨਾ ਤੇ ਸਿੱਖ ਸਿਧਾਂਤਾ ਦੇ ਉਲਟ ਕਰਾਰ ਦਿੰਦੇ ਹੋਏ ਹਰਜਿੰਦਰ ਸਿੰਘ ਖੇੜਾ ਸਾਬਕਾ ਪ੍ਰਧਾਨ ਆੜ੍ਹਤੀ ਐਸੋਸੀਏਸ਼ਨ ਮਾਛੀਵਾੜਾ ਅਤੇ ਨੌਜਵਾਨ ਸੀਨੀਅਰ ਅਕਾਲੀ ਆਗੂ ਹਰਜੋਤ ਸਿੰਘ ਮਾਂਗਟ ਨੇ ਇਸ ਦੀ ਪੁਰਜ਼ੋਰ ਸਬਦਾਂ ਵਿੱਚ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਇਸ ਪਾਵਨ ਅਸਥਾਨ ’ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੱਗੀ ਧਾਰਮਿਕ ਸੇਵਾ ਨਿਭਾਉਂਦਿਆਂ ਸੁਖਬੀਰ ਸਿੰਘ ਬਾਦਲ ਨੂੰ ਨਿਸ਼ਾਨੇ ’ਤੇ ਲੈਣਾ ਬੇਹੱਦ ਦੁਖਦਾਈ ਅਤੇ ਗ਼ੈਰ-ਇਖਲਾਕੀ ਕਰਵਾਈ ਹੈ। ਹਿੰਸਕ ਪ੍ਰਵਿਰਤੀ ਨਾਲ ਕੀਤਾ ਗਿਆ ਹਮਲਾ ਸ੍ਰੀ ਦਰਬਾਰ ਸਾਹਿਬ ਦੀ ਧਾਰਮਿਕ ਸਰਵ ਉੱਚਤਾ ’ਤੇ ਵੀ ਹਮਲਾ ਕਿਹਾ ਜਾ ਸਕਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਹ ਪ੍ਰੰਪਰਾ ਰਹੀ ਹੈ ਕਿ ਉਹ ਕਿਸੇ ਵੀ ਪੰਥਕ ਅਵੱਗਿਆ ਦਾ ਨੋਟਿਸ ਲੈ ਕੇ ਧਾਰਮਿਕ ਸਜ਼ਾ ਦਾ ਆਦੇਸ਼ ਦੇ ਸਕਦਾ ਹੈ,ਜਿਸ ਨੂੰ ਨਿਮਾਣੇ ਸਿੱਖ ਵਾਂਗ ਮੰਨਣਾ ਹਰ ਇਕ ਸਿੱਖ ਦਾ ਫ਼ਰਜ਼ ਹੈ। ਉਹਨਾਂ ਕਿਹਾ ਕਿ ਸ੍ਰੀ ਆਕਾਲ ਤਖਤ ਵਲੋਂ ਲੱਗੀ ਆਪਣੀ ਧਾਰਮਿਕ ਤਨਖ਼ਾਹ ਸੁਖਬੀਰ ਸਿੰਘ ਬਾਦਲ ਸਮਰਪਤ ਹੋ ਕੇ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦੌਰਾਨ ਸੁਖਬੀਰ ਬਾਦਲ ’ਤੇ ਹਮਲਾ ਕਰਨਾ ਜਿਥੇ ਪੰਥ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਅਤੇ ਗ਼ੈਰ-ਮਨੁੱਖੀ ਹਰਕਤ ਹੈ,ਉਥੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਸਿੱਧੇ ਤੌਰ ’ਤੇ ਤੌਹੀਨ ਹੈ। ਉਹਨਾਂ ਨੇ ਕਿਹਾ ਕਿ ਸੁਖਬੀਰ ਬਾਦਲ ’ਤੇ ਹੋਇਆ ਇਹ ਹਮਲਾ ਪੰਜਾਬ ਸਰਕਾਰ ਅਤੇ ਪੁਲਿਸ ਦੀ ਢਿੱਲੀ ਕਾਰਗੁਜ਼ਾਰੀ ਅਤੇ ਪੰਜਾਬ ਦੇ ਅਮਨ ਕਾਨੂੰਨ ਦੇ ਹਾਲਾਤਾਂ ’ਤੇ ਵੀ ਵੱਡੇ ਸਵਾਲ ਪੈਦਾ ਕਰਦਾ ਹੈ। ਉਨ੍ਹਾਂ ਪੁਲਿਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਉਹ ਆਪਣੀ ਜਿੰਮੇਵਾਰੀ ਨਿਭਾਉਂਦਿਆਂ ਧਾਰਮਿਕ ਸੇਵਾ ਦੌਰਾਨ ਹਰ ਅਕਾਲੀ ਆਗੂ ਦੀ ਸੁਰੱਖਿਆ ਯਕੀਨੀ ਬਣਾਏ। ਇਸ ਮੌਕੇ ਉਨਾਂ ਪੰਜਾਬ ਵਾਸੀਆਂ ਨੂੰ ਸਾਂਤੀ ਵਿਰੋਧੀ ਤਾਕਤਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ।

## ਵਿਆਹ ਵਰ੍ਹੇਗੰਢ ਮੁਬਾਰਕ



**ਸਗੁਰਮੇਲ ਸਿੰਘ ਚੋਟੀਆਂ ਅਤੇ ਸ੍ਰੀਮਤੀ ਨਸੀਬ ਕੌਰ ਚੋਟੀਆਂ ਵਾਸੀ ਲੌਂਗੋਵਾਲ ਜਿਲ੍ਹਾ ਸੰਗਰੂਰ ਨੂੰ ਵਿਆਹ ਦੀ 40ਵੀਂ ਵਰ੍ਹੇਗੰਢ ਦੀਆਂ ਲੱਖ - ਲੱਖ ਮੁਬਾਰਕਾਂ**

# 10 ਏਕੜ ਵਿੱਚ ਫੈਲੀ ਕਿਸਾਨ ਹਵੇਲੀ ਵਿਖੇ ਲੋਕਾਂ ਦੀਆਂ ਸੁਵਿਧਾਵਾਂ ਲਈ ਕੀਤੇ ਗਏ ਹਨ ਪੁਖਤਾ ਪ੍ਰਬੰਧ : ਬਰਸਟ

**ਸ੍ਰੀ ਆਨੰਦਪੁਰ ਸਾਹਿਬ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ.ਹਰਚੰਦ ਸਿੰਘ ਬਰਸਟ ਵੱਲੋਂ ਅੱਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਥਿਤ ਕਿਸਾਨ ਹਵੇਲੀ ਵਿੱਚ ਆਨਲਾਈਨ ਬੁਕਿੰਗ ਲਈ ਵੈੱਬ ਪੋਰਟਲ ਲਾਂਚ ਕੀਤਾ ਗਿਆ।

ਇਸ ਮੌਕੇ ਸ.ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲਗਾਤਾਰ ਆਮ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਆਨਲਾਈਨ ਦੇਣ ਦੇ ਲਈ ਉਪਰਾਲੇ ਕਰ ਰਹੀ ਹੈ।



ਉਨ੍ਹਾਂ ਦੱਸਿਆ ਕਿ ਪੰਜਾਬ ਮੰਡੀ ਬੋਰਡ ਵੱਲੋਂ ਕਿਸਾਨ ਹਵੇਲੀ ਦਾ ਨਵੀਨੀਕਰਨ ਕੀਤਾ ਗਿਆ ਹੈ, ਜਿਸ ਮੁਤਾਬਕ ਹੁਣ ਮੈਨੂਅਲ ਬੁਕਿੰਗ ਦੀ ਬਜਾਏ ਕੰਪਿਊਟਰਾਇਜ਼ਡ ਬੁਕਿੰਗ ਕੀਤੀ ਜਾਵੇਗੀ ਅਤੇ ਇਸ ਤੋਂ ਇਲਾਵਾ ਕਿਸਾਨ ਹਵੇਲੀ ਵਿੱਚ ਕਮਰਿਆਂ ਦੀ ਆਨਲਾਈਨ ਬੁਕਿੰਗ ਲਈ ਮੰਡੀ ਬੋਰਡ ਵੱਲੋਂ ਆਪਣਾ ਸਾਫਟਵੇਅਰ ਤਿਆਰ ਕੀਤਾ ਗਿਆ ਹੈ। ਆਨਲਾਈਨ ਬੁਕਿੰਗ ਸ਼ੁਰੂ ਹੋਣ ਨਾਲ ਦੇਸ਼-ਵਿਦੇਸ਼ ਤੋਂ ਸ੍ਰੀ ਅਨੰਦਪੁਰ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਤੇ ਸੈਲਾਨੀਆਂ ਨੂੰ ਬਹੁਤ ਲਾਭ ਮਿਲੇਗਾ। kisanhaveli.emandikaran-pb.in ਵੈਬ ਸਾਇਟ ਰਾਹੀਂ ਕਿਸਾਨ ਹਵੇਲੀ ਵਿੱਚ ਬੁਕਿੰਗ ਕਰਵਾਉਣ ਦੇ ਨਾਲ-ਨਾਲ ਵਧੇਰੀ ਜਾਣਕਾਰੀ ਵੀ ਹਾਸਲ ਕੀਤੀ ਜਾ ਸਕਦੀ ਹੈ। ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖਾਲਸਾ ਸਥਾਪਨਾ ਦਿਵਸ ਨੂੰ ਸਮਰਪਿਤ ਸਾਲ 1999 ਵਿੱਚ 10 ਏਕੜ ਜਮੀਨ ਤੇ ਕਿਸਾਨ ਹਵੇਲੀ ਦਾ ਨਿਰਮਾਣ ਕੀਤਾ ਗਿਆ।

ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਧਾਰਮਿਕ ਸਥਾਨਾਂ ਦੇ ਨਾਲ-ਨਾਲ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਕਿਸਾਨ ਹਵੇਲੀ ਬਹੁਤ ਹੀ ਸੁਹਾਵਨੀ ਹੈ, ਜਿਸਦੇ ਪਿਛਲੇ ਪਾਸੇ ਚਰਨ ਗੰਗਾ ਨਦੀ, ਇਕ ਪਾਸੇ ਪ੍ਰਸਿੱਧ ਸ਼ਕਤੀ ਪੀਠ ਮਾਤਾ ਨੈਣਾ ਦੇਵੀ ਜੀ ਦਾ ਮੰਦਿਰ ਅਤੇ ਦੂਜੇ ਪਾਸੇ ਗੁਰਦੁਆਰਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਸਥਿਤ ਹੈ।

ਵਿਰਾਸਤ-ਏ-ਖਾਲਸਾ ਵੀ ਨਜਦੀਕ ਹੈ, ਜੋ ਕਿ ਲੋਕਾਂ ਦੀ ਖਿੱਚ ਦਾ ਕੇਂਦਰ ਹੈ। ਕਿਸਾਨ ਹਵੇਲੀ ਸ਼ੋਰ-ਸ਼ਰਾਬੇ ਤੋਂ ਦੂਰ ਇਕ ਸ਼ਾਂਤਮਈ ਜਗ੍ਹਾਂ ਹੈ। ਪੁਰਾਣੇ ਆਰਕੀਟੈਕਚਰ ਵਿੱਚ ਆਧੁਨਿਕ ਸੁਵਿਧਾਵਾਂ ਹੋਣ ਕਰਕੇ ਇਹ ਲੋਕਾਂ ਦੀ ਖਿੱਚ ਦਾ ਮੁੱਖ ਕੇਂਦਰ ਬਣੀ ਹੋਈ ਹੈ। ਲੋਕਾਂ ਦੀ ਸਹੂਲਤ ਨੂੰ ਮੁੱਖ ਰਖਦਿਆਂ ਹੋਇਆ ਕਿਸਾਨ ਹਵੇਲੀ ਵਿੱਚ ਪੁਖਤਾਂ ਪ੍ਰਬੰਧ ਕੀਤੇ ਗਏ ਹਨ।

ਸ. ਬਰਸਟ ਨੇ ਕਿਹਾ ਕਿ ਸਭ ਤੋਂ ਖਾਸ ਗੱਲ ਇਹ ਹੈ ਕਿ ਵੱਖ-ਵੱਖ ਜਗ੍ਹਾਂ ਤੋਂ ਆਉਣ ਵਾਲੇ ਲੋਕਾਂ ਦੀ ਸੁਵਿਧਾ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਇੱਥੇ ਗੱਡੀਆਂ ਦੀ ਪਾਰਕਿੰਗ ਲਈ ਜਗ੍ਹਾਂ ਮੁਹੱਈਆ ਕਰਵਾਈ ਗਈ ਹੈ। ਆਧੁਨਿਕ ਸਹੂਲਤਾਂ ਤੋਂ ਭਰਪੂਰ ਤੇ ਪੂਰੀ ਤਰ੍ਹਾਂ ਏਅਰ ਕੰਡੀਸ਼ਨਡ 2 ਸੁਪਰ-ਡੀਲਕਸ ਰੂਮ ਅਤੇ 12 ਡੀਲਕਸ ਰੂਮ ਹਨ, ਜਿਨ੍ਹਾਂ ਵਿੱਚੋਂ 6 ਮੇਨ ਬਿਲਡਿੰਗ ਵਿੱਚ ਹਨ ਅਤੇ 6 ਹਟਸ ਹਨ, ਜੋ ਕਿ ਬਹੁਤ ਹੀ ਵਾਜਬ ਰੇਟਾਂ ਤੇ ਲੋਕਾਂ ਨੂੰ ਮੁਹੱਈਆ ਕਰਵਾਏ ਜਾ ਰਹੇ ਹਨ। ਖਾਣਾ ਖਾਉਣ ਦੇ ਲਈ ਇਕ ਵੱਡਾ ਏਅਰ-ਕੰਡੀਸ਼ਨਡ ਡਾਇਨਿੰਗ ਹਾਲ ਹੈ ਅਤੇ ਨਾਲ ਹੀ ਲੋਕਾਂ ਦੇ ਬੈਠਣ ਲਈ ਡਰਾਇੰਗ ਰੂਮ ਵੀ ਬਣਿਆ ਹੋਇਆ ਹੈ। ਇਹ ਸਭ ਬਹੁਤ ਹੀ ਘੱਟ ਰੇਟਾਂ ਤੇ ਮੁਹੱਇਆ ਕਰਾਇਆ ਜਾਂਦਾ ਹੈ, ਤਾਂ ਜੋ ਲੋਕਾਂ ਨੂੰ ਜਿੱਥੇ ਘੱਟੋ-ਘੱਟ ਕੀਮਤ ਤੇ ਵੱਧ ਤੋਂ ਵੱਧ ਸਹੂਲਤਾਂ ਦਿੱਤੀਆਂ ਜਾ ਸਕਣ, ਉੱਥੇ ਹੀ ਮੰਡੀ ਬੋਰਡ ਨੂੰ ਵੀ ਆਰਥਿਕ ਤੌਰ ਤੇ ਲਾਭ ਮਿਲ ਸਕੇ। 8 ਏਕੜ ਵਿੱਚ ਹਰਿਆਲੀ ਨਾਲ ਭਰਪੂਰ ਲਾਅਨ ਅਤੇ ਲੈਂਡ ਸਕੇਪਿੰਗ ਖੇਤਰ ਹਨ। ਪ੍ਰੀ-ਵੈਡਿੰਗ ਅਤੇ ਫਿਲਮਾਂ ਦੀ ਸ਼ੂਟਿੰਗ ਲਈ ਇਹ ਬਹੁਤ ਹੀ ਚੰਗੀ ਲੋਕੇਸ਼ਨ ਹੈ, ਜਿੱਥੇ ਹਰ ਤਰ੍ਹਾਂ ਦੀ ਸਹੂਲਤ ਮੌਜੂਦ ਹੈ ਅਤੇ ਚੰਗਾ ਵਾਤਾਵਰਨ ਹੈ।

ਉਨ੍ਹਾਂ ਕਿਹਾ ਕਿ ਚੰਡੀਗੜ੍ਹ ਸਥਿਤ ਕਿਸਾਨ ਭਵਨ ਦੇ ਨਵੀਨੀਕਰਨ ਤੋਂ ਬਾਅਦ ਉੱਥੇ ਵੀ ਆਨਲਾਈਨ ਬੁਕਿੰਗ ਸੁਰੂ ਕੀਤੀ ਜਾ ਚੁੱਕੀ ਹੈ। ਪੰਜਾਬ ਮੰਡੀ ਬੋਰਡ ਨੂੰ ਬੀਤੇ ਸਾਲ ਵਿੱਚ ਕਿਸਾਨ ਭਵਨ ਰਾਹੀਂ 4 ਕਰੋੜ 13 ਲੱਖ ਰੁਪਏ ਦੀ ਆਮਦਨ ਹੋਈ ਹੈ, ਜੋ ਕਿ ਬੜੇ ਹੀ ਮਾਨ ਵਾਲੀ ਗੱਲ ਹੈ।

ਇਸ ਦੌਰਾਨ ਸ. ਬਰਸਟ ਨੇ ਫਲਦਾਰ ਬੂਟੇ ਲਗਾ ਕੇ ਸਾਰਿਆਂ ਨੂੰ ਆਪਣੇ ਆਲੇ-ਦੁਆਲੇ 5-5 ਬੂਟੇ ਲਗਾਉਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਮੰਡੀ ਬੋਰਡ ਵੱਲੋਂ ਸੂਬੇ ਦੀਆਂ ਮੰਡੀਆਂ ਵਿੱਚ ਪੌਦੇ ਲਗਾਉਣ ਦੀ ਮੁਹਿੰਮ ਚਲਾਈ ਗਈ, ਜਿਸਦੇ ਤਹਿਤ ਕਰੀਬ ਸਵਾ ਲੱਖ ਬੂਟੇ ਲਗਾਏ ਗਏ ਸਨ।

ਇਸ ਮੌਕੇ ਸ੍ਰੀ ਰਾਮਵੀਰ ਸਕੱਤਰ ਪੰਜਾਬ ਮੰਡੀ ਬੋਰਡ, ਗੁਰਿੰਦਰ ਸਿੰਘ ਚੀਮਾ ਚੀਫ਼ ਇੰਜੀਨੀਅਰ, ਮਨਜੀਤ ਸਿੰਘ ਸੰਧੂ ਜੀ.ਐਮ. ਇਨਫੋਰਸਮੈਂਟ, ਪਰਮਜੀਤ ਸਿੰਘ ਚੀਫ਼ ਓਪਰੇਟਿੰਗ ਅਫ਼ਸਰ, ਕਮਿੱਕਰ ਸਿੰਘ ਡਾਢੀ ਚੇਅਰਮੈਨ ਮਾਰਕੀਟ ਕਮੇਟੀ ਸ੍ਰੀ ਅਨੰਦਪੁਰ ਸਾਹਿਬ, ਰਜਨੀਸ਼ ਗੋਇਲ ਜਿਲ੍ਹਾ ਮੰਡੀ ਅਫ਼ਸਰ, ਰਮਨਦੀਪ ਸਿੰਘ ਜਿਲ੍ਹਾ ਮੰਡੀ ਅਫ਼ਸਰ, ਕਰਨਦੀਪ ਸਿੰਘ ਸੁਪਰਡੈਂਟ ਕਿਸਾਨ ਹਵੇਲੀ, ਇੰ.ਜਸਪ੍ਰੀਤ ਸਿੰਘ, ਹਰਤੇਗਵੀਰ ਸਿੰਘ ਸੀਨੀ.ਲੀਡਰ, ਜਸਵੀਰ ਸਿੰਘ ਅਰੋੜਾ ਸੀਨੀ.ਲੀਡਰ, ਦੀਪਕ ਆਂਗਰਾ ਪ੍ਰਧਾਨ ਵਪਾਰ ਮੰਡਲ, ਅਨੁਰੁੱਧ ਸ਼ਰਮਾ, ਸ਼ੰਮੀ ਬਰਾਰੀ ਯੂਥ ਆਗੂ, ਸੋਨੂੰ ਚੌਧਰੀ, ਗੁਰਅਵਤਾਰ ਸਿੰਘ ਚੰਨ, ਕੇਸਰ ਸੰਧੂ ਬਲਾਕ ਪ੍ਰਧਾਨ ਸਹਿਤ ਸਮੂਹ ਅਧਿਕਾਰੀ ਮੌਜੂਦ ਰਹੇ।

# ਬੀਡੀਪੀਓ ਦਫ਼ਤਰ ਦੇ ਸੁਪਰਡੈਂਟ ਵੱਲੋਂ ਧਰਨਾ

**ਸਮਾਣਾ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਬੀਡੀਪੀਓ ਦਫ਼ਤਰ ਦੇ ਸੁਪਰਡੈਂਟ ਨੇ ਸਥਾਨਕ ਅਫ਼ਸਰ ਸਮੇਤ ਦੋ ਹੋਰ ਮੁਲਾਜ਼ਮਾਂ 'ਤੇ ਉਸ ਨੂੰ ਥਾਣੇ ਲਿਜਾ ਕੇ ਪ੍ਰੇਸ਼ਾਨ ਕਰਨ ਦੇ ਦੋਸ਼ ਲਾਉਂਦੇ ਹੋਏ ਦਫਤਰ ਅੱਗੇ ਧਰਨਾ ਦਿੱਤਾ। ਇਸ ਦੌਰਾਨ ਸੁਪਰਡੈਂਟ ਨੇ ਮਾਮਲੇ ਵਿੱਚ ਅਧਿਕਾਰੀਆਂ ਤੋਂ ਇਨਸਾਫ ਦੀ ਮੰਗ ਕੀਤੀ। ਧਰਨਾਕਾਰੀ ਰਣਜੀਤ ਸਿੰਘ ਨੇ ਦੱਸਿਆ ਕਿ ਉਹ ਅਤੇ ਬੀਡੀਪੀਓ 27 ਤੇ 28 ਨਵੰਬਰ ਨੂੰ ਛੁੱਟੀ 'ਤੇ ਸਨ। ਇਸੇ ਦੌਰਾਨ ਗ੍ਰਾਮ ਸੇਵਕ ਗੁਰਤੇਜ ਸਿੰਘ ਨੇ ਆਪਣੇ ਦਸਖਤ ਕਰਕੇ ਡੀਡੀਪੀਓ ਪਟਿਆਲਾ ਤੋਂ ਗੈਰ-ਕਾਨੂੰਨੀ ਢੰਗ ਨਾਲ 10 ਲੱਖ ਰੁਪਏ ਦੀ ਰਾਸ਼ੀ ਉਸਾਰੀ ਅਧੀਨ ਮਨਰੇਗਾ ਭਵਨ ਲਈ ਜਾਰੀ ਕਰਵਾਉਣ ਦੀ ਮਨਜ਼ੂਰੀ ਲੈ ਲਈ। ਇਸ ਮਗਰੋਂ ਜਦੋਂ ਉਸ (ਰਣਜੀਤ ਸਿੰਘ) ਵੱਲੋਂ ਡੀਡੀਪੀਓ ਨੂੰ ਇਸ ਬਾਰੇ ਦੱਸਿਆ ਗਿਆ ਤਾਂ ਡੀਡੀਪੀਓ ਨੇ ਉਕਤ ਹੁਕਮ ਰੱਦ ਕਰ ਦਿੱਤੇ। ਰਾਸ਼ੀ ਕਰਨ ਦੇ ਹੁਕਮ ਰੱਦ ਹੋਣ ਮਗਰੋਂ ਬੀਡੀਪੀਓ ਅਮਰਦੀਪ ਸਿੰਘ, ਗੁਰਤੇਜ ਸਿੰਘ ਤੇ ਸ਼ੈਰੀ ਬਾਂਸਲ ਨੇ ਉਸ ਨਾਲ ਦੁਰਵਿਹਾਰ ਕੀਤਾ ਅਤੇ ਪੁਲੀਸ ਹਵਾਲੇ ਕਰ ਦਿੱਤਾ। ਇਸ ਸਬੰਧੀ ਜਦੋਂ ਗੁਰਤੇਜ ਸਿੰਘ ਅਤੇ ਸ਼ੈਰੀ ਬਾਂਸਲ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ। ਜਦੋਂ ਬੀਡੀਪੀਓ ਨਾਲ ਗੱਲ ਕਰਨੀ ਚਾਹੀ ਤਾਂ ਵਾਰ ਵਾਰ ਫੋਨ ਕਰਨ ਦੇ ਬਾਵਜੂਦ ਉਨ੍ਹਾਂ ਵੱਲੋਂ ਫੋਨ ਨਹੀਂ ਚੁੱਕਿਆ ਗਿਆ।

ਇਸ ਸੰਬਧੀ ਡੀਡੀਪੀਓ ਪਟਿਆਲਾ ਨੇ ਫੰਡ ਰਿਲੀਜ਼ ਕਰਕੇ ਰੋਕ ਲਗਾਉਣ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਉਕਤ ਦਫਤਰ 'ਚੋਂ ਪਹਿਲਾਂ ਜਾਰੀ ਕੀਤੀ ਰਾਸ਼ੀ ਤੇ ਕੀਤੇ ਕੰਮ ਦੀ ਜਾਂਚ ਲਈ ਅਤੇ ਗੁਰਤੇਜ ਸਿੰਘ ਵੱਲੋਂ ਕੀਤੇ ਦਸਤਖ਼ਤਾਂ ਦੀ ਰਿਪੋਰਟ ਮੰਗੀ ਹੈ।

ਇਸ ਵਿਚ ਜੇਕਰ ਕੋਈ ਦੋਸ਼ੀ ਪਾਇਆ ਗਿਆ ਤਾਂ ਉਸ ਖਿਲਾਫ ਕਾਰਵਾਈ ਕੀਤੀ ਜਾਵੇਗੀ।

# ਲੋਕ ਸਾਹਿਤ ਸੰਗਮ ਵੱਲੋਂ ਪੁਸਤਕ 'ਚਾਨਣ ਇਤਿਹਾਸ ਦਾ' ਲੋਕ ਅਰਪਣ




ਪਰਮਿੰਦਰ ਪਰਵਾਨਾ ਦੀ ਪੁਸਤਕ ਲੋਕ ਅਰਪਣ ਕਰਦੇ ਹੋਏ ਸਾਹਿਤਕਾਰ।

**ਰਾਜਪੁਰਾ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਾਹਿਤ ਸੰਗਮ ਰਾਜਪੁਰਾ ਵੱਲੋਂ ਰੋਟਰੀ ਭਵਨ ਵਿੱਚ ਗੁਰਦਰਸ਼ਨ ਸਿੰਘ ਗੁਸੀਲ ਤੇ ਡਾ. ਗੁਰਵਿੰਦਰ ਅਮਨ ਦੀ ਪ੍ਰਧਾਨਗੀ ਹੇਠ ਸਾਹਿਤਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਅਮਰੀਕਾ ਵਾਸੀ ਪਰਮਿੰਦਰ ਸਿੰਘ ਪਰਵਾਨਾ ਦੀ ਕਿਤਾਬ 'ਚਾਨਣ ਇਤਿਹਾਸ ਦਾ' ਲੋਕ ਅਰਪਣ ਕੀਤੀ ਗਈ। ਸਮਾਗਮ ਵਿਚ ਡਾ. ਅਮਰਜੀਤ ਕੌਂਕੇ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਦੌਰਾਨ ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਸੁਣਾ ਕੇ ਚੰਗਾ ਰੰਗ ਬੰਨ੍ਹਿਆ। ਸਭਾ ਦਾ ਆਗਾਜ਼ ਕਰਮ ਸਿੰਘ ਹਕੀਰ ਦੇ ਗੀਤ ਵਿਚ 'ਪ੍ਰਦੇਸਾਂ ਦੇ ਨਾ ਜਾਇਓ ਮੇਰੇ ਵੀਰ' ਨਾਲ ਹੋਇਆ। ਮਨਜੀਤ ਸਿੰਘ ਨਾਗਰਾ ਨੇ ਮਿਊਜ਼ਿਕ ਨਾਲ ਆਪਣਾ ਗੀਤ ਸਾਂਝਾ ਕੀਤਾ। ਸੁਰਿੰਦਰ ਕੌਰ ਬਾੜਾ ਨੇ ਸੂਫ਼ੀ ਕਲਾਮ ਸਾਂਝਾ ਕੀਤਾ। ਇੰਸਪੈਕਟਰ ਰਵਿੰਦਰ ਕ੍ਰਿਸ਼ਨ ਦੀ ਚਰਚਿਤ ਕਵਿਤਾ 'ਜ਼ਿੰਦਗੀ ਦਾ ਸੱਚ' ਖਿੱਚ ਦਾ ਕੇਂਦਰ ਰਹੀ। ਪ੍ਰਸਿੱਧ ਕਵੀ ਅਮਰਜੀਤ ਸਿੰਘ ਕੌਂਕੇ ਨੇ ਪਰਮਿੰਦਰ ਪਰਵਾਨਾ ਨੂੰ 'ਚਾਨਣ ਇਤਿਹਾਸ ਦਾ' ਪੁਸਤਕ ਦੀ ਵਧਾਈ ਦਿੱਤੀ। ਬਲਦੇਵ ਸਿੰਘ ਖੁਰਾਣਾ ਨੇ ਆਪਣੇ ਟੋਟਕਿਆਂ ਨਾਲ ਚੰਗਾ ਵਿਅੰਗ ਕੱਸਿਆ। ਡਾ. ਗੁਰਵਿੰਦਰ ਅਮਨ ਨੇ ਆਪਣੀ ਮਿੰਨੀ ਕਹਾਣੀ 'ਜਿੰਦਾ ਸ਼ਹੀਦ' ਸੁਣਾ ਕੇ ਸਮਾਜ 'ਤੇ ਕਟਾਖਸ਼ ਕੀਤਾ। ਇਸ ਮੌਕੇ ਤ੍ਰਿਪਤ ਕੌਰ ਪਰਵਾਨਾ, ਗੁਰਜੋਤ ਲਾਭਾ, ਅਸ਼ੋਕ ਝਾਅ, ਰਤਨ ਸ਼ਰਮਾ ਤੇ ਓਮ ਪ੍ਰਕਾਸ਼ ਮਦਾਨ ਆਦਿ ਮੌਜੂਦ ਸਨ।

# ਸਾਂਸਦ ਰਾਘਵ ਚੱਢਾ ਨੇ ਸੰਸਦ 'ਚ ਉਠਾਇਆ ਹਵਾ ਪ੍ਰਦੂਸ਼ਣ ਦਾ ਮੁੱਦਾ, ਦੱਸਿਆ- ਕਿਵੇਂ ਖਤਮ ਹੋ ਸਕਦੀ ਹੈ ਪਰਾਲੀ ਸਾੜਨ ਦੀ ਸਮੱਸਿਆ

➢ ਰਾਘਵ ਚੱਢਾ ਨੇ ਕਿਸਾਨਾਂ ਦੀ ਮਜਬੂਰੀ ਸਮਝਾਉਂਦੇ ਹੋਏ ਕਿਹਾ, ਉਹ ਪਰਾਲੀ ਨੂੰ ਖੁਸ਼ੀ ਨਾਲ ਨਹੀਂ ਸਾੜਦੇ, ਸਗੋਂ ਹਾਲਾਤ ਉਨ੍ਹਾਂ ਨੂੰ ਮਜਬੂਰ ਕਰਦੇ ਹਨ

➢ ਕਿਸਾਨਾਂ ਨੂੰ 2500 ਰੁਪਏ ਪ੍ਰਤੀ ਏਕੜ ਮੁਆਵਜ਼ਾ ਦੇਣ ਦੀ ਗੱਲ ਕਹੀ, ਜਿਸ ਵਿੱਚੋਂ 2000 ਰੁਪਏ ਕੇਂਦਰ ਅਤੇ 500 ਰੁਪਏ ਦੇਵੇਗੀ ਸੂਬਾ ਸਰਕਾਰ

**ਨਵੀਂ ਦਿੱਲੀ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਸਦ ਮੈਂਬਰ ਰਾਘਵ ਚੱਢਾ ਨੇ ਅੱਜ ਸੰਸਦ ਵਿੱਚ ਉੱਤਰੀ ਭਾਰਤ ਵਿੱਚ ਵਧ ਰਹੇ ਹਵਾ ਪ੍ਰਦੂਸ਼ਣ ਦੇ ਗੰਭੀਰ ਮੁੱਦੇ ਵੱਲ ਧਿਆਨ ਦਿਵਾਇਆ। ਉਨ੍ਹਾਂ ਕਿਹਾ ਕਿ ਹਵਾ ਪ੍ਰਦੂਸ਼ਣ ਸਿਰਫ਼ ਦਿੱਲੀ ਦਾ ਹੀ ਨਹੀਂ ਸਗੋਂ ਪੂਰੇ ਉੱਤਰ ਭਾਰਤ ਦਾ ਮੁੱਦਾ ਹੈ। ਦਿੱਲੀ ਤੋਂ ਇਲਾਵਾ ਭਾਗਲਪੁਰ, ਮੁਜ਼ੱਫਰਨਗਰ, ਨੋਇਡਾ, ਆਗਰਾ, ਫਰੀਦਾਬਾਦ ਵਰਗੇ ਕਈ ਸ਼ਹਿਰਾਂ ਵਿੱਚ ਸਥਿਤੀ ਬਦਤਰ ਹੈ। ਚੱਢਾ ਨੇ ਸਪੱਸ਼ਟ ਕੀਤਾ ਕਿ ਪਰਾਲੀ ਸਾੜਨਾ ਹੀ ਹਵਾ ਪ੍ਰਦੂਸ਼ਣ ਦਾ ਕਾਰਨ ਨਹੀਂ ਹੈ ਅਤੇ ਕਿਸਾਨਾਂ ਨੂੰ ਦੋਸ਼ੀ ਠਹਿਰਾਉਣਾ ਸਰਾਸਰ ਗਲਤ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇਸ ਸਾਲ ਪਹਿਲਾਂ ਦੇ ਮੁਕਾਬਲੇ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ਕਮੀ ਆਈ ਹੈ। ਪੰਜਾਬ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ 70 ਫੀਸਦੀ ਤੋਂ ਵੱਧ ਕਮੀ ਆਈ ਹੈ। ਜਦੋਂ ਕਿ ਮੱਧ ਪ੍ਰਦੇਸ਼, ਰਾਜਸਥਾਨ ਅਤੇ ਯੂਪੀ ਵਿੱਚ ਪਰਾਲੀ ਸਾੜਨ ਦੇ ਮਾਮਲੇ ਵਧੇ ਹਨ।

**ਕਿਸਾਨਾਂ ਨੂੰ ਬਣਾਉਂਦੇ ਹਨ ਅਪਰਾਧੀ**

ਰਾਘਵ ਚੱਢਾ ਨੇ ਕਿਹਾ ਕਿ ਹਰ ਸਾਲ ਜਿਵੇਂ ਹੀ ਨਵੰਬਰ ਆਉਂਦਾ ਹੈ, ਕਿਸਾਨਾਂ ਨੂੰ ਹਵਾ ਪ੍ਰਦੂਸ਼ਣ ਲਈ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਉਨ੍ਹਾਂ ਕਿਹਾ, "ਸਾਰਾ ਸਾਲ ਅਸੀਂ ਕਹਿੰਦੇ ਹਾਂ ਕਿ ਕਿਸਾਨ ਸਾਡੇ ਅੰਨਦਾਤਾ ਹਨ, ਪਰ ਜਦੋਂ ਹੀ ਪਰਾਲੀ ਸਾੜਨ ਦਾ ਸਮਾਂ ਆਉਂਦਾ ਹੈ ਤਾਂ ਉਨ੍ਹਾਂ ਨੂੰ ਅਪਰਾਧੀ ਸਮਝ ਲਿਆ ਜਾਂਦਾ ਹੈ। ਆਈਆਈਟੀ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਪਰਾਲੀ ਸਾੜਨਾ ਹਵਾ ਪ੍ਰਦੂਸ਼ਣ ਦੇ ਕਈ ਕਾਰਨਾਂ ਵਿੱਚੋਂ ਇੱਕ ਹੈ, ਪਰ ਇਸ ਦਾ ਸਾਰਾ ਦੋਸ਼ ਕਿਸਾਨਾਂ 'ਤੇ ਮੜ੍ਹਨਾ ਗਲਤ ਹੈ।

**ਪਰਾਲੀ ਸਾੜਨ ਨਾਲ ਕਿਸਾਨਾਂ ਦਾ ਸਭ ਤੋਂ ਵੱਧ ਨੁਕਸਾਨ ਹੁੰਦਾ ਹੈ**

ਉਨ੍ਹਾਂ ਅੱਗੇ ਕਿਹਾ ਕਿ ਕੋਈ ਵੀ ਕਿਸਾਨ ਖੁਸ਼ੀ ਨਾਲ ਪਰਾਲੀ ਨਹੀਂ ਸਾੜਦਾ। ਝੋਨੇ ਦੀ ਫ਼ਸਲ ਵੱਢਣ ਤੋਂ ਬਾਅਦ ਕਿਸਾਨਾਂ ਕੋਲ ਸਿਰਫ਼ 10-12 ਦਿਨ ਦਾ ਸਮਾਂ ਹੁੰਦਾ ਹੈ ਜਿਸ ਵਿੱਚ ਉਨ੍ਹਾਂ ਨੂੰ ਖੇਤ ਖਾਲੀ ਕਰਨੇ ਪੈਂਦੇ ਹਨ ਤਾਂ ਜੋ ਅਗਲੀ ਫ਼ਸਲ ਦੀ ਬਿਜਾਈ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਪ੍ਰਕਿਰਿਆ ਵਿੱਚ ਹੈਪੀ ਸੀਡਰ ਅਤੇ ਪੈਡੀ ਚੌਪਰ ਵਰਗੀਆਂ ਮਸ਼ੀਨਾਂ ਬਹੁਤ ਮਹਿੰਗੀਆਂ ਹੁੰਦੀਆਂ ਹਨ ਅਤੇ ਇਸ ਦਾ ਖਰਚ 2000 ਰੁਪਏ ਪ੍ਰਤੀ ਏਕੜ ਤੱਕ ਹੈ।ਕਿਸਾਨ ਪੈਸਾ ਕਿੱਥੋਂ ਲਿਆਵੇਗਾ? ਛੋਟੇ ਕਿਸਾਨ ਇਨ੍ਹਾਂ ਦਾ ਖਰਚਾ ਨਹੀਂ ਚੁੱਕ ਸਕਦੇ।

ਚੱਢਾ ਨੇ ਕਿਹਾ ਕਿ ਪਰਾਲੀ ਸਾੜਨ ਨਾਲ ਸਭ ਤੋਂ ਵੱਧ ਨੁਕਸਾਨ ਕਿਸਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਹੁੰਦਾ ਹੈ, ਜੋ ਜ਼ਹਿਰੀਲੀ ਹਵਾ ਵਿੱਚ ਸਾਹ ਲੈਣ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇਸ ਸਾਲ ਪਹਿਲਾਂ ਦੇ ਮੁਕਾਬਲੇ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ ਕਮੀ ਆਈ ਹੈ। ਪੰਜਾਬ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਵਿੱਚ 70 ਫੀਸਦੀ ਤੋਂ ਵੱਧ ਦੀ ਕਮੀ ਆਈ ਹੈ। ਜਦੋਂ ਕਿ ਮੱਧ ਪ੍ਰਦੇਸ਼, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਿੱਚ ਪਰਾਲੀ ਸਾੜਨ ਦੇ ਮਾਮਲੇ ਵਧੇ ਹਨ।



ਐਮਪੀ ਚੱਢਾ ਨੇ ਪਰਾਲੀ ਸਾੜਨ ਦੀ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਸਾਰਥਿਕ ਹੱਲ ਸੁਝਾਏ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ 2500 ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ। ਇਸ ਵਿੱਚੋਂ 2000 ਰੁਪਏ ਕੇਂਦਰ ਸਰਕਾਰ ਅਤੇ 500 ਰੁਪਏ ਰਾਜ ਸਰਕਾਰ ਦੇਵੇ।

ਇਹ ਮੁਆਵਜ਼ਾ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਅਤੇ ਪ੍ਰਦੂਸ਼ਣ ਘਟਾਉਣ ਵਿੱਚ ਮਦਦ ਕਰੇਗਾ।

ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਇਸ ਸਕੀਮ ਨਾਲ ਕਿਸਾਨ ਪਰਾਲੀ ਸਾੜਨਾ ਬੰਦ ਕਰ ਦੇਣਗੇ ਅਤੇ ਹਵਾ ਪ੍ਰਦੂਸ਼ਣ ਘਟੇਗਾ।

**ਫਸਲੀ ਵਿਭਿੰਨਤਾ ਦੀ ਲੋੜ**

ਚੱਢਾ ਨੇ ਫਸਲੀ ਵਿਭਿੰਨਤਾ ਦੀ ਲੰਬੇ ਸਮੇਂ ਦੇ ਹੱਲ ਵਜੋਂ ਵਕਾਲਤ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਨੇ ਦੇਸ਼ ਦੇ ਅੰਨ ਸੰਕਟ ਨੂੰ ਹੱਲ ਕਰਨ ਲਈ ਝੋਨੇ ਦੀ ਖੇਤੀ ਸ਼ੁਰੂ ਕੀਤੀ ਸੀ ਪਰ ਇਸ ਕਾਰਨ ਪੰਜਾਬ ਦਾ ਪਾਣੀ 600 ਫੁੱਟ ਹੇਠਾਂ ਚਲਾ ਗਿਆ ਅਤੇ ਮਿੱਟੀ ਖ਼ਰਾਬ ਹੋ ਗਈ।

ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਅਤੇ ਹਰਿਆਣਾ ਵਰਗੇ ਰਾਜਾਂ ਨੂੰ ਝੋਨੇ ਦੀ ਖੇਤੀ ਛੱਡ ਕੇ ਮੱਕੀ, ਦਾਲਾਂ ਅਤੇ ਕਪਾਹ ਵਰਗੀਆਂ ਫ਼ਸਲਾਂ ਵੱਲ ਵਧਣ ਦੀ ਦਿਸ਼ਾ ਵਿੱਚ ਕੰਮ ਕਰਨਾ ਚਾਹੀਦਾ ਹੈ।

ਸੰਸਦ ਮੈਂਬਰ ਨੇ ਕਿਹਾ ਕਿ ਹਵਾ ਪ੍ਰਦੂਸ਼ਣ ਦੀ ਗੰਭੀਰਤਾ ਨੂੰ ਸਮਝਣ ਲਈ ਸਾਨੂੰ ਏਕਿਊਆਈ (ਏਅਰ ਕੁਆਲਿਟੀ ਇੰਡੈਕਸ) 'ਤੇ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ, ÷ਅਸੀਂ 19 (ਆਰਟੀਫੀਸ਼ੀਅਲ ਇੰਟੈਲੀਜੈਂਸ) ਬਾਰੇ ਗੱਲ ਕਰਦੇ ਹਾਂ, ਪਰ ਜੇਕਰ ਅਸੀਂ ਪ੍ਰਦੂਸ਼ਣ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਾਂ ਤਾਂ ਸਾਨੂੰ 1♠9 ਬਾਰੇ ਗੱਲ ਕਰਨੀ ਪਵੇਗੀ।÷

**ਕਿਸਾਨਾਂ ਲਈ ਜਾਗਰੂਕਤਾ ਅਤੇ ਸਹਾਇਤਾ ਜ਼ਰੂਰੀ ਹੈ**

ਚੱਢਾ ਨੇ ਸੁਝਾਅ ਦਿੱਤਾ ਕਿ ਕਿਸਾਨਾਂ ਨੂੰ ਪਰਾਲੀ ਸਾੜਨ ਦੇ ਵਿਕਲਪ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ।

ਸਰਕਾਰ ਨੂੰ ਬਾਇਓ-ਡੀਕੰਪੋਜ਼ਰ ਅਤੇ ਮਸ਼ੀਨਰੀ 'ਤੇ ਸਬਸਿਡੀ ਦੇਣੀ ਚਾਹੀਦੀ ਹੈ।

ਕਿਸਾਨਾਂ ਨੂੰ ਖੇਤੀ ਦੇ ਨਵੇਂ ਤਰੀਕਿਆਂ ਬਾਰੇ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ। ਰਾਜ ਅਤੇ ਕੇਂਦਰ ਸਰਕਾਰਾਂ ਨੂੰ ਇਸ ਦਿਸ਼ਾ ਵਿੱਚ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

ਰਾਘਵ ਚੱਢਾ ਨੇ ਜ਼ੋਰ ਦੇ ਕੇ ਕਿਹਾ ਕਿ ਹਵਾ ਪ੍ਰਦੂਸ਼ਣ ਦੀ ਕੋਈ ਸੀਮਾ ਨਹੀਂ ਹੁੰਦੀ। ਇਹ ਸਮੱਸਿਆ ਸਿਰਫ਼ ਦਿੱਲੀ ਜਾਂ ਕਿਸੇ ਇੱਕ ਰਾਜ ਦੀ ਨਹੀਂ, ਸਗੋਂ ਪੂਰੇ ਉੱਤਰ ਭਾਰਤ ਦੀ ਹੈ। ਉਨ੍ਹਾਂ ਕਿਹਾ ਕਿ ਪ੍ਰਦੂਸ਼ਣ ਨਾਲ ਲੜਨ ਲਈ ਸਾਰੇ ਸੂਬਿਆਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ।

# ਚੰਦੂਮਾਜਰਾ ਅਤੇ ਰੱਖੜਾ ਨੇ ਗੁਰਦੁਆਰਾ ਬਹਾਦਰਗੜ੍ਹ ਸਾਹਿਬ ਸੇਵਾ ਕੀਤੀ



**ਪਟਿਆਲਾ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੰਘ ਸਾਹਿਬਾਨ ਦੇ ਆਦੇਸ਼ਾਂ 'ਤੇ ਸਾਬਕਾ ਮੰਤਰੀ ਪ੍ਰੇਮ ਸਿੰਘ ਚੰਦੂਮਾਜਰਾ ਤੇ ਸੁਰਜੀਤ ਸਿੰਘ ਰੱਖੜਾ ਨੇ ਅੱਜ ਇਥੇ ਪਾਤਸ਼ਾਹੀ ਨੌਵੀਂ ਗੁਰਦੁਆਰਾ ਬਹਾਦਰਗੜ੍ਹ ਵਿੱਚ ਲੰਗਰ ਲਈ ਸਬਜ਼ੀ ਕੱਟੀ, ਬਰਤਨ ਸਾਫ ਕੀਤੇ ਅਤੇ ਫੇਰ ਲੰਗਰ ਵਰਤਾਉਣ ਤੋਂ ਬਾਅਦ ਜੋੜਾ ਘਰ ਵਿਚ ਜੋੜਿਆਂ ਦੀ ਸੇਵਾ ਕੀਤੀ। ਇਸ ਮਗਰੋਂ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋ ਕੇ ਅਰਦਾਸ ਕੀਤੀ। ਚੰਦੂਮਾਜਰਾ ਦੇ ਸਿਆਸੀ ਸਕੱਤਰ ਜਗਜੀਤ ਸਿੰਘ ਕੋਹਲੀ ਨੇ ਦੱਸਿਆ ਕਿ ਸ੍ਰੀ ਚੰਦੂਮਾਜਰਾ ਤੇ ਰੱਖੜਾ ਨੇ ਸਿੰਘ ਸਾਹਿਬ ਦੇ ਹੁਕਮਾਂ ਦੇ ਤਹਿਤ ਕੱਲ੍ਹ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਸੇਵਾ ਕੀਤੀ ਸੀ ਜਦਕਿ ਅੱਜ ਦੂਜੇ ਦਿਨ ਬਹਾਦਰਗੜ੍ਹ ਸਾਹਿਬ ਵਿੱਚ ਕੀਤੀ। ਇਨ੍ਹਾਂ ਨੂੰ ਪੰਜ ਦਿਨ ਇੱਕ ਇੱਕ ਘੰਟਾ ਕਿਸੇ ਵੀ ਅਸਥਾਨ 'ਤੇ ਸੇਵਾ ਕਰਨ ਦੇ ਆਦੇਸ਼ ਹੋਏ ਹਨ।

# ਮੁੱਖ ਮੰਤਰੀ ਵੱਲੋਂ 'ਨਿਸ਼ਾਨ-ਏ-ਇਨਕਲਾਬ' ਪਲਾਜ਼ਾ ਲੋਕਾਂ ਨੂੰ ਸਮਰਪਿਤ

## ਸ਼ਹੀਦ ਭਗਤ ਸਿੰਘ ਦਾ 30 ਫੁੱਟ ਉੱਚਾ ਕਾਂਸੀ ਦਾ ਬੁੱਤ ਨੌਜਵਾਨਾਂ ਨੂੰ ਦੇਸ਼ ਸੇਵਾ ਲਈ ਪ੍ਰੇਰਿਤ ਕਰੇਗਾ

**ਮੁਹਾਲੀ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ 'ਨਿਸ਼ਾਨ-ਏ-ਇਨਕਲਾਬ' ਪਲਾਜ਼ਾ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜੀਵਨ ਅਤੇ ਫਲਸਫੇ ਦਾ ਪਾਸਾਰ ਕਰ ਕੇ ਨੌਜਵਾਨਾਂ ਨੂੰ ਦੇਸ਼ ਦੀ ਨਿਰਸਵਾਰਥ ਸੇਵਾ ਲਈ ਪ੍ਰੇਰਿਤ ਕਰੇਗਾ।

ਇੱਥੇ ਏਅਰਪੋਰਟ ਰੋਡ 'ਤੇ 5 ਕਰੋੜ ਦੀ ਲਾਗਤ ਵਾਲੇ 'ਨਿਸ਼ਾਨ-ਏ-ਇਨਕਲਾਬ' ਪਲਾਜ਼ਾ ਜਿੱਥੇ ਸ਼ਹੀਦ ਭਗਤ ਸਿੰਘ ਦਾ 30 ਫੁੱਟ ਉੱਚਾ ਕਾਂਸੀ ਦਾ ਬੁੱਤ ਸਥਾਪਤ ਹੈ, ਲੋਕਾਂ ਨੂੰ ਸਮਰਪਿਤ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਮਹਾਨ ਸ਼ਹੀਦ ਨੂੰ ਸਿਰਫ਼ ਉਨ੍ਹਾਂ ਦੇ ਸ਼ਹੀਦੀ ਦਿਵਸ (23 ਮਾਰਚ) ਜਾਂ ਜਨਮ ਦਿਨ (28 ਸਤੰਬਰ) 'ਤੇ ਹੀ ਯਾਦ ਨਹੀਂ ਕੀਤਾ ਜਾਣਾ ਚਾਹੀਦਾ, ਸਗੋਂ ਹਰ ਪਲ ਯਾਦ ਕੀਤਾ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਇਹ ਪਲਾਜ਼ਾ ਸਾਡੀਆਂ ਨੌਜਵਾਨ ਪੀੜ੍ਹੀਆਂ ਨੂੰ ਮਹਾਨ ਸ਼ਹੀਦ ਦੇ ਨਕਸ਼ੇ-ਕਦਮਾਂ 'ਤੇ ਚੱਲਣ ਅਤੇ ਦੇਸ਼ ਦੀ ਸੇਵਾ ਕਰਨ ਲਈ ਹਮੇਸ਼ਾ ਪ੍ਰੇਰਿਤ ਕਰੇਗਾ। ਭਗਵੰਤ ਸਿੰਘ ਮਾਨ ਨੇ ਆਸ ਪ੍ਰਗਟਾਈ ਕਿ ਇਹ ਪਲਾਜ਼ਾ ਇਸ ਮਹਾਨ ਸ਼ਹੀਦ ਦੇ ਯੋਗਦਾਨ ਤੋਂ ਜਾਣੂ ਕਰਵਾ ਕੇ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਮੁਸਾਫ਼ਰਾਂ ਲਈ ਚਾਨਣ ਮੁਨਾਰਾ ਸਾਬਤ ਹੋਵੇਗਾ।



ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦੇ ਅਣਥੱਕ ਯਤਨਾਂ ਸਦਕਾ ਮੋਹਾਲੀ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵਿੱਚੋਂ ਕਿਸੇ ਨੇ ਵੀ ਇਸ ਹਵਾਈ ਅੱਡੇ ਦਾ ਨਾਂ ਮਹਾਨ ਸ਼ਹੀਦ ਦੇ ਨਾਂ 'ਤੇ ਰੱਖਣ ਦੀ ਖੇਚਲ ਨਹੀਂ ਕੀਤੀ ਪਰ ਅਹੁਦਾ ਸੰਭਾਲਣ ਤੋਂ ਬਾਅਦ ਉਨ੍ਹਾਂ ਦੀ ਸਰਕਾਰ ਨੇ ਇਸ ਨੂੰ ਵੱਧ ਤਰਜੀਹ ਦਿੱਤੀ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਇਨ੍ਹਾਂ ਮਹਾਨ ਸ਼ਹੀਦਾਂ ਦੇ ਨਾਂ 'ਤੇ ਹਵਾਈ ਅੱਡਿਆਂ, ਯੂਨੀਵਰਸਿਟੀਆਂ ਅਤੇ ਹੋਰ ਅਦਾਰਿਆਂ ਦਾ ਨਾਂ ਰੱਖਣਾ ਉਨ੍ਹਾਂ ਦੀ ਗੌਰਵਮਈ ਵਿਰਾਸਤ ਨੂੰ ਕਾਇਮ ਰੱਖਣ ਲਈ ਜ਼ਰੂਰੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਮਹਾਨ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਉਨ੍ਹਾਂ ਕਿਹਾ ਕਿ ਮਹਾਨ ਦੇਸ਼ ਭਗਤਾਂ ਦੇ ਸੁਪਨਿਆਂ ਅਨੁਸਾਰ ਪੰਜਾਬ ਦੀ ਤਰੱਕੀ ਅਤੇ ਲੋਕਾਂ ਦੀ ਖੁਸ਼ਹਾਲੀ ਯਕੀਨੀ ਬਣਾਉਣਾ ਸੂਬਾ ਸਰਕਾਰ ਦਾ ਫਰਜ਼ ਬਣਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਦਿਨ ਦੂਰ ਨਹੀਂ, ਜਦੋਂ ਸੂਬਾ ਸਰਕਾਰ ਦੇ ਠੋਸ ਯਤਨਾਂ ਸਦਕਾ ਪੰਜਾਬ ਜਲਦੀ ਹੀ ਦੇਸ਼ ਭਰ ਵਿੱਚ ਮੋਹਰੀ ਸੂਬਾ ਬਣ ਕੇ ਉਭਰੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸ਼ਹੀਦ ਭਗਤ ਸਿੰਘ ਦੇ ਹਰ ਸੁਪਨੇ ਨੂੰ ਸਾਕਾਰ ਕਰਨ ਅਤੇ ਸਦਭਾਵਨਾ ਤੇ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਸੰਗਰਾਮ ਦੇ ਨੌਜਵਾਨ ਨਾਇਕ ਨੇ ਦੇਸ਼ ਨੂੰ ਵਿਦੇਸ਼ੀ ਸਾਮਰਾਜਵਾਦ ਦੇ ਚੁੰਗਲ ਤੋਂ ਮੁਕਤ ਕਰਵਾਉਣ ਲਈ ਛੋਟੀ ਉਮਰ ਵਿੱਚ ਹੀ ਆਪਣਾ ਬਲੀਦਾਨ ਦੇ ਦਿੱਤਾ ਸੀ। ਭਗਵੰਤ ਸਿੰਘ ਮਾਨ ਨੇ ਅਫਸੋਸ ਜ਼ਾਹਰ ਕੀਤਾ ਕਿ ਪਿਛਲੀਆਂ ਸਰਕਾਰਾਂ ਨੇ 70 ਸਾਲਾਂ ਦੌਰਾਨ ਸ਼ਹੀਦ-ਏ-ਆਜ਼ਮ ਭਗਤ ਸਿੰਘ ਵਰਗੇ ਮਹਾਨ ਸ਼ਹੀਦਾਂ ਦੇ ਸੁਪਨਿਆਂ ਨੂੰ ਅੱਖੋਂ ਪਰੋਖੇ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਗੱਲ ਨੂੰ ਯਕੀਨੀ ਬਣਾ ਰਹੀ ਹੈ ਕਿ ਸੂਬੇ ਦਾ ਕੋਈ ਵੀ ਨੌਜਵਾਨ ਰੋਜ਼ਗਾਰ ਦੀ ਭਾਲ ਖਾਤਰ ਵਿਦੇਸ਼ ਨਾ ਜਾਵੇ ਤਾਂ ਜੋ ਸ਼ਹੀਦ ਭਗਤ ਸਿੰਘ ਦੇ ਸੁਪਨੇ ਪੂਰੇ ਕੀਤੇ ਜਾ ਸਕਣ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਪਾਰਦਰਸ਼ੀ ਢੰਗ ਨਾਲ ਨੌਜਵਾਨਾਂ ਨੂੰ 50,000 ਦੇ ਕਰੀਬ ਨੌਕਰੀਆਂ ਦਿੱਤੀਆਂ ਹਨ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਵਿੱਚ ਵਤਨ ਵਾਪਸੀ (ਰਿਵਰਸ ਮਾਈਗ੍ਰੇਸ਼ਨ) ਦਾ ਆਗਾਜ਼ ਕਰ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ, ਜਿਸ ਉਮਰ ਵਿੱਚ ਨੌਜਵਾਨ ਆਪਣੇ ਮਾਪਿਆਂ ਤੋਂ ਤੋਹਫ਼ੇ ਦੀ ਮੰਗਦੇ ਹਨ, ਸ਼ਹੀਦ ਭਗਤ ਸਿੰਘ ਨੇ ਅੰਗਰੇਜ਼ਾਂ ਤੋਂ ਆਪਣੀ ਮਾਤ ਭੂਮੀ ਦੀ ਆਜ਼ਾਦੀ ਦੀ ਮੰਗ ਕੀਤੀ ਸੀ।÷ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਪੜ੍ਹੇ-ਲਿਖੇ ਆਗੂ ਸਨ, ਜੋ ਹਮੇਸ਼ਾ ਲੋਕਾਂ ਦੀ ਭਲਾਈ ਲਈ ਚਿੰਤਤ ਰਹਿੰਦੇ ਸਨ।

ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ-ਏ-ਆਜ਼ਮ ਦੇ ਸੁਪਨੇ ਅਜੇ ਵੀ ਅਧੂਰੇ ਹਨ ਕਿਉਂਕਿ ਭ੍ਰਿਸ਼ਟਾਚਾਰ, ਭਾਈ-ਭਤੀਜਾਵਾਦ ਅਤੇ ਗਰੀਬੀ ਨੇ ਅਜੇ ਵੀ ਪੈਰ ਪਸਾਰੇ ਹੋਏ ਹਨ। ਉਨ੍ਹਾਂ ਨੇ ਭਾਰਤ ਨੂੰ ਨੰਬਰ ਇਕ ਦੇਸ਼ ਬਣਾਉਣ ਲਈ ਲੋਕਾਂ ਨੂੰ ਜਾਤ-ਪਾਤ, ਫਿਰਕਾਪ੍ਰਸਤੀ ਅਤੇ ਧਰਮ ਦੇ ਭੇਦਭਾਵ ਤੋਂ ਉੱਪਰ ਉੱਠਣ ਦਾ ਸੱਦਾ ਦਿੱਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸ਼ਹੀਦ ਭਗਤ ਸਿੰਘ ਅਤੇ ਹੋਰ ਆਜ਼ਾਦੀ ਘੁਲਾਟੀਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ, ਜਿਨ੍ਹਾਂ ਨੇ ਮਾਤ ਭੂਮੀ ਦੀ ਖ਼ਾਤਰ ਆਪਣੀਆਂ ਜਾਨਾਂ ਨਿਛਾਵਰ ਕੀਤੀਆਂ ਸਨ।

ਮੁੱਖ ਮੰਤਰੀ ਨੇ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਦੇਸ਼ ਸਿਰਜਣ ਲਈ ਅੱਗੇ ਆਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਾਨੂੰ ਸਾਰਿਆਂ ਨੂੰ ਅਣਥੱਕ ਯਤਨ ਕਰਨੇ ਪੈਣਗੇ। ਉਨ੍ਹਾਂ ਕਿਹਾ ਕਿ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮਹਾਨ ਸ਼ਹੀਦ ਸਿਰਫ ਇੱਕ ਵਿਅਕਤੀ ਹੀ ਨਹੀਂ, ਸਗੋਂ ਇੱਕ ਸੰਸਥਾ ਸਨ। ਉਨ੍ਹਾਂ ਕਿਹਾ ਕਿ ਦੇਸ਼ ਦੀ ਤਰੱਕੀ ਲਈ ਸਾਨੂੰ ਉਨ੍ਹਾਂ ਦੇ ਨਕਸ਼ੇ ਕਦਮਾਂ 'ਤੇ ਚੱਲਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਮਹਾਨ ਕੁਰਬਾਨੀ ਨੌਜਵਾਨਾਂ ਨੂੰ ਦੇਸ਼ ਦੀ ਸੇਵਾ ਲਈ ਪ੍ਰੇਰਿਤ ਕਰੇਗੀ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਤੋਂ ਇਲਾਵਾ ਭ੍ਰਿਸ਼ਟਾਚਾਰ ਅਤੇ ਗਰੀਬੀ ਮੁਕਤ ਭਾਰਤ ਦਾ ਸੁਪਨਾ ਵੀ ਵੇਖਿਆ ਸੀ। ਭਗਵੰਤ ਸਿੰਘ ਮਾਨ ਨੇ ਨੌਜਵਾਨਾਂ ਨੂੰ ਪ੍ਰਣ ਲੈਣ ਲਈ ਪ੍ਰੇਰਿਆ ਕਿ ਉਹ ਸ਼ਹੀਦ ਭਗਤ ਸਿੰਘ ਦੇ ਨਕਸ਼ੇ ਕਦਮਾਂ 'ਤੇ ਚੱਲ ਕੇ ਸੂਬੇ ਦੀ ਸੇਵਾ ਕਰਨਗੇ।

# 5 ਕਿੱਲੋ ਹੈਰੋਇਨ ਅਤੇ ਨਕਦੀ ਸਮੇਤ 3 ਕਾਬੂ

**ਚੰਡੀਗੜ੍ਹ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਦੀ ਟੀਮ ਨੇ ਵੱਡੀ ਕਾਰਵਾਈ ਕਰਦਿਆਂ ਹੈਰੋਇਨ ਅਤੇ ਨਕਦੀ ਸਮੇਤ 3 ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀਜੀਪੀ ਗੌਰਵ ਯਾਦਵ ਨੇ 'ਐਕਸ' 'ਤੇ ਪੋਸਟ ਕਰਦਿਆਂ ਦੱਸਿਆ ਕਿ ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਖ਼ਿਲਾਫ਼ ਇੱਕ ਵੱਡੀ ਸਫਲਤਾ ਹਾਸਲ ਕਰਦਿਆਂ ਪੰਜਾਬੀ ਬਾਗ ਰਿਜ਼ੋਰਟ ਅਟਾਰੀ ਰੋਡ ਅੰਮ੍ਰਿਤਸਰ ਨੇੜੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਇਸ ਕਾਰਵਾਈ ਦੌਰਾਨ 5 ਕਿਲੋਗ੍ਰਾਮ ਹੈਰੋਇਨ ਅਤੇ 4.45 ਲੱਖ ਰੁਪਏ ਡਰੱਗ ਮਨੀ ਬਰਾਮਦ ਹੋਈ ਹੈ। ਅਧਿਕਾਰੀ ਨੇ ਕਿਹਾ ਕਿ ਨਸ਼ਾ ਤਸਕਰੀ ਗੈਰ-ਕਾਨੂੰਨੀ ਧੰਦੇ ਵਿੱਚ ਸ਼ਾਮਲ ਸਮੁੱਚੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ।

# ਪਵਨ ਸ਼ਰਮਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਵਾਨੀਪੁਰ ਵਿੱਚ ਬਤੌਰ ਪੰਜਾਬੀ ਲੈਕਚਰਾਰ ਦਾ ਅਹੁਦਾ ਸੰਭਾਲਿਆ

**ਗੜ੍ਹਸ਼ੰਕਰ, 8 ਦਸੰਬਰ**
**--ਅਸ਼ਵਨੀ ਸ਼ਰਮਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਵਨ ਸ਼ਰਮਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੁਰੂ ਬਿਸ਼ਨਪੁਰੀ ਭਵਾਨੀਪੁਰ (ਅਚਲਪੁਰ) ਵਿੱਚ ਬਤੌਰ ਪੰਜਾਬੀ ਲੈਕਚਰਾਰ ਦਾ ਅਹੁਦਾ ਸੰਭਾਲ ਲਿਆ ਹੈ। ਇਸ ਤੋਂ ਪਹਿਲਾਂ ਪਵਨ ਸ਼ਰਮਾ ਲਗਾਤਾਰ 31 ਸਾਲ ਸ਼ਹੀਦ ਬਲਦੇਵ ਰਾਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੀਨੇਵਾਲ ਵਿੱਚ ਸਾਇੰਸ ਅਧਿਆਪਕ ਵਜੋਂ ਸੇਵਾਵਾਂ ਨਿਭਾ ਚੁੱਕੇ ਹਨ। ਇਸ ਸਮੇਂ ਦੌਰਾਨ ਪਵਨ ਸ਼ਰਮਾ ਨੇ ਵਿੱਦਿਆ ਦੇ ਖੇਤਰ ਦੇ ਨਾਲ-ਨਾਲ ਬੀਤ ਭਲਾਈ ਕਮੇਟੀ ਅਤੇ ਲੋਕਾਂ ਦੀ ਅਵਾਜ਼ ਵਰਗੀਆਂ ਸਮਾਜ ਸੇਵੀ ਸੰਸਥਾਵਾਂ ਵਿੱਚ ਵੱਖ-ਵੱਖ ਅਹੁਦਿਆਂ 'ਤੇ ਕੰਮ ਕਰਕੇ ਸਮਾਜ ਸੇਵਾ ਦੇ ਕੰਮਾਂ ਵਿੱਚ ਅਹਿਮ ਯੋਗਦਾਨ ਪਾਇਆ ਹੈ, ਜੋ ਅਜੇ ਵੀ ਜਾਰੀ ਹੈ।

ਪਵਨ ਸ਼ਰਮਾ ਤੋਂ ਸਿੱਖਿਆ ਹਾਸਲ ਕਰਨ ਵਾਲੇ ਜ਼ਿਆਦਾਤਰ ਵਿਦਿਆਰਥੀ ਉੱਚ ਅਹੁਦਿਆਂ 'ਤੇ ਕੰਮ ਕਰ ਰਹੇ ਹਨ ਅਤੇ ਕਈਆਂ ਨੇ ਕਾਰੋਬਾਰ 'ਚ ਅਹਿਮ ਅਹੁਦੇ ਹਾਸਲ ਕੀਤੇ ਹਨ। ਜਿਨ੍ਹਾਂ ਵਿੱਚੋਂ ਦਸ ਤੋਂ ਵੱਧ ਅਧਿਆਪਕ, ਦੋ ਹੈੱਡਮਾਸਟਰ, ਤਿੰਨ ਲੈਕਚਰਾਰ ਅਤੇ ਵੱਡੀ ਗਿਣਤੀ ਫੌਜ ਅਤੇ ਪੁਲੀਸ ਵਿੱਚ ਸੇਵਾਵਾਂ ਨਿਭਾਅ ਰਹੇ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਅਤੇ ਪੰਜਾਬ ਪੱਧਰ 'ਤੇ ਵੀ ਕਈ ਪੁਰਸਕਾਰ ਹਾਸਲ ਕਰ ਚੁੱਕੇ ਹਨ ਅਤੇ ਉਨ੍ਹਾਂ ਨੂੰ ਸਿੱਖਿਆ ਸਕੱਤਰ ਪੰਜਾਬ ਵੱਲੋਂ ਹੁਣ ਤੱਕ ਤਿੰਨ ਪ੍ਰਸ਼ੰਸਾ ਪੱਤਰ ਦਿੱਤੇ ਜਾ ਚੁੱਕੇ ਹਨ। ਪਵਨ ਸ਼ਰਮਾ ਨੇ ਸਕੂਲ ਦੇ ਪ੍ਰਿੰਸੀਪਲ ਬ੍ਰਿਜ ਮੋਹਨ ਜਸਵਾਲ ਦੀ ਹਾਜ਼ਰੀ ਵਿੱਚ ਪੰਜਾਬੀ ਦੇ ਲੈਕਚਰਾਰ ਦਾ ਅਹੁਦਾ ਸੰਭਾਲਿਆ।

ਇਸ ਮੌਕੇ ਸੇਵਾਮੁਕਤ ਅਧਿਆਪਕ ਅਸ਼ਵਨੀ ਸ਼ਰਮਾ, ਲੈਕਚਰਾਰ ਚਮਨ ਲਾਲ, ਤਿਰਲੋਚਨ ਸਿੰਘ, ਲੈਕਚਰਾਰ ਵਿਜੈ ਭੱਟੀ, ਲੈਕਚਰਾਰ ਹੰਸ ਰਾਜ, ਸਾਇੰਸ ਅਧਿਆਪਕ ਹਰਪ੍ਰੀਤ ਕੌਰ, ਲੈਕਚਰਾਰ ਪ੍ਰਦੀਪ ਧੀਮਾਨ, ਰਾਣਾ ਜਸਬੀਰ ਸਿੰਘ, ਰਾਣਾ ਲਖਵਿੰਦਰ ਸਿੰਘ, ਕਲਿਆਣ ਸਿੰਘ, ਡੀ.ਪੀ ਰਜਿੰਦਰ ਸਿੰਘ ਦਿਆਲ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ਅਤੇ ਸਾਰਿਆਂ ਨੇ ਪਵਨ ਸ਼ਰਮਾ ਨੂੰ ਨਵਾਂ ਅਹੁਦਾ ਸੰਭਾਲਣ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਮੀਤ ਹੇਅਰ ਨੇ ਲੋਕ ਸਭਾ ਵਿੱਚ ਰਾਜਪੁਰਾ-ਚੰਡੀਗੜ੍ਹ ਰੇਲ ਲਿੰਕ ਬਣਾਉਣ ਦਾ ਮੁੱਦਾ ਉਠਾਇਆ

## ਲੋਕ ਸਭਾ ਮੈਂਬਰ ਨੇ ਸੀਨੀਅਰ ਸਿਟੀਜਨ ਤੇ ਖਿਡਾਰੀਆਂ ਨੂੰ ਮਿਲਦੀ ਰਿਆਇਤ ਮੁੜ ਸ਼ੁਰੂ ਕਰਨ ਦੀ ਵੀ ਮੰਗ ਰੱਖੀ

**ਨਵੀਂ ਦਿੱਲੀ/ਚੰਡੀਗੜ੍ਹ, 4 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਨੇ ਲੋਕ ਸਭਾ ਵਿੱਚ ਸਮੁੱਚੇ ਮਾਲਵੇ ਖਿੱਤੇ ਨੂੰ ਸੂਬੇ ਦੀ ਰਾਜਧਾਨੀ ਚੰਡੀਗੜ੍ਹ ਨਾਲ ਰੇਲ ਰਾਹੀਂ ਜੋੜਨ ਲਈ ਰਾਜਪੁਰਾ-ਚੰਡੀਗੜ੍ਹ ਰੇਲ ਲਿੰਕ ਬਣਾਉਣ ਦਾ ਮੁੱਦਾ ਉਠਾਇਆ।

ਮੀਤ ਹੇਅਰ ਨੇ ਅੱਜ ਸਦਨ ਵਿੱਚ ਰੇਲ ਸਬੰਧੀ ਆਏ ਇੱਕ ਬਿੱਲ ਉੱਤੇ ਬਹਿਸ ਵਿੱਚ ਹਿੱਸਾ ਲੈਂਦਿਆਂ ਕਿਹਾ ਕਿ ਰੇਲ ਸਭ ਤੋਂ ਸਸਤਾ, ਸੌਖਾ ਤੇ ਵਧੀਆ ਆਵਾਜਾਈ ਦਾ ਸਾਧਨ ਹੈ ਜਿਸ ਨਾਲ ਸਭ ਤੋਂ ਵੱਧ ਆਮ ਆਦਮੀ ਨੂੰ ਫ਼ਾਇਦਾ ਹੁੰਦਾ ਹੈ। ਆਜ਼ਾਦੀ ਦੇ 77 ਸਾਲ ਬਾਅਦ ਵੀ ਮਾਲਵਾ ਖਿੱਤੇ ਦੇ ਲੋਕ ਆਪਣੀ ਰਾਜਧਾਨੀ ਨਾਲ ਸਿੱਧਾ ਰੇਲ ਨਾਲ ਨਹੀਂ ਜੁੜੇ ਜਿਸ ਲਈ ਸਿਰਫ ਰਾਜਪੁਰਾ ਤੇ ਚੰਡੀਗੜ੍ਹ ਨੂੰ ਜੋੜਨਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਜ਼ਮੀਨ ਐਕਵਾਇਰ ਦੀ ਮੰਗ ਦਾ ਹਵਾਲਾ ਦਿੰਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸੜਕਾਂ ਬਣਾਉਣ ਲਈ ਜ਼ਮੀਨ ਐਕਵਾਇਰ ਹੋ ਸਕਦੀ ਹੈ ਤਾਂ ਸਰਕਾਰੀ ਰੇਲ ਸੇਵਾ ਲਈ ਕਿਉਂ ਨਹੀਂ।



ਲੋਕ ਸਭਾ ਮੈਂਬਰ ਮੀਤ ਹੇਅਰ ਨੇ ਇਕ ਹੋਰ ਅਹਿਮ ਮੁੱਦਾ ਚੁੱਕਦਿਆਂ ਕਿਹਾ ਕਿ ਕੋਵਿਡ ਸਮੇਂ ਵਿੱਚ ਸੀਨੀਅਰ ਸਿਟੀਜਨ ਤੇ ਖਿਡਾਰੀਆਂ ਨੂੰ ਮਿਲਦੀ ਰਿਆਇਤ ਬੰਦ ਕਰ ਦਿੱਤੀ ਸੀ। ਇਸ ਨੂੰ ਮੁੜ ਸ਼ੁਰੂ ਕੀਤਾ ਜਾਵੇ ਅਤੇ ਇਸ ਦੇ ਦਾਇਰੇ ਵਿੱਚ ਵਿਦਿਆਰਥੀ ਵੀ ਲਿਆਂਦੇ ਜਾਣ।ਮੀਤ ਹੇਅਰ ਨੇ ਇਹ ਵੀ ਆਖਿਆ ਕਿ ਬਰਨਾਲਾ-ਸੰਗਰੂਰ ਇਲਾਕੇ ਵਿੱਚ ਕੋਈ ਵੀ ਹਾਈ ਸਪੀਡ ਰੇਲ ਨਹੀਂ ਗੁਜ਼ਰਦੀ ਜਿਸ ਲਈ ਇਹ ਮੰਗ ਜਲਦ ਪੂਰੀ ਕੀਤੀ ਜਾਵੇ।

ਮੀਤ ਹੇਅਰ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਿਰਫ 15 ਹਜ਼ਾਰ ਰੇਲ ਲਾਈਨ ਹੋਰ ਵਿਛਾਈ ਗਈ ਜੋ ਕਿ ਬਹੁਤ ਘੱਟ ਹੈ। ਰੇਲ ਭਾਰਤ ਦੀ ਰੀੜ੍ਹ ਦੀ ਹੱਡੀ ਹੈ। ਸਰਕਾਰ ਜਿਵੇਂ ਬੰਦਰਗਾਹ ਸਮੇਤ ਹੋਰ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਕਰਨ ਉੱਤੇ ਉਤਾਰੂ ਹੈ ਉਥੇ ਸਾਨੂੰ ਸ਼ੰਕਾ ਹੈ ਕਿ ਰੇਲ ਵੀ ਨਿੱਜੀ ਹੱਥਾਂ ਵਿੱਚ ਨਾ ਵੇਚ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਨੇ ਉਡਾਣ ਸਕੀਮ ਤਹਿਤ ਸਸਤੇ ਹਵਾਈ ਸਫਰ ਦੇ ਹਵਾਈ ਕਿਲੇ ਉਸਾਰੇ ਸਨ ਜੋ ਕਿ ਪੂਰੇ ਨਹੀਂ ਹੋਏ। ਇਸ ਲਈ ਦੇਸ਼ ਵਾਸੀਆਂ ਲਈ ਰੇਲ ਹੀ ਇਕਮਾਤਰ ਸਸਤਾ ਤੇ ਸੁਖਾਲਾ ਆਵਾਜਾਈ ਦਾ ਸਾਧਨ ਹੈ ਜਿਸ ਲਈ ਰੇਲਵੇ ਨੈਟਵਰਕ ਨੂੰ ਮਜ਼ਬੂਤ ਕਰਨਾ ਸਭ ਤੋਂ ਜ਼ਰੂਰੀ ਹੈ।

# ਜ਼ਿਲ੍ਹੇ ਦੇ ਲੋਕ ਝੰਡਾ ਦਿਵਸ ਫ਼ੰਡ 'ਚ ਦਿਲ ਖੋਲ੍ਹ ਕੇ ਯੋਗਦਾਨ ਦੇਣ : ਇਸ਼ਾ ਸਿੰਗਲ



ਹਥਿਆਰਬੰਦ ਸੈਨਾਵਾਂ ਝੰਡਾ ਦਿਵਸ ਫ਼ੰਡ 'ਚੋਂ ਸਾਬਕਾ ਸੈਨਿਕ/ਪਰਿਵਾਰਾਂ ਨੂੰ ਮਾਲੀ ਸਹਾਇਤਾ ਸੌਂਪਦੇ ਹੋਏ ਵਧੀਕ ਡਿਪਟੀ ਕਮਿਸ਼ਨਰ ਇਸ਼ਾ ਸਿੰਗਲ।

ਪਟਿਆਲਾ, 8 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਥਿਆਰਬੰਦ ਸੈਨਾ ਝੰਡਾ ਦਿਵਸ ਦੇ ਮੌਕੇ 'ਤੇ ਅੱਜ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਦੇ ਅਧਿਕਾਰੀਆਂ ਵਲੋਂ ਜ਼ਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ (ਜ) ਇਸ਼ਾ ਸਿੰਗਲ ਨੂੰ ਟੋਕਨ ਫਲੈਗ ਲਗਾਕੇ ਇਸ ਮੁਹਿੰਮ ਦਾ ਅਗਾਜ਼ ਕੀਤਾ ਗਿਆ। ਉਨ੍ਹਾਂ ਇਸ ਮੌਕੇ ਦੇਸ਼ ਦੇ ਸੈਨਿਕਾਂ ਨਾਲ ਇਕੱਜੁਟਤਾ ਦਾ ਪ੍ਰਗਟਾਵਾ ਕਰਦਿਆਂ, ਝੰਡਾ ਦਿਵਸ ਲਈ ਵਿੱਤੀ ਯੋਗਦਾਨ ਵੀ ਦਿੱਤਾ।

ਵਧੀਕ ਡਿਪਟੀ ਕਮਿਸ਼ਨਰ ਇਸ਼ਾ ਸਿੰਗਲ ਨੇ ਇਸ ਮੌਕੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਜਿਵੇਂ ਸਮੁੱਚੇ ਦੇਸ਼ ਵਾਸੀ ਮਾਣ ਅਤੇ ਸਨਮਾਨ ਨਾਲ ਝੰਡਾ ਦਿਵਸ ਫ਼ੰਡ ਵਿੱਚ ਯੋਗਦਾਨ ਦੇ ਕੇ, ਦੇਸ਼ ਦੀ ਆਨ ਅਤੇ ਸ਼ਾਨ ਲਈ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦ ਸੈਨਿਕਾਂ ਦੀਆਂ ਕੁਰਬਾਨੀਆਂ ਪ੍ਰਤੀ ਫ਼ੰਡ ਦੇ ਕੇ ਸਤਿਕਾਰ ਪ੍ਰਗਟ ਕਰਦੇ ਹਨ, ਉਸੇ ਤਰ੍ਹਾਂ ਅਸੀਂ ਜ਼ਿਲ੍ਹਾ ਵਾਸੀ ਵੀ ਇਸ ਮੌਕੇ 'ਤੇ ਆਪਣੇ ਜਵਾਨਾਂ ਲਈ ਖੁੱਲ੍ਹੇ ਦਿਲ ਨਾਲ ਯੋਗਦਾਨ ਦੇਈਏ। ਉਨ੍ਹਾਂ ਕਿਹਾ ਕਿ ਝੰਡਾ ਦਿਵਸ ਲਈ ਇਕੱਤਰ ਕੀਤੀ ਜਾਂਦੀ ਰਾਸ਼ੀ ਸ਼ਹੀਦ/ਡਿਊਟੀ ਜਾਂ ਸੈਨਿਕ ਅਪਰੇਸ਼ਨ ਦੌਰਾਨ ਅੰਗਹੀਣ ਹੋਏ ਸੈਨਿਕਾਂ ਅਤੇ ਲੋੜਵੰਦ ਸਾਬਕਾ ਸੈਨਿਕਾਂ ਦੇ ਪਰਿਵਾਰਾਂ ਦੀ ਭਲਾਈ ਲਈ ਵਰਤੀ ਜਾਂਦੀ ਹੈ। ਇਸ ਮੌਕੇ 9 ਸਾਬਕਾ ਸੈਨਿਕਾਂ/ਪਰਿਵਾਰਾਂ ਨੂੰ ਮਾਲੀ ਸਹਾਇਤਾ ਵੀ ਦਿੱਤੀ ਗਈ।

ਇਸ ਮੌਕੇ ਜ਼ਿਲ੍ਹਾ ਸੈਨਿਕ ਬੋਰਡ ਦੇ ਵਾਈਸ ਪ੍ਰਧਾਨ ਕਰਨਲ ਜਸਬੀਰ ਸਿੰਘ ਨੇ ਦੱਸਿਆ ਕਿ ਇਹ ਦਿਨ ਦੇਸ਼ ਦੀ ਰੱਖਿਆ ਲਈ ਜਾਨਾਂ ਕੁਰਬਾਨ ਕਰਨ ਵਾਲੇ ਸੈਨਿਕਾਂ ਅਤੇ ਸਾਬਕਾ ਸੈਨਿਕਾਂ ਨੂੰ ਸਤਿਕਾਰ ਮਾਣ, ਸਨਮਾਨ ਅਤੇ ਸੁਰੱਖਿਆ ਸੈਨਾਵਾਂ ਨਾਲ ਆਪਣੀ ਇੱਕਮੁਠਤਾ ਨੂੰ ਦਰਸਾਉਣ ਲਈ ਮਨਾਇਆ ਜਾਂਦਾ ਹੈ।

ਇਸ ਦੌਰਾਨ ਪੂਰਾ ਦੇਸ਼ ਪੂਰੇ ਜੋਸ਼ ਅਤੇ ਮਾਣ ਨਾਲ ਝੰਡਾ ਦਿਵਸ ਫੰਡ ਵਿੱਚ ਹਿੱਸਾ ਪਾਉਂਦਾ ਹੈ ਅਤੇ ਸਮੂਹ ਦੇਸ਼ ਵਾਸੀ, ਬੱਚੇ ਤੇ ਬਜ਼ੁਰਗ ਟੋਕਨ ਫਲੈਗ ਲਗਾਕੇ ਸ਼ਹੀਦਾਂ ਦੀਆਂ ਕੁਰਬਾਨੀਆਂ ਪ੍ਰਤੀ ਦਾਨ ਦੇ ਕੇ ਧੰਨਵਾਦ ਪ੍ਰਗਟ ਕਰਦੇ ਹਨ।

ਸਮਾਗਮ ਦੌਰਾਨ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਦੇ ਸੁਪਰਡੈਂਟ ਸੁਖਵੰਤ ਸਿੰਘ ਸਮੇਤ ਸਾਬਕਾ ਸੈਨਿਕ, ਸੈਨਿਕਾਂ ਦੇ ਪਰਿਵਾਰ ਅਤੇ ਦਫ਼ਤਰ ਦਾ ਸਮੂਹ ਸਟਾਫ਼ ਮੌਜੂਦ ਸੀ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਸੀ.ਐਚ.ਸੀ. ਤ੍ਰਿਪੜੀ 'ਚ 25 ਲੱਖ ਰੁਪਏ ਦੀ ਲਾਗਤ ਨਾਲ ਲਗਾਈ ਅਲਟਰਾਸਾਊਂਡ ਮਸ਼ੀਨ ਮਰੀਜ਼ਾਂ ਨੂੰ ਕੀਤੀ ਸਮਰਪਿਤ

➢ ਮਰੀਜਾਂ ਦੀ ਸਹੂਲਤ ਲਈ ਸੀ.ਐਚ.ਸੀ. ਤ੍ਰਿਪੜੀ ਦਾ ਹੋਵੇਗਾ ਵਿਸਥਾਰ, ਇੱਕ ਮੰਜ਼ਿਲ ਹੋਰ ਬਣੇਗੀ, ਕੰਮ ਜਲਦ ਹੋਵੇਗਾ ਸ਼ੁਰੂ

➢ ਸਿਹਤ ਸੇਵਾਵਾਂ 'ਚ ਹੋਰ ਸੁਧਾਰਾਂ ਲਈ ਸਾਰੇ ਸਰਕਾਰੀ ਹਸਪਤਾਲਾਂ ਤੇ ਮੁਹੱਲਾ ਕਲੀਨਿਕਾਂ ਵਿਖੇ ਮਰੀਜਾਂ ਤੋਂ ਲਈ ਜਾਵੇਗੀ ਫੀਡਬੈਕ

ਪਟਿਆਲਾ, 8 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਪਟਿਆਲਾ ਦਿਹਾਤੀ ਹਲਕੇ ਦੇ ਵਸਨੀਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਮਕਸਦ ਨਾਲ ਕਮਿਊਨਿਟੀ ਹੈਲਥ ਸੈਂਟਰ ਤ੍ਰਿਪੜੀ ਵਿਖੇ 25 ਲੱਖ ਰੁਪਏ ਦੀ ਲਾਗਤ ਨਾਲ ਨਵੀਂ ਲਗਾਈ ਗਈ ਅਤਿਆਧੁਨਿਕ ਅਲਟਰਾਸਾਊਂਡ ਮਸ਼ੀਨ ਮਰੀਜਾਂ ਨੂੰ ਸਮਰਪਿਤ ਕੀਤੀ।

ਸਿਹਤ ਮੰਤਰੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਨੇ ਮਨਜ਼ੂਰੀ ਦੇ ਦਿੱਤੀ ਹੈ ਅਤੇ ਹੁਣ ਤ੍ਰਿਪੜੀ ਹਸਪਤਾਲ ਨੂੰ ਅਪਗ੍ਰੇਡ ਕਰਕੇ ਇਸ ਦਾ ਵਿਸਥਾਰ ਕੀਤਾ ਜਾਵੇਗਾ, ਇਸ ਉਪਰ ਇੱਕ ਮੰਜ਼ਿਲ ਹੋਰ ਬਣੇਗੀ, ਲਿਫਟ ਚਾਲੂ ਹੋਵੇਗੀ, ਬਾਥਰੂਮਜ਼ ਦੀ ਮੁਰੰਮਤ ਹੋਵੇਗੀ ਤੇ ਇਸ ਦਾ ਮੂੰਹ ਮੁਹਾਂਦਰਾ ਅਗਲੇ ਦੋ ਮਹੀਨਿਆਂ ਦੇ ਅੰਦਰ-ਅੰਦਰ ਬਦਲ ਦਿੱਤਾ ਜਾਵੇਗਾ।



ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਕਮਿਊਨਿਟੀ ਹੈਲਥ ਸੈਂਟਰ ਤ੍ਰਿਪੜੀ ਪਟਿਆਲਾ ਵਿਖੇ 25 ਲੱਖ ਰੁਪਏ ਦੀ ਲਾਗਤ ਨਾਲ ਨਵੀਂ ਲਗਾਈ ਗਈ ਅਲਟਰਾਸਾਊਂਡ ਮਸ਼ੀਨ ਮਰੀਜਾਂ ਨੂੰ ਸਮਰਪਿਤ ਕਰਦੇ ਹੋਏ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਤ੍ਰਿਪੜੀ ਸੀ.ਐਚ.ਸੀ. 'ਚ ਐਕਸਰੇ ਪਹਿਲਾਂ ਹੀ ਕੀਤੇ ਜਾਂਦੇ ਸਨ ਹੁਣ ਇੱਥੇ ਇਲਾਕੇ ਦੇ ਲੋਕਾਂ ਦੀ ਮੰਗ 'ਤੇ ਅਲਟਰਾਸਾਊਂਡ ਮਸ਼ੀਨ ਵੀ ਚਾਲੂ ਕਰ ਦਿੱਤੀ ਗਈ ਹੈ ਅਤੇ ਇਸ ਹਸਪਤਾਲ ਦੇ ਵਿਸਥਾਰ ਨਾਲ ਇੱਥੇ ਜੱਚਾ-ਬੱਚਾ ਲਈ ਸਿਹਤ ਸੇਵਾਵਾਂ ਤੇ ਹੋਰ ਬਿਹਤਰ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਦੀ ਇਹ ਸੋਚ ਹੈ ਕਿ ਸੂਬਾ ਨਿਵਾਸੀਆਂ ਨੂੰ ਏ ਕਲਾਸ ਸਿਹਤ ਸੇਵਾਵਾਂ ਮਿਲਣ ਜਿਸ ਲਈ ਪੰਜਾਬ ਸਰਕਾਰ ਵੱਲੋਂ ਸਿਹਤ, ਸਿੱਖਿਆ ਅਤੇ ਰੋਜ਼ਗਾਰ ਨੂੰ ਪਹਿਲ ਦਿੱਤੀ ਜਾ ਰਹੀ ਹੈ। ਇਸ ਮੌਕੇ ਮੀਡੀਆ ਨਾਲ ਗ਼ੈਰਰਸਮੀ ਗੱਲਬਾਤ ਕਰਦਿਆਂ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਡਾ. ਖੁਸ਼ਦੇਵਾ ਸਿੰਘ ਛਾਤੀ ਰੋਗਾਂ ਤੇ ਟੀ.ਬੀ. ਹਸਪਤਾਲ ਨੂੰ ਵੀ ਨਵੀਆਂ ਸਹੂਲਤਾਂ ਨਾਲ ਅਪਗ੍ਰੇਡ ਕੀਤਾ ਜਾ ਰਿਹਾ ਹੈ ਅਤੇ ਇਸ ਵਿੱਚ ਐਮਰਜੈਂਸੀ ਤੇ ਆਈ.ਸੀ.ਯੂ. ਸੇਵਾਵਾਂ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਸਿਹਤ ਮੰਤਰੀ ਨੇ ਅੱਗੇ ਦੱਸਿਆ ਕਿ ਉਹ ਖ਼ੁਦ ਤੇ ਸਿਹਤ ਵਿਭਾਗ ਦੇ ਸੀਨੀਅਰ ਅਧਿਕਾਰੀ ਮਰੀਜਾਂ ਨੂੰ ਫੋਨ ਕਰਕੇ ਸਿਹਤ ਸੇਵਾਵਾਂ ਬਾਰੇ ਮਰੀਜਾਂ ਦੀ ਫੀਡਬੈਕ ਹਾਸਲ ਕਰ ਰਹੇ ਹਨ ਤੇ ਇਸ ਨਾਲ ਸਿਹਤ ਸੇਵਾਵਾਂ ਵਿੱਚ ਹੋਰ ਸੁਧਾਰ ਹੋ ਰਹੇ ਹਨ ਅਤੇ ਜ਼ਿਲ੍ਹਾ ਹਸਪਤਾਲਾਂ ਸਮੇਤ ਮੁਹੱਲਾ ਕਲੀਨਿਕਾਂ ਵਿਖੇ ਵੀ ਮਰੀਜਾਂ ਦੀ ਫੀਡਬੈਕ ਲੈਣੀ ਸ਼ੁਰੂ ਕੀਤੀ ਗਈ ਹੈ। ਇਸ ਤੋਂ ਬਿਨ੍ਹਾਂ ਮਰੀਜਾਂ ਦੀ ਸਹੂਲਤ ਲਈ ਮਾਤਾ ਕੌਸ਼ੱਲਿਆ ਹਸਪਤਾਲ, ਰਾਜਿੰਦਰਾ ਹਸਪਤਾਲ ਵਿਖੇ ਪੇਸ਼ੈਂਟ ਫੈਸਿਲੀਟੇਸ਼ਨ ਸੈਂਟਰ ਸ਼ੁਰੂ ਕੀਤੇ ਜਾ ਰਹੇ ਹਨ।

ਇਸ ਮੌਕੇ ਡਾਇਰੈਕਟਰ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਡਾ. ਅਨਿਲ ਕੁਮਾਰ, ਸਿਵਲ ਸਰਜਨ ਡਾ. ਜਤਿੰਦਰ ਕਾਂਸਲ, ਜ਼ਿਲ੍ਹਾ ਪ੍ਰੀਵਾਰ ਭਲਾਈ ਅਫ਼ਸਰ ਡਾ. ਬਲਕਾਰ ਸਿੰਘ, ਐਸ.ਐਮ.ਓ. ਤ੍ਰਿਪੜੀ ਡਾ. ਮੋਨਿਕਾ ਖਰਬੰਦਾ ਵੇਦ ਕਪੂਰ, ਸੁਰੇਸ਼ ਰਾਏ, ਬਲਾਕ ਪ੍ਰਧਾਨ ਲਲਿਤ ਕੁਮਾਰ, ਚਿੰਟੂ ਨਾਸਰਾ, ਵਰਿੰਦਰ ਆਹੂਜਾ, ਤੇਜਿੰਦਰ ਕੁਮਾਰ, ਹੈਪੀ ਮੁੰਜਾਲ, ਜਗਦੀਸ਼ ਸ਼ੋਰੀ, ਮੋਹਿਤ ਕੁਮਾਰ, ਲਾਲ ਸਿੰਘ, ਮਨਦੀਪ ਸਿੰਘ ਵਿਰਦੀ ਸਮੇਤ ਹੋਰ ਪਤਵੰਤੇ ਮੌਜੂਦ ਸਨ।

# ਪੰਜਾਬ ਸਰਕਾਰ ਦੇ ਮੁਲਾਜਮਾਂ ਅਤੇ ਪੈਨਸ਼ਨਰਜ਼ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਸਬੰਧੀ ਵੱਟੀ ਚੁੱਪੀ ਅਤੇ ਟਾਲ ਮਟੋਲ ਦੀ ਨੀਤੀ ਦੀ ਸਖਤ ਨਿਖੇਧੀ



ਪਟਿਆਲਾ, 8 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੈਨਸ਼ਨਰਜ ਵੈਲਫੇਅਰ ਫੈਡਰੇਸ਼ਨ ਪੰਜਾਬ (ਪਹਿਲਵਾਨ) ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਬਾਬਾ ਅਮਰਜੀਤ ਸਿੰਘ ਸੂਬਾ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿੱਚ ਪੰਜਾਬ ਸਰਕਾਰ ਦੇ ਮੁਲਾਜਮਾਂ ਅਤੇ ਪੈਨਸ਼ਨਰਜ਼ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਸਬੰਧੀ ਵੱਟੀ ਚੁੱਪੀ ਅਤੇ ਟਾਲ ਮਟੋਲ ਦੀ ਨੀਤੀ ਦੀ ਸਖਤ ਨਿਖੇਧੀ ਕੀਤੀ ਗਈ ਅਤੇ ਪੰਜਾਬ ਸਰਕਾਰ ਤੋਂ ਪੁਰਜੋਰ ਮੰਗ ਕੀਤੀ ਗਈ ਕਿ ਮੁਲਾਜਮਾਂ ਅਤੇ ਪੈਨਸ਼ਨਰਜ਼ ਦੀਆਂ ਜਥੇਬੰਦੀਆਂ ਨੂੰ ਮੀਟਿੰਗਾਂ ਦੇ ਕੇ ਲੰਮੇ ਸਮੇਂ ਤੋਂ ਪੈਂਡਿੰਗ ਪਈਆਂ ਮੰਗਾਂ ਦਾ ਹੱਲ ਕੱਢਿਆ ਜਾਵੇ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦੇ ਹੋਏ ਬੀ.ਐਸ. ਸੇਖੋਂ ਜਨਰਲ ਸਕੱਤਰ ਨੇ ਦੱਸਿਆ ਕਿ ਪੰਜਾਬ ਦੀ ਆਪ ਪਾਰਟੀ ਦੀ ਮੌਜੂਦਾ ਸਰਕਾਰ ਵਲੋਂ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜੋ ਪੰਜਾਬ ਦੇ ਲੋਕਾਂ, ਕਿਸਾਨਾਂ, ਮਜਦੂਰਾਂ, ਮੁਲਾਜਮਾਂ ਅਤੇ ਪੈਨਸ਼ਨਰਜ਼ ਸਮੇਤ ਬੇਰੁਜਗਾਰ ਨੌਜੁਆਨਾ, ਵਪਾਰੀਆਂ ਨਾਲ ਜੋ ਵਾਅਦੇ ਕੀਤੇ ਗਏ ਸਨ ਕਿ ਜਦੋਂ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚ ਬਣੀ ਤਾਂ ਮੁਲਾਜਮਾਂ ਅਤੇ ਪੈਨਸ਼ਨਰਜ਼ ਨੂੰ ਕੋਈ ਧਰਨੇ ਮੁਜਾਹਰੇ ਨਹੀਂ ਲਾਉਣੇ ਪੈਣਗੇ। ਇਨ੍ਹਾਂ ਦੀਆਂ ਮੰਗਾਂ ਜੋ ਪਿਛਲੀਆਂ ਸਰਕਾਰਾਂ ਨੇ ਹੱਲ ਨਹੀਂ ਕੀਤੀਆਂ ਉਹਨਾਂ ਦਾ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਵੇਗਾ। ਸਰਕਾਰ ਨੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਦੇ ਹੀ ਤਕਰੀਬਨ 35 ਹਜਾਰ ਤੋਂ ਵੱਧ ਕੱਚੇ ਅਤੇ ਠੇਕੇ ਤੇ ਰੱਖੇ ਹੋਏ ਕਰਮਚਾਰੀਆਂ ਨੂੰ ਕੈਬਨਿਟ ਦੀ ਪਹਿਲੀ ਮੀਟਿੰਗ ਵਿੱਚ ਰੈਗੂਲਰ ਕਰ ਦਿੱਤਾ ਜਾਵੇਗਾ। ਜੇਕਰ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਨੂੰ ਫਸਲਾਂ ਤੇ ਐਮ.ਐਸ.ਪੀ. ਨਹੀਂ ਦਿੰਦੀ ਤਾਂ ਪੰਜਾਬ ਸਰਕਾਰ ਖੁੱਦ ਫੈਸਲਾ ਕਰਕੇ 23 ਫਸਲਾਂ ਤੇ ਐਮ.ਐਸ.ਪੀ. ਦੇਵੇਗੀ। ਮਹਿਲਾਵਾਂ ਨੂੰ ਹਰ ਮਹੀਨੇ 1000 ਰੁਪਏ ਉਹਨਾਂ ਦੇ ਖਾਤਿਆਂ ਵਿੱਚ ਪਾਇਆ ਜਾਵੇਗਾ, ਮੁਲਾਜਮਾਂ ਅਤੇ ਪੈਨਸ਼ਰਜ਼ ਨੂੰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇਗੀ, ਪੰਜਾਬ ਵਿਚੋਂ ਚਾਰ ਹਫਤਿਆ ਵਿੱਚ ਨਸ਼ਾਂ ਖਤਮ ਕੀਤਾ ਜਾਵੇਗਾ, ਰਿਸ਼ਵਤਖੋਰੀ ਬੰਦ ਕੀਤੀ ਜਾਵੇਗੀ, ਬੇਰੁਜਗਾਰ ਨੌਜੁਆਨਾ ਨੂੰ ਨੌਕਰੀ ਲਈ ਵਿਦੇਸ਼ਾਂ ਵਿੱਚ ਜਾਣ ਦੀ ਲੋੜ ਨਹੀਂ ਪਵੇਗੀ, ਸਗੋਂ ਪੰਜਾਬ ਵਿੱਚ ਹੀ ਉਦਯੋਗ ਲਗਾ ਕੇ ਰੋਜ਼ਗਾਰ ਮੁਹੱਈਆ ਕਰਵਾਇਆ ਜਾਵੇਗਾ, ਬੀ.ਐਸ.ਸੇਖੋਂ ਜਨਰਲ ਸਕੱਤਰ ਨੇ ਅੱਗੇ ਦੱਸਿਆ ਕਿ ਮੁਲਾਜਮਾਂ ਅਤੇ ਪੈਨਸ਼ਨਰਜ਼ ਦੀਆਂ ਤਨਖਾਹਾਂ ਅਤੇ ਪੈਨਸ਼ਨਾਂ ਵਿਚੋਂ ਹਰ ਮਹੀਨੇ 200 ਰੁਪਏ ਪ੍ਰਤੀ ਮਹੀਨਾ ਵਿਕਾਸ ਟੈਕਸ ਦੇ ਨਾਂ ਤੇ ਜਜ਼ੀਆ ਲਾਇਆ ਜਾ ਰਿਹਾ ਹੈ। ਮੁਲਾਜਮਾਂ ਅਤੇ ਪੈਨਸ਼ਨਰਜ਼ ਦਾ ਮਿਤੀ 01—01—2016 ਤੋਂ 30—06—2021 ਤੱਕ ਦਾ ਬਕਾਇਆ ਅਜੇ ਤੱਕ ਨਹੀਂ ਦਿੱਤਾ ਗਿਆ। ਕੇਂਦਰ ਸਰਕਾਰ ਦੇ ਪੈਟਰਨ ਉੱਤੇ ਮਹਿੰਗਾਈ ਭੱਤੇ ਦੀਆਂ 11 ਪ੍ਰਤੀਸ਼ਤ ਦੀਆਂ ਕਿਸ਼ਤਾਂ ਵੀ ਬਕਾਇਆ ਪਈਆਂ ਹਨ। ਮੁਲਾਜਮਾਂ ਅਤੇ ਪੈਨਸ਼ਨਰਾਂ ਨੂੰ ਵਾਰ—ਵਾਰ ਮੀਟਿੰਗਾਂ ਦੇ ਕੇ ਮੁਲਤਵੀ ਕੀਤੀਆਂ ਜਾਂਦੀਆ ਹਨ ਜਿਸ ਨਾਲ ਮੁਲਾਜਮਾਂ ਤੇ ਪੈਨਸ਼ਨਰਾਂ ਵਿੱਚ ਮਾਨਸਿਕ ਤੌਰ ਤੇ ਨਿਰਾਸ਼ਾ ਪਾਈ ਜਾ ਰਹੀ ਹੈ ਅਤੇ ਮੁਲਾਜਮ ਲਗਾਤਾਰ ਧਰਨੇ ਮਜਾਹਰੇ ਅਤੇ ਰੈਲੀਆਂ ਕਰਨ ਲਈ ਮਜਬੂਰ ਹਨ। ਮੀਟਿੰਗ ਵਿੱਚ ਪੰਜਾਬ ਸਰਕਾਰ ਤੋਂ ਪੁਰਜੋਰ ਮੰਗ ਕੀਤੀ ਗਈ ਕਿ ਮੁਲਾਜਮਾਂ ਅਤੇ ਪੈਨਸ਼ਰਜ਼ ਦੀਆਂ ਪੈਂਡਿੰਗ ਪਈਆਂ ਮੰਗਾਂ ਨੂੰ ਪਹਿਲ ਦੇ ਆਧਾਰ ਤੇ ਮੀਟਿੰਗ ਦੇ ਕੇ ਹੱਲ ਕੀਤਾ ਜਾਵੇ। ਮੀਟਿੰਗ ਵਿੱਚ ਬਾਬਾ ਅਮਰਜੀਤ ਸਿੰਘ, ਵਿਨੋਦ ਸਲਵਾਨ, ਪਰਮਜੀਤ ਸਿੰਘ ਦਸੂਹਾ, ਐਮ.ਐਲ. ਕਪਿਲਾ, ਬੀ.ਐਸ. ਸੇਖੋਂ, ਸੁਖਦੇਵ ਸਿੰਘ, ਲਖਬੀਰ ਸਿੰਘ, ਕੰਵਰ ਜਸਵਿੰਦਰ ਪਾਲ ਸਿੰਘ, ਰਾਮ ਕਿਸ਼ਨ, ਰਾਮ ਸਰਨ ਪ੍ਰਾਸ਼ਰ, ਪਲਮਿੰਦਰ ਸਿੰਘ, ਬਲਵਿੰਦਰ ਸਿੰਘ ਪਨਖੂਹ, ਪਵਿੱਤਰ ਸਿੰਘ, ਜਸਦੀਸ਼ ਰਾਏ, ਹਰਜਸ ਸਿੰਘ, ਰਣਜੀਤ ਸਿੰਘ, ਕੁੰਵਰ ਸਿੰਘ ਚੌਹਾਨ, ਕੁਲਦੀਪ ਸਿੰਘ ਮਿਨਹਾਸ, ਪਰਮਜੀਤ ਸਿੰਘ ਜਲੰਧਰ, ਓਮ ਪ੍ਰਕਾਸ਼, ਅਵਤਾਰ ਸਿੰਘ ਬਮਰਾਹ, ਮਲਕੀਤ ਸਿੰਘ ਕੰਗ, ਲਖਵੀਰ ਸਿੰਘ ਸੰਧੂ, ਸ਼ਿਵਦੇਵ ਸਿੰਘ, ਜਗਦੇਵ ਮਾਨ, ਮਹਿੰਦਰ ਸਿੰਘ ਫਿਰੋਜਪੁਰ, ਜਰਨੈਲ ਸਿੰਘ, ਸੁਰਿੰਦਰ ਸਿੰਘ ਸ਼ਾਹਪੁਰ ਕੰਡੀ, ਆਦਿ ਹਾਜਰ ਸਨ।

# ਸਪਨਾ ਰਾਣੀ ਸੀਨੀਅਰ ਮੀਤ ਪ੍ਰਧਾਨ ਅਤੇ ਵੀਰਪਾਲ ਕੌਰ ਮੀਤ ਪ੍ਰਧਾਨ ਨਿਯੁਕਤ



ਬਠਿੰਡਾ 8 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਨਗਰ ਕੌਂਸਲ ਗੋਨਿਆਣਾ ਦੀ ਸੀਨੀਅਰ ਮੀਤ ਪ੍ਰਧਾਨ ਅਤੇ ਮੀਤ ਪ੍ਰਧਾਨ ਦੀਆਂ ਕੁਰਸੀਆਂ ਕਰੀਬ ਡੇਢ ਸਾਲ ਤੋਂ ਖਾਲੀ ਪਈਆਂ ਸਨ ਅੱਜ ਕਨਵੀਨਰ ਤਹਿਸੀਲਦਾਰ ਬਠਿੰਡਾ ਦੀ ਅਗਵਾਈ ਹੇਠ ਸੀਨੀਅਰ ਮੀਤ ਪ੍ਰਧਾਨ ਅਤੇ ਮੀਤ ਪ੍ਰਧਾਨ ਦੀ ਚੋਣ ਹੋਈ, ਜਿਸ ਵਿੱਚ ਸਪਨਾ ਰਾਣੀ ਪਤਨੀ ਰਕੇਸ਼ ਕੁਮਾਰ ਰੋਮਾ ਨੂੰ ਸੀਨੀਅਰ ਮੀਤ ਪ੍ਰਧਾਨ ਤੇ ਵੀਰਪਾਲ ਕੌਰ ਨੂੰ ਮੀਤ ਪ੍ਰਧਾਨ ਸਮੂਹ ਕੌਂਸਲਰਾਂ ਵੱਲੋਂ ਸਰਬ ਸੰਮਤੀ ਨਾਲ ਚੁਣ ਲਿਆ ਗਿਆ ਅਤੇ ਸਰਬਸੰਮਤੀ ਨਾਲ ਹੋਈ ਚੋਣ ਦੀ ਸਾਰੀ ਕਾਰਵਾਈ ਨੂੰ ਆਨ ਰਿਕਾਰਡ ਦਰਜ ਕਰ ਲਿਆ ਗਿਆ

ਇਸ ਮੌਕੇ ਹਲਕਾ ਭੁੱਚੋ ਦੇ ਵਿਧਾਇਕ ਮਾਸਟਰ ਜਗਸੀਰ ਸਿੰਘ ਨੇ ਵਿਸ਼ੇਸ਼ ਤੌਰ ਤੇ ਪਹੁੰਚ ਕੇ ਆਪਣੀ ਸਹਿਮਤੀ ਉਕਤ ਦੋਨੋਂ ਉਮੀਦਵਾਰਾਂ ਲਈ ਪ੍ਰਗਟਾਈ। ਨਿਯੁਕਤੀ ਹੋਣ ਤੋਂ ਬਾਅਦ ਹਲਕਾ ਭੁੱਚੋ ਦੇ ਵਿਧਾਇਕ ਮਾਸਟਰ ਜਗਸੀਰ ਸਿੰਘ, ਪ੍ਰਧਾਨ ਕਸ਼ਮੀਰੀ ਲਾਲ ਅਤੇ ਸਮੂਹ ਕੌਂਸਲਰਾਂ ਨੇ ਉਕਤ ਦੋਨਾਂ ਪ੍ਰਧਾਨਾਂ ਦੇ ਗੱਲ ਵਿੱਚ ਹਾਰ ਪਾ ਕੇ ਵਧਾਈ ਦਿੱਤੀ। ਇਸ ਮੌਕੇ ਗੁਰਦੇਵ ਸਿੰਘ ਰਿਟਾਇਰ ਪਟਵਾਰੀ ਅਤੇ ਤਾਰਾ ਚੰਦ ਕੌਂਸਲਰ ਦੇ ਗੱਲ ਵਿੱਚ ਹਲਕਾ ਭੁੱਚੋ ਦੇ ਵਿਧਾਇਕ ਮਾਸਟਰ ਜਗਸੀਰ ਸਿੰਘ ਦੀ ਹਾਜ਼ਰੀ ਵਿੱਚ ਉਨਾਂ ਦੇ ਸਪੁੱਤਰ ਹਰਸਿਮਰਨ ਸਿੰਘ ਸੀਨੀਅਰ ਯੂਥ ਆਗੂ ਆਪ ਨੇ ਸਿਰੋਪਾਓ ਪਾ ਕੇ ਆਮ ਆਦਮੀ ਪਾਰਟੀ ਜਿੰਦਾਬਾਦ ਦੇ ਨਾਅਰੇ ਲਗਾਏ। ਇਸ ਮੌਕੇ ਤਰੁਣ ਕੁਮਾਰ ਕਾਰਜ ਸਾਧਕ ਅਫਸਰ, ਕਸ਼ਮੀਰੀ ਲਾਲ ਪ੍ਰਧਾਨ, ਵਕੀਲ ਮਨਦੀਪ ਸਿੰਘ, ਸੁਰਜੀਤ ਸਿੰਘ, ਮਨਮੋਹਨ ਧਿੰਗੜਾ, ਜਲੰਧਰ ਸਿੰਘ, ਕਮਲਾ ਦੇਵੀ, ਮੋਨਿਕਾ ਰਾਣੀ, ਮੰਜੂ ਜੈਨ, ਰੇਖਾ ਰਾਣੀ , ਨਰੇਸ਼ ਕੁਮਾਰ ਫੈਸ਼ਨ ਕੈਂਪ ਵਾਲੇ, ਰਕੇਸ਼ ਕੁਮਾਰ ਰੋਮਾ ਸੰਦੀਪ ਕੁਮਾਰ ਬੋਨਾ, ਸੰਦੀਪ ਕੁਮਾਰ ਐਸ.ਕੇ, ਅਮਨ ਜਿੰਦਲ ਅਤੇ ਵੱਡੀ ਗਿਣਤੀ ਵਿੱਚ ਪਤਵੰਤੇ ਹਾਜ਼ਰ ਸਨ ਇਸ ਮੌਕੇ ਪ੍ਰੋਸੀਡਿੰਗ ਰਾਜੀਵ ਕੁਮਾਰ ਚਾਵਲਾ ਇੰਸਪੈਕਟਰ ਨਗਰ ਕੌਂਸਲ ਵੱਲੋਂ ਲਿਖੀ ਗਈ।

# ਪਿੰਡ ਜਾਹਲਾਂ 'ਚ ਜਨ ਸੁਵਿਧਾ ਕੈਂਪ ਮੌਕੇ ਐਸ.ਡੀ.ਐਮ ਨੇ ਸੁਣੀਆਂ ਲੋਕਾਂ ਦੀਆਂ ਮੁਸ਼ਕਿਲਾਂ, ਮੌਕੇ 'ਤੇ ਕੀਤਾ ਨਿਪਟਾਰਾ

ਪਟਿਆਲਾ, 8 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਸਰਕਾਰੀ ਸੇਵਾਵਾਂ ਦਾ ਲਾਭ ਉਨ੍ਹਾਂ ਦੇ ਘਰਾਂ ਨੇੜੇ ਹੀ ਪ੍ਰਦਾਨ ਕਰਨ ਲਈ ਸ਼ੁਰੂ ਕੀਤੇ ਗਏ ਉਪਰਾਲੇ ਦਾ ਅੱਜ ਪਟਿਆਲਾ ਸਬ ਡਵੀਜ਼ਨ ਦੇ ਪਿੰਡ ਜਾਹਲਾਂ, ਬਿਸ਼ਨਪੁਰ ਛੰਨਾ, ਬਰਸਟ, ਰਣਬੀਰਪੁਰ, ਚੂਹੜਪੁਰ ਕਲਾਂ, ਧਬਲਾਨ, ਸੈਣੀ ਮਾਜਰਾ ਤੇ ਵਜੀਦਪੁਰ ਨਿਵਾਸੀਆਂ ਨੇ ਪਿੰਡ ਜਾਹਲਾਂ 'ਚ ਲੱਗੇ ਕੈਂਪ ਦੌਰਾਨ ਲਾਭ ਉਠਾਇਆ। ਇਸ ਮੌਕੇ ਐਸ.ਡੀ.ਐਮ. ਪਟਿਆਲਾ ਮਨਜੀਤ ਕੌਰ ਨੇ ਜਨ ਸੁਵਿਧਾ ਕੈਂਪ ਦਾ ਜਾਇਜ਼ਾ ਲਿਆ, ਉਥੇ ਹੀ ਉਨ੍ਹਾਂ ਨੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਕੇ ਮੌਕੇ 'ਤੇ ਹੀ ਨਿਪਟਾਰਾ ਵੀ ਕਰਵਾਇਆ। ਮਨਜੀਤ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਦੇ ਘਰਾਂ ਤੱਕ ਪੁੱਜੀ ਹੈ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਹੇਠ ਜ਼ਿਲ੍ਹੇ ਵਿੱਚ ਲਗਾਏ ਜਾ ਰਹੇ ਇਨ੍ਹਾਂ ਕੈਂਪਾਂ ਦਾ ਲੋਕਾਂ ਨੂੰ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਵੀ ਕੀਤੀ।



ਇਸ ਮੌਕੇ ਜਾਹਲਾਂ ਅਤੇ ਨੇੜਲੇ ਪਿੰਡਾਂ ਤੋਂ ਪੁੱਜੇ ਇਲਾਕਾ ਨਿਵਾਸੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੇ ਗਏ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਜਨ ਸੁਵਿਧਾ ਕੈਂਪ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਆਪਣੇ ਕੰਮਾਂ ਲਈ ਹੁਣ ਸਰਕਾਰੀ ਦਫ਼ਤਰਾਂ 'ਚ ਚੱਕਰ ਨਹੀਂ ਲਗਾਉਣੇ ਪੈਂਦੇ। ਕੈਂਪ ਮੌਕੇ ਸਮਾਜਿਕ ਸੁਰੱਖਿਆ ਪੈਨਸ਼ਨਾਂ, ਵੱਖ-ਵੱਖ ਮੁਸ਼ਕਿਲਾਂ ਦੇ ਨਿਪਟਾਰੇ ਲਈ ਦਰਖਾਸਤਾਂ, ਸਿਹਤ ਵਿਭਾਗ ਵੱਲੋਂ ਮਰੀਜਾਂ ਦਾ ਚੈਕਅਪ ਤੇ ਮੁਫ਼ਤ ਦਵਾਈਆਂ, ਕਿਰਤ ਵਿਭਾਗ ਦੀ ਲਾਲ ਕਾਪੀ, ਖੇਤੀਬਾੜੀ, ਦਿਹਾਤੀ ਵਿਕਾਸ, ਮਾਲ ਵਿਭਾਗ ਦੇ ਜਮੀਨੀ ਰਿਕਾਰਡ ਨਾਲ ਸਬੰਧਤ ਕੰਮ, ਜਾਤੀ ਤੇ ਰਿਹਾਇਸ਼ੀ ਸਰਟੀਫਿਕੇਟ, ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਯੂ.ਡੀ.ਆਈ.ਡੀ. ਕਾਰਡ ਬਣਵਾ ਕੇ ਪੈਨਸ਼ਨ ਲਗਵਾਉਣ ਸਬੰਧੀ ਲੋਕਾਂ ਨੇ ਪ੍ਰਸ਼ਾਸਨਿਕ ਟੀਮਾਂ ਕੋਲ ਆਪਣੀਆਂ ਦਰਖਾਸਤਾਂ ਦਿੱਤੀਆਂ।

# ਸਵਰਾਜ ਘੁੰਮਣ ਵੱਲੋਂ ਸੁਖਬੀਰ ਸਿੰਘ ਬਾਦਲ ਉਪਰ ਕੀਤੇ ਹਮਲੇ ਦੀ ਜੋਰਦਾਰ ਸ਼ਬਦਾਂ 'ਚ ਨਿਖੇਧੀ

ਪਟਿਆਲਾ, 8 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਸਵਰਾਜ ਘੁੰਮਣ ਭਾਟੀਆ ਪ੍ਰਧਾਨ ਉੱਤਰੀ ਭਾਰਤ ਹਿੰਦੁਸਤਾਨ ਮਹਿਲਾ ਸੇਨਾ ਸ਼ਿਵ ਸੇਨਾ ਹਿੰਦੁਸਤਾਨ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾਦਾਰ ਦੀ ਸੇਵਾ ਨਿਭਾ ਰਹੇ ਸਾਬਕਾ ਉਪ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਬਾਦਲ ਉੱਤੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਅੱਤਵਾਦੀ ਨਾਰਾਇਣ ਸਿੰਘ ਚੌੜਾ ਵੱਲੋਂ ਕੀਤੇ ਹਮਲੇ ਦੀ ਜੋਰਦਾਰ ਸ਼ਬਦਾਂ ਵਿੱਚ ਨਿਖੇਦੀ ਕੀਤੀ ਹੈ ਘੁੰਮਨ ਨੇ ਆਖਿਆ ਹੈ ਕਿ ਇਹ ਘਟਨਾ ਬਹੁਤ ਮੰਦਭਾਗੀ ਇੱਕ ਗਰਮ ਖਿਆਲੀ ਸ਼ੱਕੀ ਵਿਅਕਤੀ ਹਥਿਆਰ ਸਮੇਤ ਦਰਬਾਰ ਸਾਹਿਬ ਵਿੱਚ ਦਾਖਲ ਹੁੰਦਾ ਹੈ ਅਤੇ ਸਾਜ਼ਿਸ਼ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕਰਦਾ ਹੈ ਸੁਰੱਖਿਆ ਏਜੰਸੀਆਂ ਤੇ ਇੱਕ ਵੱਡਾ ਪ੍ਰਸ਼ਨ ਚਿੰਨ ਲੱਗ ਜਾਂਦਾ ਹੈ ਕੀ ਸਾਡੀਆਂ ਸੁਰੱਖਿਆ ਏਜੰਸੀਆਂ ਇਨੀਆਂ ਕਮਜ਼ੋਰ ਹਨ ਬਾਦਲ ਵਾਲ ਵਾਲ ਬਚ ਗਏ ਕੁਝ ਵੀ ਵਾਪਰ ਸਕਦਾ ਸੀ ਇਸ ਘਟਨਾ ਦੀ ਗਹਿਰੀ ਜਾਂਚ ਲੋੜੀਦੀ ਹੈ ਘੁੰਮਣ ਨੇ ਮੰਗ ਕੀਤੀ ਹੈ ਇਸ ਦੀ ਜਾਂਚ ਸੀਬੀਆਈ ਦੁਆਰਾ ਕੀਤੀ ਜਾਵੇ। ਤਾਂ ਕਿ ਗਹਿਰੀ ਸਾਜ਼ਿਸ਼ ਤੋਂ ਪਰਦਾ ਉਠਾਇਆ ਜਾ ਸਕੇ।

# ਮਾਲਵਾ ਸਕੂਲ ਵਿਖੇ ਸਕੂਲ ਦੇ ਸੰਸਥਾਪਕ ਸਵ. ਪ੍ਰਕਾਸ਼ ਸਿੰਘ ਬਾਦਲ ਦੀ ਯਾਦ ਵਿੱਚ ਕਲਾ ਅਤੇ ਲੇਖਣ ਮੁਕਾਬਲੇ ਕਰਵਾਏ ਗਏ

ਗਿੱਦੜਬਾਹਾ, 8 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਮਾਲਵਾ ਸਕੂਲ ਗਿੱਦੜਬਾਹਾ ਦੇ ਸੰਸਥਾਪਕ ਅਤੇ ਸਾਬਕਾ ਮੁੱਖ ਮੰਤਰੀ ਪੰਜਾਬ ਸਵਰਗੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਯਾਦ ਵਿੱਚ ਸਕੂਲ ਵਿਖੇ ਕਲਾ ਅਤੇ ਲੇਖ ਲੇਖਣ ਮੁਕਾਬਲੇ ਕਰਵਾਏ ਗਏ ਜਿਸ ਮੌਕੇ ਸੁਰਿੰਦਰ ਸਿੰਘ ਪ੍ਰਧਾਨ ਕਲਪਨਾ ਕਲਾਂ ਸੁਸਾਇਟੀ ਅਤੇ ਸੰਦੀਪ ਸਿੰਘ ਮੈਂਬਰ ਚਿਤਰਕਾਰ ਸ਼ੋਭਾ ਸਿੰਘ ਸੁਸਾਇਟੀ ਬਠਿੰਡਾ ਨੇ ਬਤੌਰ ਮੁੱਖ ਮਹਿਮਾਨ ਸਿਰਕਤ ਕੀਤੀ। ਵਿਦਿਆਰਥੀਆਂ ਨੂੰ ਰਚਨਾਤਮਕਤਾ ਅਤੇ ਸਾਹਿਤਕ ਹੁਨਰ ਪ੍ਰਤੀ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਅਯੋਜਿਤ ਮੁਕਾਬਲਿਆਂ ਵਿੱਚ ਇਲਾਕੇ ਦੇ ਵੱਖ ਵੱਖ ਸਕੂਲਾਂ ਜਿਵੇਂ ਕਿ ਸੈਂਕਰਡ ਹਾਰਟ ਕਾਨਵੈਂਟ ਸਕੂਲ ਮਲੋਟ, ਦਿੱਲੀ ਪਬਲਿਕ ਸਕੂਲ ਬਠਿੰਡਾ, ਮਾਲਵਾ ਸਕੂਲ ਗਿੱਦੜਬਾਹਾ, ਆਦਰਸ ਸੀਨੀਅਰ ਸੈਕੰਡਰੀ ਸਕੂਲ ਕੋਟਭਾਈ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਗਿੱਦੜਬਾਹਾ ਨੇ ਭਾਗ ਲਿਆ ਮੁਕਾਬਲਿਆ ਦੇ ਨਤੀਜਿਆਂ ਸਬੰਧੀ ਜਾਣਕਾਰੀ ਦਿੰਦੇ ਸਕੂਲ ਦੇ ਪੀ,ਆਰ,ਓ ਏਂਕਾਨ ਮੋਂਗਾ ਨੇ ਦੱਸਿਆ ਕਿ ਕਲਾ ਮੁਕਾਬਲੇ ਜੂਨੀਅਰ ਵਰਗ ਵਿੱਚ ਸੈਂਕਰਡ ਹਾਰਟ ਕਾਨਵੈਂਟ ਸਕੂਲ ਮਲੋਟ ਦੇ ਅਭੈਸਰਾਜ ਨੇ ਪਹਿਲਾਂ ਸਥਾਨ ਪ੍ਰਾਪਤ ਕਰ 3000/ ਰੁਪਏ ਦਾ ਇਨਾਮ ਜਿੱਤਿਆ ਜਦੋਂਕਿ ਮਾਲਵਾ ਸਕੂਲ ਗਿੱਦੜਬਾਹਾ ਦੇ ਜਸਪ੍ਰੀਤ ਸਿੰਘ ਦੂਜਾ ਸਥਾਨ ਪ੍ਰਾਪਤ ਕਰਕੇ 2000/ ਰੁਪਏ ਅਤੇ ਮਾਲਵਾ ਸਕੂਲ ਗਿੱਦੜਬਾਹਾ ਦੇ ਨਿਮਰਤ ਬਰਾੜ ਨੇ ਤੀਜਾ ਸਥਾਨ ਪ੍ਰਾਪਤ ਕਰਕੇ 1500/ ਰੁਪਏ ਇਨਾਮ ਜਿੱਤਿਆ, ਇਸੇ ਤਰ੍ਹਾਂ ਸੀਨੀਅਰ ਵਰਗ ਵਿੱਚ ਰੂਪਮ ਮਿੱਤਲ ਮਾਲਵਾ ਸਕੂਲ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ 4000/ ਰੁਪਏ ਦਿੱਲੀ ਪਬਲਿਕ ਸਕੂਲ ਬਠਿੰਡਾ ਦੀ ਅਦਿੱਤੀ ਨੇ ਦੂਜਾ ਸਥਾਨ ਪ੍ਰਾਪਤ ਕਰਕੇ 3000/ਰੁਪਏ ਅਤੇ ਮਾਲਵਾ ਸਕੂਲ ਗਿੱਦੜਬਾਹਾ ਦੇ ਸੀਰਤ ਨੇ ਤੀਜਾ ਸਥਾਨ ਪ੍ਰਾਪਤ ਕਰਕੇ 2000/ਰੁਪਏ ਦੀ ਜਿੱਤ ਪ੍ਰਾਪਤ ਕੀਤੀ।

ਨਿਬੰਧ ਲੇਖਨ ਮੁਕਾਬਲਿਆਂ ਦੇ ਸੀਨੀਅਰ ਵਰਗ ਵਿੱਚ ਮਾਲਵਾ ਸਕੂਲ ਗਿੱਦੜਬਾਹਾ ਦੀ ਨਿਸ਼ਠਾ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ 3000/ ਰੁਪਏ ਸੈਕਰਡ ਹਾਰਟ ਕਾਨਵੈਂਟ ਸਕੂਲ ਮਲੋਟ ਦੀ ਭਵਿਆ ਨੇ ਦੂਜਾ ਸਥਾਨ ਪ੍ਰਾਪਤ ਕਰਕੇ 2000/ਰੁਪਏ ਅਤੇ 3 ਮਾਲਵਾ ਸਕੂਲ ਗਿੱਦੜਬਾਹਾ ਦੇ ਸਮਰਵੀਰ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕਰਕੇ 1000/ ਰੁਪਏ ਦੀ ਜਿੱਤ ਪ੍ਰਾਪਤ ਕੀਤੀ ਜਦੋਂਕਿ ਜੂਨੀਅਰ ਵਰਗ ਵਿੱਚ ਦਿੱਲੀ ਪਬਲਿਕ ਸਕੂਲ ਬਠਿੰਡਾ ਦੀ ਮਿਸੀਕਾ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ 3000/ ਰੁਪਏ ਸੈਕਰਡ ਹਾਰਟ ਕਾਨਵੈਂਟ ਸਕੂਲ ਮਲੋਟ ਦੇ ਆਸ਼ਿਕ ਨੇ ਦੂਜਾ ਸਥਾਨ ਪ੍ਰਾਪਤ ਕਰਕੇ 2000/ ਰੁਪਏ ਅਤੇ ਮਾਲਵਾ ਸਕੂਲ ਗਿੱਦੜਬਾਹਾ ਦੀ ਗਿਫਟੀ ਨੇ ਤੀਜਾ ਸਥਾਨ ਪ੍ਰਾਪਤ ਕਰਕੇ 1000/ ਰੁਪਏ ਦੀ ਜਿੱਤ ਹਾਸਲ ਕੀਤੀ। ਮਾਲਵਾ ਸਕੂਲ ਗਿੱਦੜਬਾਹਾ ਦੇ ਪ੍ਰਿੰਸੀਪਲ ਰਿਟਾਇਰਡ ਕਰਨਲ ਸੁਧਾਂਸ਼ੂ ਆਰੀਆ ਅਤੇ ਵਾਈਸ ਪ੍ਰਿੰਸੀਪਲ ਜਸਵੀਰ ਸਿੰਘ ਬਰਾੜ ਨੇ ਜੇਤੂਆਂ ਨੂੰ ਵਧਾਈ ਦਿੰਦੇ ਸਰਟੀਫਿਕੇਟ ਵੰਡ ਕੇ ਸਨਮਾਨਿਤ ਕੀਤਾ ਜਦੋਂ ਕਿ ਨਗਦ ਇਨਾਮ ਦੀ ਰਾਸ਼ੀ ਨਾਲ ਸਕੂਲ ਦੇ ਸਥਾਪਨਾ ਦਿਵਸ ਤੇ ਨਿਵਾਜਿਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਦੇਵ ਸਿੰਘ ਕਲਾ ਅਧਿਆਪਕ ਮਾਲਵਾ ਸਕੂਲ, ਸਰਬਜੀਤ ਸਿੰਘ, ਸ੍ਰੀ ਗੋਮਤੀ ਆਦਿ ਹਾਜ਼ਰ ਸਨ।

# ਐਮ ਕਾਮ ਦੇ ਵਿਦਿਆਰਥੀਆਂ ਦਾ ਨਤੀਜਾ ਸ਼ਾਨਦਾਰ ਰਿਹਾ; ਨੰਦਨ ਰਾਜਪਾਲ ਕਾਲਜ ਵਿੱਚੋਂ ਅੱਵਲ



ਧੂਰੀ, 8 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਹਾਲ ਹੀ 'ਚ ਐਲਾਨੇ ਨਤੀਜੇ ਦੌਰਾਨ ਯੂਨੀਵਰਸਿਟੀ ਕਾਲਜ ਬੇਨੜਾ ਦੇ ਕਾਮਰਸ ਵਿਭਾਗ ਦੇ ਐਮ ਕਾਮ ਸਮੈਸਟਰ ਦੂਜਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਅੰਕ ਹਾਸਲ ਕੀਤੇ। ਇਸ ਬਾਰੇ ਜਾਣਕਾਰੀ ਦਿੰਦੇ ਕਾਮਰਸ ਵਿਭਾਗ ਦੇ ਕੋਆਰਡੀਨੇਟਰ ਡਾ. ਹਰਵਿੰਦਰ ਸਿੰਘ ਮੰਡ ਨੇ ਕਿਹਾ ਕਿ ਨੰਦਨ ਰਾਜਪਾਲ ਨੇ 95.7, ਸੋਨੀਆ ਨੇ 92.2 ਅਤੇ ਸਵਿਤਾ ਨੇ 91.3 ਫ਼ੀਸਦੀ ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ ਹੈ।

ਕਾਲਜ ਪ੍ਰਿੰਸੀਪਲ ਡਾ. ਪਰਮਜੀਤ ਕੌਰ ਨੇ ਚੰਗੇ ਅੰਕ ਹਾਸਲ ਕਰਨ ਲਈ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਮਿਹਨਤ ਕਰਨ ਵਾਲੇ ਵਿਦਿਆਰਥੀ ਹਰ ਮੰਜ਼ਿਲ ਪ੍ਰਾਪਤ ਕਰਨ ਦੇ ਸਮਰੱਥ ਹੁੰਦੇ ਹਨ ਤੇ ਮਿਹਨਤ ਨਾਲ ਹੀ ਉਹ ਆਪਣੀ ਮਨ ਭਾਉਂਦੀ ਮੰਜ਼ਿਲ ਹਾਸਲ ਕਰਨ ਵਿੱਚ ਹਮੇਸ਼ਾ ਸਫ਼ਲਤਾ ਪ੍ਰਾਪਤ ਕਰਦੇ ਹਨ।

# ਮਾਡਲ ਸਕੂਲ ਦੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਯਾਦ ਕੀਤਾ




ਪਟਿਆਲਾ, 8 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੀਨੀਅਰ ਸੈਕੰਡਰੀ ਮਾਡਲ ਸਕੂਲ ਦੇ ਵਿਦਿਆਰਥੀਆਂ ਨੇ ਅੱਜ 9ਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਅੱਜ ਦੇ ਦਿਨ 1675 ਵਿੱਚ ਗੁਰੂ ਤੇਗ ਬਹਾਦਰ ਜੀ ਨੇ ਆਦਰਸ਼ਾਂ ਅਤੇ ਸਿਧਾਂਤਾਂ ਦੀ ਰਾਖੀ ਲਈ ਆਪਣਾ ਬਲਿਦਾਨ ਦਿੱਤਾ ਸੀ। ਸਕੂਲ ਦੀ ਵਿਦਿਆਰਥਣ ਭੂਮੀ ਨੇ ਸੰਬੋਧਨ ਕਰਦਿਆਂ ਉਨ੍ਹਾਂ ਦੇ ਜੀਵਨ ਅਤੇ ਸਿੱਖਿਆਵਾਂ ਤੋਂ ਜਾਣੂ ਕਰਵਾਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਔਰੰਗਜ਼ੇਬ ਦੇ ਸ਼ਾਸਨ ਦੌਰਾਨ ਗੈਰ-ਮੁਸਲਮਾਨਾਂ ਨੂੰ ਜ਼ਬਰਦਸਤੀ ਇਸਲਾਮ ਵਿੱਚ ਪਰਿਵਰਤਨ ਦਾ ਵਿਰੋਧ ਕੀਤਾ ਸੀ। ਗੁਰੂਦੁਆਰਾ ਸੀਸ ਗੰਜ ਸਾਹਿਬ ਅਤੇ ਦਿੱਲੀ ਵਿੱਚ ਗੁਰੂਦੁਆਰਾ ਰਕਾਬ ਗੰਜ ਸਾਹਿਬ ਵਿਖੇ ਉਨ੍ਹਾਂ ਦਾ ਯਾਦਗਾਰ ਸਥਾਨ ਹੈ। ਇਸ ਮੌਕੇ ਸਕੂਲ ਦੇ ਇੰਚਾਰਜ ਸਤਵੀਰ ਸਿੰਘ ਗਿੱਲ ਅਤੇ ਹੋਰ ਅਧਿਆਪਕ ਵੀ ਮੌਜੂਦ ਸਨ।

# ਡਾਕਟਰ ਨਾਨਕ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਂਝ ਸੁਵਿਧਾਵਾਂ ਬਾਰੇ ਜਾਣਕਾਰੀ ਅਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ

ਪਟਿਆਲਾ, 8 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ,ਸਪੈਸ਼ਲ ਡੀ ਜੀ ਪੀ ਕਮਾਊਨਟੀ ਅਫੇਅਰ ਗੁਰਪ੍ਰੀਤ ਕੌਰ ਦਿਉਂ, ਡੀ ਆਈ ਜੀ ਪਟਿਆਲਾ ਰੇਂਜ ਮਨਦੀਪ ਸਿੰਘ ਸਿੱਧੂ, ਐਸ ਐਸ ਪੀ ਪਟਿਆਲਾ ਡਾਕਟਰ ਨਾਨਕ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਾਂਝ ਸੁਵਿਧਾਵਾਂ ਬਾਰੇ ਜਾਣਕਾਰੀ ਅਤੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਮੁੱਖ ਮਹਿਮਾਨ ਐਸ ਪੀ ਹੈਡਕੁਆਰਟਰ ਓਲੰਪੀਅਨ ਹਰਵੰਤ ਕੋਰ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਸੁਖਜਿੰਦਰ ਸਿੰਘ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਨੇ ਕੀਤੀ। ਪ੍ਰੋਗਰਾਮ ਦਾ ਉਦਘਾਟਨ ਪ੍ਰਿੰਸੀਪਲ ਨਰੇਸ਼ ਅਤੇ ਸਿਖਿਆ




ਸ਼ਾਸਤਰੀ ਸੁਮਨ ਬੱਤਰਾ ਨੇ ਕੀਤਾ। ਵਿਸ਼ੇਸ਼ ਤੌਰ 'ਤੇ ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1, ਐਸ ਆਈ ਜਸਪਾਲ ਸਿੰਘ ਇੰਚਾਰਜ ਸਾਂਝ ਕੇਂਦਰ ਸਦਰ, ਭੁਪਿੰਦਰ ਸਿੰਘ ਇੰਚਾਰਜ ਸਾਂਝ ਕੇਂਦਰ ਸਿਟੀ 2, ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੂਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਰੁਦਰਪ੍ਰਤਾਪ ਸਿੰਘ, ਸਤਪਾਲ ਪਰਾਸ਼ਰ, ਲੱਕੀ ਹਰਦਾਸਪੁਰ, ਵਰਿੰਦਰ ਸਿੰਘ ਨੇ ਸ਼ਿਰਕਤ ਕੀਤੀ,ਇਸ ਮੌਕੇ ਸੰਬੋਧਨ ਕਰਦਿਆ ਐਸ ਪੀ ਹੈਡਕੁਆਰਟਰ ਓਲੰਪੀਅਨ ਹਰਵੰਤ ਕੋਰ ਨੇ ਕਿਹਾ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਸਭ ਡਵੀਜ਼ਨ ਸਮਾਣਾਂ, ਸਿਟੀ 1, ਸਿਟੀ 2, ਰਾਜਪੁਰਾ, ਨਾਭਾ, ਸਨੌਰ ਵਿਖੇ ਵੱਖ ਵੱਖ ਸਕੂਲਾਂ, ਕਾਲਜਾਂ ਪਿੰਡਾਂ ਵਿਚ ਨੌਜਵਾਨਾਂ ਅਤੇ ਪਬਲਿਕ ਨੂੰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵਲੋਂ ਇੱਕ ਪਲੇਟਫਾਰਮ ਤੇ ਇੱਕਠੀਆਂ ਦਿੱਤੀਆਂ ਜਾ ਰਹੀਆਂ ਸੁਵਿਧਾਵਾਂ ਬਾਰੇ ਜਾਣਕਾਰੀ ਦਿੱਤੀ। ਉਥੇ ਹੀ ਨਸ਼ਿਆਂ ਵਿਰੁੱਧ ਜਾਗਰੂਕਤਾ, ਸਾਈਬਰ ਸੁਰੱਖਿਆ, ਟ੍ਰੈਫਿਕ ਨਿਯਮਾਂ ਬਾਰੇ ਵੀ ਜਾਣਕਾਰੀ ਦਿੱਤੀ ਜਾ ਰਹੀ ਹੈ ਤਾਂ ਜੋ ਸਕੂਲ ਪੱਧਰ ਤੇ ਹੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾ ਸਕੇ। ਉਹਨਾਂ ਕਿਹਾ ਕਿ ਰੰਗਲਾ ਪੰਜਾਬ ਨਸ਼ਾ ਮੁਕਤ ਪੰਜਾਬ ਬਣਾਉਣ ਦੇ ਲਈ ਪਬਲਿਕ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਇਸ ਮੌਕੇ 300 ਦੇ ਕਰੀਬ ਵਿਦਿਆਰਥੀਆਂ ਨੂੰ ਸਟੇਸ਼ਨਰੀ ਦਿੱਤੀ ਗਈ।

# ਹਥਿਆਰਬੰਦ ਸੈਨਾ ਝੰਡਾ ਦਿਵਸ: ਡਿਪਟੀ ਕਮਿਸ਼ਨਰ ਤੇ ਹੋਰ ਪ੍ਰਸ਼ਾਸਨਿਕ ਅਧਿਕਾਰੀਆਂ ਦੇ ਲਗਾਏ ਬੈਜ



ਬਰਨਾਲਾ, 8 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਦਫ਼ਤਰ ਬਰਨਾਲਾ ਵਲੋਂ ਹਥਿਆਰਬੰਦ ਸੈਨਾ ਝੰਡਾ ਦਿਵਸ ਮਨਾਇਆ ਗਿਆ, ਜਿਸ ਦੌਰਾਨ ਡਿਪਟੀ ਕਮਿਸ਼ਨਰ ਬਰਨਾਲਾ ਮੈਡਮ ਪੂਮਨਦੀਪ ਕੌਰ ਆਈ. ਏ. ਐੱਸ. ਦੇ ਬੈਜ ਲਗਾ ਕੇ ਸ਼ੁਰੂਆਤ ਕੀਤੀ ਗਈ।

ਇਸ ਮੌਕੇ ਡਿਪਟੀ ਕਮਿਸ਼ਨਰ ਨੇ 5 ਲੋੜਵੰਦ ਸਾਬਕਾ ਸੈਨਿਕਾਂ/ਵਿਧਵਾਵਾਂ ਨੂੰ ਮਾਲੀ ਸਹਾਇਤਾ ਦੇ ਚੈੱਕ ਵੰਡੇ। ਉਨ੍ਹਾਂ ਸਾਰੇ ਅਧਿਕਾਰੀਆਂ, ਕਰਮਚਾਰੀਆਂ ਅਤੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਕਿ ਅੱਜ ਦੇ ਦਿਨ ਸ਼ਹੀਦਾਂ ਦੇ ਪਰਿਵਾਰਾਂ ਲਈ ਦਾਨ ਪੇਟੀ ਵਿੱਚ ਫੰਡ ਇਕੱਠਾ ਕੀਤਾ ਜਾਵੇ ਤਾਂ ਜੋ ਪਰਿਵਾਰਾਂ ਦੀ ਮਦਦ ਕਰਕੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਦਿੱਤੀ ਜਾ ਸਕੇ।

ਇਸ ਮੌਕੇ ਕਮਾਂਡਰ ਦਿਲਪ੍ਰੀਤ ਸਿੰਘ ਕੰਗ (ਰਿਟਾ.), ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਬਰਨਾਲਾ ਵੱਲੋਂ ਦੱਸਿਆ ਗਿਆ ਕਿ ਇਸ ਦਿਨ ਸਮੂਹ ਦੇਸ਼ਵਾਸੀ ਖਾਸ ਕਰਕੇ ਪੰਜਾਬ ਦੇ ਲੋਕ ਸਾਡੀਆਂ ਸੈਨਾਵਾਂ ਵੱਲੋਂ ਦੇਸ਼ ਦੀ ਰੱਖਿਆ ਲਈ ਦਿੱਤੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹਨ ਅਤੇ ਇਸ ਦਿਨ 'ਤੇ ਵੱਖ ਵੱਖ ਲੜਾਈਆਂ/ਆਪਰੇਸ਼ਨਾਂ ਦੌਰਾਨ ਸ਼ਹੀਦ ਹੋਏ ਸੈਨਿਕਾਂ ਦੇ ਪਰਿਵਾਰਾਂ ਅਤੇ ਜ਼ਖਮੀ ਹੋਏ ਸਾਬਕਾ ਸੈਨਿਕਾਂ ਦੀ ਮਦਦ ਲਈ ਦਿਲ ਖੋਲ੍ਹ ਕੇ ਦਾਨ ਦਿੰਦੇ ਹਨ। ਇਸ ਦਿਨ 'ਤੇ ਇਕੱਤਰ ਹੋਈ ਰਾਸ਼ੀ ਸ਼ਹੀਦਾਂ ਦੇ ਪਰਿਵਾਰਾਂ ਦੀ ਭਲਾਈ ਲਈ ਵਰਤੀ ਜਾਂਦੀ ਹੈ।

ਇਸ ਮੌਕੇ ਲਤੀਫ ਅਹਿਮਦ ਵਧੀਕ ਡਿਪਟੀ ਕਮਿਸ਼ਨਰ (ਜ), ਸਤਵੰਤ ਸਿੰਘ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਤੇ ਸ੍ਰੀ ਹਰਕੰਵਲਜੀਤ ਸਿੰਘ ਐਸ.ਡੀ.ਐਮ ਮਹਿਲ ਕਲਾਂ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਮੇਘਾ ਮਾਨ, ਸਹਾਇਕ ਲੋਕ ਸੰਪਰਕ ਅਫ਼ਸਰ ਜਗਬੀਰ ਕੌਰ ਦੇ ਵੀ ਬੈਜ ਲਗਾਇਆ ਗਿਆ।

ਇਸ ਮੌਕੇ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫ਼ਤਰ ਦਾ ਸਮੂਹ ਸਟਾਫ ਹਾਜ਼ਰ ਸੀ।

# ਪੂਜਾ ਸਥਾਨਾਂ ਬਾਰੇ ਐਕਟ ਖ਼ਿਲਾਫ਼ ਪਟੀਸ਼ਨਾਂ ਲਈ CJI ਵੱਲੋਂ ਵਿਸ਼ੇਸ਼ ਬੈਂਚ ਕਾਇਮ, ਸੁਣਵਾਈ 12 ਨੂੰ

**ਨਵੀਂ ਦਿੱਲੀ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਚੀਫ ਜਸਟਿਸ (CJI) ਸੰਜੀਵ ਖੰਨਾ ਨੇ ਪੂਜਾ ਸਥਾਨ (ਵਿਸ਼ੇਸ਼ ਪ੍ਰਬੰਧ) ਐਕਟ, 1991 ਦੀ ਸੰਵਿਧਾਨਿਕ ਵਾਜਬੀਅਤ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਸੁਣਵਾਈ ਲਈ ਤਿੰਨ ਜੱਜਾਂ ਦੇ ਵਿਸ਼ੇਸ਼ ਬੈਂਚ ਦਾ ਗਠਨ ਕੀਤਾ ਹੈ, ਜਿਸ ਵੱਲੋਂ ਇਨ੍ਹਾਂ ਪਟੀਸ਼ਨਾਂ ਉਤੇ 12 ਦਸੰਬਰ ਨੂੰ ਸੁਣਵਾਈ ਕੀਤੀ ਜਾਵੇਗੀ।

ਇਹ ਐਕਟ ਅਯੁੱਧਿਆ ਵਿਖੇ ਰਾਮ ਜਨਮ ਭੂਮੀ-ਬਾਬਰੀ ਮਸਜਿਦ ਨੂੰ ਛੱਡ ਕੇ ਕਿਸੇ ਵੀ ਹੋਰ ਪੂਜਾ ਸਥਾਨ ਦੇ ਧਰਮ ਵਿਚ ਤਬਦੀਲੀ ਕਰਨ 'ਤੇ ਪਾਬੰਦੀ ਲਗਾਉਂਦਾ ਹੈ ਅਤੇ ਸਾਰੇ ਧਾਰਮਿਕ ਸਥਾਨਾਂ ਦਾ ਚਰਿੱਤਰ 15 ਅਗਸਤ, 1947 ਵਾਲੀ ਸਥਿਤੀ ਮੁਤਾਬਕ ਹੀ ਰੱਖੇ ਜਾਣ ਨੂੰ ਜ਼ਰੂਰੀ ਬਣਾਉਂਦਾ ਹੈ।

ਇਸ ਬੈਂਚ ਵਿਚ ਸੀਜੇਆਈ ਤੋਂ ਇਲਾਵਾ ਦੋ ਹੋਰ ਜੱਜ ਜਸਟਿਸ ਸੰਜੇ ਕੁਮਾਰ ਅਤੇ ਜਸਟਿਸ ਕੇਵੀ ਵਿਸ਼ਵਨਾਥਨ ਸ਼ਾਮਲ ਕੀਤੇ ਗਏ ਹਨ।



ਵਕੀਲ ਅਸ਼ਵਨੀ ਕੁਮਾਰ ਉਪਾਧਿਆਏ ਅਤੇ ਸਾਬਕਾ ਮੈਂਬਰ ਰਾਜ ਸਭਾ ਸੁਬਰਾਮਨੀਅਮ ਸਵਾਮੀ ਵੱਲੋਂ ਇਸ ਐਕਟ ਦੀਆਂ ਕੁਝ ਵਿਵਸਥਾਵਾਂ ਵਿਰੁੱਧ ਦਾਇਰ ਪਟੀਸ਼ਨਾਂ ਸਮੇਤ ਕੁਝ ਛੇ ਪਟੀਸ਼ਨਾਂ 2020 ਤੋਂ ਸੁਪਰੀਮ ਕੋਰਟ ਵਿਚ ਸੁਣਵਾਈ ਅਧੀਨ ਹਨ।

ਪਟੀਸ਼ਨਰਾਂ ਦਾ ਦੋਸ਼ ਹੈ ਕਿ 1991 ਦੇ ਐਕਟ ਰਾਹੀਂ ਕੱਟੜਪੰਥੀ-ਜ਼ਾਲਮ ਹਮਲਾਵਰਾਂ ਅਤੇ ਕਾਨੂੰਨ ਤੋੜਨ ਵਾਲਿਆਂ ਵੱਲੋਂ ਕੀਤੇ ਗਏ ਕਬਜ਼ੇ ਦੇ ਵਿਰੁੱਧ ਪੂਜਾ ਸਥਾਨਾਂ ਜਾਂ ਤੀਰਥ ਸਥਾਨਾਂ ਦੇ ਚਰਿੱਤਰ ਨੂੰ ਬਣਾਈ ਰੱਖਣ ਲਈ 15 ਅਗਸਤ, 1947 ਦੀ ਮਨਮਰਜ਼ੀ ਅਤੇ ਤਰਕਹੀਣ ਪਿਛੋਕੜ ਵਾਲੀ ਕੱਟ-ਆਫ ਤਾਰੀਖ ਬਣਾਈ ਗਈ ਹੈ।

ਇਸ ਸਬੰਧੀ ਮਥੁਰਾ ਵਿਖੇ ਸ਼ਾਹੀ ਈਦਗਾਹ ਮਸਜਿਦ; ਕੁਵਤ-ਉਲ-ਇਸਲਾਮ ਮਸਜਿਦ, ਕੁਤਬ ਮੀਨਾਰ, ਦਿੱਲੀ; ਕਮਾਲ ਮੌਲਾ ਮਸਜਿਦ, ਭੋਜਸ਼ਾਲਾ ਕੰਪਲੈਕਸ, ਮੱਧ ਪ੍ਰਦੇਸ਼; ਬੀਜਾ ਮੰਡਲ ਮਸਜਿਦ, ਵਿਦਿਸ਼ਾ, ਮੱਧ ਪ੍ਰਦੇਸ਼; ਟੀਲੇ ਵਾਲੀ ਮਸਜਿਦ, ਲਖਨਊ; ਅਜਮੇਰ ਸ਼ਰੀਫ ਦਰਗਾਹ, ਰਾਜਸਥਾਨ; ਜਾਮਾ ਮਸਜਿਦ ਅਤੇ ਸੂਫੀ ਸੰਤ ਸ਼ੇਖ ਸਲੀਮ ਚਿਸ਼ਤੀ ਦੀ ਦਰਗਾਹ ਫਤਿਹਪੁਰ ਸੀਕਰੀ, ਉੱਤਰ ਪ੍ਰਦੇਸ਼; ਬਾਬਾ ਬੁਦਾਨਗਿਰੀ ਦਰਗਾਹ, ਹੋਸਾਕੋਟੀ, ਕਰਨਾਟਕ; ਬਦਰੂਦੀਨ ਸ਼ਾਹ ਦਰਗਾਹ, ਬਾਗਪਤ, ਉੱਤਰ ਪ੍ਰਦੇਸ਼; ਅਤਾਲਾ ਮਸਜਿਦ, ਜੌਨਪੁਰ, ਉੱਤਰ ਪ੍ਰਦੇਸ਼; ਪੀਰਾਨਾ ਦਰਗਾਹ, ਗੁਜਰਾਤ; ਜਾਮਾ ਮਸਜਿਦ, ਭੋਪਾਲ; ਹਜ਼ਰਤ ਸ਼ਾਹ ਅਲੀ ਦਰਗਾਹ, ਤਿਲੰਗਾਨਾ ਅਤੇ ਲਾਦਲੇ ਮਸ਼ਕ ਦਰਗਾਹ, ਕਰਨਾਟਕ ਆਦਿ ਦੇ ਵਿਵਾਦਾਂ ਦੇ ਨਾਂ ਲਏ ਗਏ ਹਨ।

# ਸੀਰੀਆ 'ਚ ਬਾਗ਼ੀਆਂ ਦਾ ਚਾਰ ਸ਼ਹਿਰਾਂ 'ਤੇ ਕਬਜ਼ਾ, ਅਸਦ ਹਕੂਮਤ ਖ਼ਤਰੇ 'ਚ

**ਅਮਾਨ/ਬੈਰੂਤ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਰੀਆ ਦੇ ਬਾਗ਼ੀਆਂ ਨੇ ਕਿਹਾ ਹੈ ਕਿ ਉਨ੍ਹਾਂ ਨੇ ਸ਼ਨਿੱਚਰਵਾਰ ਨੂੰ ਦੱਖਣੀ ਸ਼ਹਿਰ ਦਾਰਾ 'ਤੇ ਕਬਜ਼ਾ ਕਰ ਲਿਆ, ਜੋ ਮੁਲਕ ਦੇ ਰਾਸ਼ਟਰਪਤੀ ਬਸ਼ਰ ਅਲ-ਅਸਦ ਵਿਰੁੱਧ 2011 ਦੇ ਵਿਦਰੋਹ ਦਾ ਜਨਮ ਸਥਾਨ ਹੈ। ਇਸ ਦੇ ਨਾਲ ਹੀ ਮੁਲਕ ਦੀ ਫ਼ੌਜ ਨੇ ਇੱਕ ਹਫ਼ਤੇ ਵਿੱਚ ਦੇਸ਼ ਦਾ ਚੌਥਾ ਸ਼ਹਿਰ ਗੁਆ ਲਿਆ ਹੈ। ਬਾਗ਼ੀਆਂ ਦੇ ਸੂਤਰਾਂ ਨੇ ਕਿਹਾ ਕਿ ਫ਼ੌਜ ਨੇ ਇਕ ਸਮਝੌਤੇ ਤਹਿਤ ਦਾਰਾ ਤੋਂ ਪੜਾਅਵਾਰ ਵਾਪਸੀ ਲਈ ਸਹਿਮਤੀ ਦਿੱਤੀ ਹੈ, ਜਿਸ ਰਾਹੀਂ ਫ਼ੌਜ ਦੇ ਅਧਿਕਾਰੀਆਂ ਨੂੰ ਕਰੀਬ 100 ਕਿਲੋਮੀਟਰ (60 ਮੀਲ) ਉੱਤਰ ਵਿਚ ਰਾਜਧਾਨੀ ਦਮਸ਼ਕ ਵੱਲ ਜਾਣ ਲਈ ਸੁਰੱਖਿਅਤ ਲਾਂਘਾ ਦਿੱਤਾ ਗਿਆ ਹੈ।

ਸੋਸ਼ਲ ਮੀਡੀਆ ਵੀਡੀਓਜ਼ ਵਿੱਚ ਮੋਟਰਸਾਈਕਲਾਂ 'ਤੇ ਬਾਗ਼ੀਆਂ ਅਤੇ ਹੋਰ ਲੋਕਾਂ ਨੂੰ ਸੜਕਾਂ 'ਤੇ ਆਮ ਲੋਕਾਂ ਨੂੰ ਮਿਲਦੇ ਹੋਏ ਦਿਖਾਇਆ ਗਿਆ ਹੈ। ਵੀਡੀਓਜ਼ ਦੇ ਅਨੁਸਾਰ ਲੋਕਾਂ ਨੇ ਜਸ਼ਨ ਵਿੱਚ ਸ਼ਹਿਰ ਦੇ ਮੁੱਖ ਚੌਂਕ ਵਿੱਚ ਹਵਾ ਵਿੱਚ ਗੋਲੀਆਂ ਚਲਾਈਆਂ। ਦੂਜੇ ਪਾਸੇ ਫ਼ੌਜ ਜਾਂ ਅਸਦ ਦੀ ਸਰਕਾਰ ਵੱਲੋਂ ਇਸ ਬਾਰੇ ਤੁਰੰਤ ਕੋਈ ਟਿੱਪਣੀ ਨਹੀਂ ਕੀਤੀ ਗਈ ਅਤੇ ਇਹ ਖ਼ਬਰ ਏਜੰਸੀ ਬਾਗ਼ੀਆਂ ਦੇ ਦਾਅਵੇ ਦੀ ਆਜ਼ਾਦਾਨਾ ਪੁਸ਼ਟੀ ਨਹੀਂ ਕਰ ਸਕੀ। ਦਾਰਾ ਉਤੇ ਬਾਗ਼ੀਆਂ ਦੇ ਕਬਜ਼ੇ ਨਾਲ ਅਸਦ ਦੀਆਂ ਫ਼ੌਜਾਂ ਨੇ ਇੱਕ ਹਫ਼ਤੇ ਵਿੱਚ ਚਾਰ ਅਹਿਮ ਕੇਂਦਰਾਂ ਉਤੇ ਕਬਜ਼ਾ ਕਰ ਲਿਆ ਹੈ। ਇਸ ਸ਼ਹਿਰ ਦੀ ਆਬਾਦੀ 13 ਸਾਲ ਪਹਿਲਾਂ ਮੁਲਕ ਵਿਚ ਖ਼ਾਨਾਜੰਗੀ ਸ਼ੁਰੂ ਹੋਣ ਤੋਂ ਪਹਿਲਾਂ 100,000 ਤੋਂ ਵੱਧ ਸੀ, ਜਿਹੜਾ ਬਗ਼ਾਵਤ ਦੇ ਮੁੱਖ ਕੇਂਦਰ ਵਜੋਂ ਪ੍ਰਤੀਕਾਤਮਕ ਮਹੱਤਵ ਰੱਖਦਾ ਹੈ। ਇਹ ਜਾਰਡਨ ਦੀ ਸਰਹੱਦ ਨਾਲ ਲੱਗਦੇ ਕਰੀਬ 10 ਲੱਖ ਆਬਾਦੀ ਵਾਲੇ ਇਸੇ ਨਾਂ (Daraa) ਵਾਲੇ ਸੂਬੇ ਦੀ ਰਾਜਧਾਨੀ ਹੈ। ਦਾਰਾ ਉਤੇ ਕਬਜ਼ਾ ਸ਼ੁੱਕਰਵਾਰ ਦੇਰ ਰਾਤ ਬਾਗ਼ੀਆਂ ਦੇ ਇਸ ਦਾਅਵੇ ਤੋਂ ਬਾਅਦ ਕੀਤਾ ਗਿਆ ਕਿ ਉਹ ਕੇਂਦਰੀ ਸ਼ਹਿਰ ਹੋਮਸ ਦੀਆਂ ਬਰੂਹਾਂ ਵੱਲ ਵਧ ਗਏ ਹਨ, ਜੋ ਰਾਜਧਾਨੀ ਅਤੇ ਭੂਮੱਧ ਸਾਗਰ ਸਾਹਿਲ ਦੇ ਵਿਚਕਾਰ ਇੱਕ ਮੁੱਖ ਚੌਰਾਹਾ ਹੈ।

# ਇਕਜੁੱਟਤਾ ਨਾਲ ਚੋਣ ਉਪਰੰਤ ਸੁਖਬੀਰ ਬਾਦਲ ਮੁੜ ਪ੍ਰਧਾਨ ਬਣਦੇ ਹਨ ਤਾਂ ਮਨਜ਼ੂਰ ਹੋਣਗੇ: ਢੀਂਡਸਾ



**ਸ੍ਰੀ ਆਨੰਦਪੁਰ ਸਾਹਿਬ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਜੇ ਸਮੁੱਚਾ ਸ਼੍ਰੋਮਣੀ ਅਕਾਲੀ ਦਲ ਇਕਮੁੱਠ ਹੋ ਕੇ ਨਵੇਂ ਸਿਰੇ ਤੋਂ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨ ਚੁਣਦਾ ਹੈ ਤਾਂ ਕਿਸੇ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਕਿਉਂਕਿ ਮੁੱਢ ਤੋਂ ਹੀ ਜਦੋਂ ਨਵੇਂ ਪ੍ਰਧਾਨ ਦੀ ਚੋਣ ਹੁੰਦੀ ਤਾਂ ਉਹ ਹਮੇਸ਼ਾਂ ਤੋਂ ਹੀ ਸਰਵਪ੍ਰਵਾਨਤ ਪ੍ਰਧਾਨ ਹੁੰਦਾ ਹੈ।ਫਿਰ ਚਾਹੇ ਚੋਣ ਉਪਰੰਤ ਸੁਖਬੀਰ ਬਾਦਲ ਹੀ ਮੁੜ ਤੋਂ ਪ੍ਰਧਾਨ ਬਣਨ, ਅਸੀਂ ਸਾਰੇ ਪ੍ਰਵਾਨ ਕਰਾਂਗੇ। ਇਹ ਪ੍ਰਗਟਾਵਾ ਅੱਜ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲੱਗੀ ਤਨਖਾਹ ਅਨੁਸਾਰ ਸੇਵਾ ਕਰਨ ਲਈ ਪਹੁੰਚੇ ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਕੀਤਾ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਸਭ ਤੋਂ ਸੀਨੀਅਰ ਆਗੂ ਹੋਣ ਦੇ ਨਾਤੇ ਸੁਖਦੇਵ ਸਿੰਘ ਢੀਂਡਸਾ ਦੀ ਇਹ ਵਿਸ਼ੇਸ਼ ਪਹਿਲਕਦਮੀ ਨੇ ਇੱਕ ਵਾਰ ਫਿਰ ਤੋਂ ਪਾਰਟੀ ਦੀਆਂ ਸਿਆਸੀ ਸਫਾਂ ਵਿੱਚ ਗਰਮਾਹਟ ਲਿਆ ਦਿੱਤੀ ਹੈ। ਢੀਂਡਸਾ ਨੇ ਸਪਸ਼ਟ ਸ਼ਬਦਾਂ ਵਿੱਚ ਮੰਨਿਆ ਕਿ ਜੇ ਨਵੀਂ ਚੋਣ ਉਪਰੰਤ ਮੁੜ ਤੋਂ ਸੁਖਬੀਰ ਬਾਦਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਬਣਦੇ ਹਨ ਤਾਂ ਉਹ ਸਾਨੂੰ ਸਾਰਿਆ ਨੂੰ ਹੀ ਮਨਜ਼ੂਰ ਹੋਣਗੇ ਅਤੇ ਨਾਮਨਜ਼ੂਰ ਹੋਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

ਇਥੇ ਢੀਂਡਸਾ ਜਥੇਦਾਰ ਅਕਾਲ ਤਖ਼ਤ ਵੱਲੋਂ ਬਾਗ਼ੀਆਂ ਤੇ ਦਾਗ਼ੀਆਂ ਦੇ ਇਕੱਠੇ ਹੋਣ ਵਾਲੇ ਹੁਕਮ ਬਾਰੇ ਟਿੱਪਣੀ ਦੇ ਰਹੇ ਸਨ। ਇਸ ਮੌਕੇ ਉਨ੍ਹਾਂ ਦੇ ਨਾਲ ਜ਼ਿਲ੍ਹਾ ਰੂਪਨਗਰ ਦੇ ਅਕਾਲੀ ਆਗੂ ਭੁਪਿੰਦਰ ਸਿੰਘ ਬਜਰੂੜ ਵੀ ਹਾਜ਼ਰ ਸਨ।

# ਉੱਤਰਾਧਿਕਾਰੀ ਬਾਰੇ ਪਾਰਟੀ ਫੈਸਲਾ ਕਰੇਗੀ, ਮੈਂ ਨਹੀਂ: ਮਮਤਾ

**ਕੋਲਕਾਤਾ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਤ੍ਰਿਣਮੂਲ ਕਾਂਗਰਸ ਦੇ ਸੀਨੀਅਰ ਆਗੂਆਂ ਅਤੇ ਨੌਜਵਾਨ ਤੁਰਕਾਂ ਵਿਚਾਲੇ ਚੱਲ ਰਹੀ ਅੰਦਰੂਨੀ ਹਲਚਲ ਦੇ ਵਿਚਕਾਰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਅਤੇ ਪਾਰਟੀ ਪ੍ਰਧਾਨ ਮਮਤਾ ਬੈਨਰਜੀ ਨੇ ਕਿਹਾ ਕਿ ਉਨ੍ਹਾਂ ਦੇ ਉੱਤਰਾਧਿਕਾਰੀ ਬਾਰੇ ਕੋਈ ਵੀ ਫੈਸਲਾ ਪਾਰਟੀ ਲੀਡਰਸ਼ਿਪ ਵੱਲੋਂ ਨਿੱਜੀ ਤੌਰ 'ਤੇ ਨਹੀਂ ਸਗੋਂ ਸਮੂਹਿਕ ਤੌਰ 'ਤੇ ਲਿਆ ਜਾਵੇਗਾ। ਸ਼ੁੱਕਰਵਾਰ ਨੂੰ ਬੰਗਾਲੀ ਨਿਊਜ਼ ਚੈਨਲ ਨਿਊਜ਼ 18 ਬੰਗਲਾ ਨਾਲ ਇੱਕ ਇੰਟਰਵਿਊ ਵਿੱਚ ਬੈਨਰਜੀ ਨੇ ਵਿਅਕਤੀਗਤ ਦਬਦਬੇ ਦੀਆਂ ਧਾਰਨਾਵਾਂ ਨੂੰ ਖਾਰਜ ਕਰਦੇ ਹੋਏ ਕਿਹਾ, ਮੈਂ ਪਾਰਟੀ ਨਹੀਂ ਹਾਂ, ਅਸੀਂ ਪਾਰਟੀ ਹਾਂ। ਇਹ ਇੱਕ ਸਮੂਹਿਕ ਪਰਿਵਾਰ ਹੈ, ਅਤੇ ਫੈਸਲੇ ਸਮੂਹਿਕ ਤੌਰ 'ਤੇ ਕੀਤੇ ਜਾਣਗੇ। ਆਪਣੇ ਸੰਭਾਵੀ ਉੱਤਰਾਧਿਕਾਰੀ ਬਾਰੇ ਪੁੱਛੇ ਜਾਣ 'ਤੇ ਬੈਨਰਜੀ ਨੇ ਇੰਟਰਵਿਊਰ ਨੂੰ ਜਵਾਬੀ ਸਵਾਲ ਦੇ ਨਾਲ ਸਵਾਲ ਨੂੰ ਟਾਲ ਦਿੱਤਾ ਅਤੇ ਕਿਹਾ, "ਪਾਰਟੀ ਫੈਸਲਾ ਕਰੇਗੀ ਕਿ ਲੋਕਾਂ ਲਈ ਸਭ ਤੋਂ ਵਧੀਆ ਕੀ ਹੈ ਸਾਡੇ ਕੋਲ ਵਿਧਾਇਕ, ਸੰਸਦ ਮੈਂਬਰ, ਬੂਥ ਵਰਕਰ ਹਨ, ਇਹ ਇੱਕ ਸਾਂਝਾ ਯਤਨ ਹੈ।" ਪਾਰਟੀ ਵਿੱਚ ਪੁਰਾਣੇ ਬਨਾਮ ਨਵੇਂ ਬਾਰੇ ਬਹਿਸ 'ਤੇ ਬੈਨਰਜੀ ਨੇ ਸੰਤੁਲਿਤ ਪਹੁੰਚ ਬਣਾਈ ਰੱਖਦੇ ਹੋਏ ਕਿਹਾ, ਹਰ ਕੋਈ ਮਹੱਤਵਪੂਰਨ ਹੈ।

ਅੱਜ ਦਾ ਨਵਾਂ ਆਉਣ ਵਾਲਾ ਕੱਲ੍ਹ ਦਾ ਅਨੁਭਵੀ ਹੋਵੇਗਾ। ਬੈਨਰਜੀ ਦੀ ਇਹ ਟਿੱਪਣੀ ਪਾਰਟੀ ਆਗੂਆਂ ਆਪਸ ਵਿੱਚ ਚੱਲ ਰਹੇ ਝਗੜੇ ਦੇ ਦੌਰਾਨ ਆਈ ਹੈ।

# ਰਾਹੁਲ ਗਾਂਧੀ ਦੀ ਨਿੱਜੀ ਪੇਸ਼ੀ ਤੋਂ ਛੋਟ ਦੀ ਪਟੀਸ਼ਨ 'ਤੇ ਸੁਣਵਾਈ ਅੱਜ

**ਰਾਂਚੀ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਦੇ ਸੰਸਦ ਮੈਂਬਰ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਵਲੋਂ 'ਮੋਦੀ ਸਰਨੇਮ' 'ਤੇ ਆਪਣੀ ਪਿਛਲੀ ਟਿੱਪਣੀ ਨੂੰ ਲੈ ਕੇ ਮਾਣਹਾਨੀ ਦੇ ਮਾਮਲੇ ਵਿਚ ਅਦਾਲਤ ਵਿਚ ਪੇਸ਼ ਹੋਣ ਤੋਂ ਨਿੱਜੀ ਛੋਟ ਦੀ ਮੰਗ ਕਰਨ ਵਾਲੀ ਪਟੀਸ਼ਨ 'ਤੇ ਅੱਜ ਸੁਣਵਾਈ ਹੋਵੇਗੀ। ਰਾਂਚੀ ਦੀ ਸੰਸਦ ਮੈਂਬਰ/ਵਿਧਾਇਕ ਵਿਸ਼ੇਸ਼ ਅਦਾਲਤ ਵੱਲੋਂ ਕਾਂਗਰਸੀ ਸੰਸਦ ਮੈਂਬਰ ਦੀ ਨਿੱਜੀ ਹਾਜ਼ਰੀ ਲਈ ਸੰਮਨ ਜਾਰੀ ਕੀਤੇ ਗਏ ਸਨ, ਜਿਸ ਤੋਂ ਬਾਅਦ ਉਨ੍ਹਾਂ ਦੇ ਵਕੀਲਾਂ ਵੱਲੋਂ ਪਟੀਸ਼ਨ ਦਾਇਰ ਕੀਤੀ ਗਈ ਸੀ।

ਇਹ ਮਾਮਲਾ ਅਪਰੈਲ 2019 ਵਿੱਚ ਇੱਕ ਚੋਣ ਰੈਲੀ ਦੌਰਾਨ ਕਾਂਗਰਸ ਦੇ ਸੀਨੀਅਰ ਨੇਤਾ ਦੁਆਰਾ ਕੀਤੀ ਟਿੱਪਣੀ ਨਾਲ ਸਬੰਧਤ ਹੈ, ਜਿੱਥੇ ਰਾਹੁਲ ਗਾਂਧੀ ਨੇ ਕਥਿਤ ਤੌਰ 'ਤੇ ਟਿੱਪਣੀ ਕੀਤੀ ਸੀ,



ਸਾਰੇ ਚੋਰ ਮੋਦੀ ਉਪਨਾਮ ਕਿਉਂ ਰੱਖਦੇ ਹਨ ? ਇਸ ਟਿੱਪਣੀ ਨੇ ਹਾਹਾਕਾਰ ਮਚਾ ਦਿੱਤੀ ਸੀ ਅਤੇ ਰਾਂਚੀ ਨਿਵਾਸੀ ਪ੍ਰਦੀਪ ਮੋਦੀ ਨੇ ਬਾਅਦ ਵਿੱਚ 20 ਕਰੋੜ ਰੁਪਏ ਦੇ ਹਰਜਾਨੇ ਦੀ ਮੰਗ ਕਰਦੇ ਹੋਏ ਇੱਕ ਵੱਖਰੇ ਸਿਵਲ ਮੁਕੱਦਮੇ ਦੇ ਨਾਲ ਮਾਣਹਾਨੀ ਦਾ ਕੇਸ ਦਾਇਰ ਕੀਤਾ ਸੀ। ਅਦਾਲਤ ਵਿੱਚ ਪੇਸ਼ ਹੋਣ ਤੋਂ ਛੋਟ ਦੀ ਮੰਗ ਕਰਨ ਲਈ ਰਾਹੁਲ ਗਾਂਧੀ ਦੀ ਕਾਨੂੰਨੀ ਟੀਮ ਨੇ 14 ਅਗਸਤ ਨੂੰ ਸੀਆਰਪੀਸੀ ਦੀ ਧਾਰਾ 205 ਦੇ ਤਹਿਤ ਇੱਕ ਪਟੀਸ਼ਨ ਦਾਇਰ ਕੀਤੀ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ ਗਏ ਸਨ।

ਝਾਰਖੰਡ ਹਾਈ ਕੋਰਟ ਨੇ ਅਗਸਤ ਵਿੱਚ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਨੂੰ ਇਸ ਕੇਸ ਵਿੱਚ ਨਿੱਜੀ ਪੇਸ਼ੀ ਤੋਂ ਛੋਟ ਦਿੰਦੇ ਹੋਏ ਅੰਤਰਿਮ ਰਾਹਤ ਪ੍ਰਦਾਨ ਕੀਤੀ ਸੀ। ਜਸਟਿਸ ਐਸ.ਕੇ. ਦਿਵੇਦੀ ਨੇ ਸੰਸਦ/ਵਿਧਾਇਕ ਵਿਸ਼ੇਸ਼ ਅਦਾਲਤ ਦੇ ਪੁਰਾਣੇ ਹੁਕਮਾਂ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਰਾਹੁਲ ਗਾਂਧੀ ਦੇ ਹੱਕ ਵਿਚ ਫੈਸਲਾ ਸੁਣਾਇਆ। ਹਾਈ ਕੋਰਟ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਨਿਰਦੇਸ਼ ਦਿੱਤਾ ਸੀ ਕਿ ਗਾਂਧੀ ਵਿਰੁੱਧ ਕੋਈ ਸਖ਼ਤ ਕਦਮ ਨਾ ਚੁੱਕੇ ਜਾਣ ਅਤੇ ਸ਼ਿਕਾਇਤਕਰਤਾ ਪ੍ਰਦੀਪ ਮੋਦੀ ਤੋਂ ਜਵਾਬ ਮੰਗਿਆ।

# ਕਿਸਾਨਾਂ ਨੇ ਕੇਂਦਰ ਸਰਕਾਰ ਦਾ ਅਰਥੀ ਫੂਕ ਮੁਜਾਹਰਾ ਕੀਤਾ

**ਘੱਗਾ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਬਲਾਕ ਪ੍ਰਧਾਨ ਅਮਰੀਕ ਸਿੰਘ ਘੱਗਾ ਦੀ ਅਗਵਾਈ ਹੇਠ ਕੇਂਦਰ ਦੀ ਮੋਦੀ ਸਰਕਾਰ ਦਾ ਅਰਥੀ ਫੂਕ ਮੁਜਾਹਰਾ ਕੀਤਾ ਗਿਆ । ਇਸ ਮੌਕੇ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਬਰਾਸ ਨੇ ਕਿਹਾ ਕਿ ਕੱਲ੍ਹ ਜਦੋਂ ਸ਼ੰਭੂ ਬਾਰਡਰ ਤੇ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਕਿਸਾਨਾਂ ਦੀ ਜੋ ਕੁੱਟਮਾਰ ਕੀਤੀ ਹੈ ਉਸ ਦੀ ਅਸੀਂ ਨਿਖੇਧੀ ਕਰਦੇ ਹਾਂ । ਜਿਸ ਦੇ ਵਿਰੋਧ ਵਿੱਚ ਅੱਜ ਅਸੀਂ ਕੇਂਦਰ ਸਰਕਾਰ ਦਾ ਪੁਤਲਾ ਫੂਕ ਰਹੇ ਹਾਂ । ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਸ਼ਰਤ ਰੱਖੀ ਸੀ ਕਿ ਕਿਸਾਨ ਦਿੱਲੀ ਟਰੈਕਟਰ ਟਰਾਲੀਆਂ ਨਾ ਲੈ ਕੇ ਜਾਣ ?। ਜਿਸ ਤੇ ਕਿਸਾਨ ਯੂਨੀਅਨਾਂ ਨੇ ਸੋਚ ਵਿਚਾਰ ਕਰਕੇ ਇਹ ਫੈਸਲਾ ਲਿਆ ਗਿਆ ਸੀ ਕਿ ਅਸੀਂ ਦਿੱਲੀ ਟਰੈਕਟਰ ਟਰਾਲੀਆਂ ਲੈ ਕੇ ਨਹੀਂ ਸਗੋਂ 101 ਕਿਸਾਨਾਂ ਦਾ ਜਥਾ ਸ਼ਾਂਤਮਈ ਤਰੀਕੇ ਨਾਲ ਪੈਦਲ



ਦਿੱਲੀ ਜਾਵੇਗਾ। ਪ੍ਰੰਤੂ ਜਦੋਂ ਸਾਡਾ ਪਹਿਲਾ ਜਥਾ ਪੈਦਲ ਜਾਣ ਲਈ ਤਿਆਰ ਹੋਣ ਲੱਗਾ ਤਾਂ ਹਰਿਆਣਾ ਦੀ ਪੁਲਸ ਨੇ ਮੋਦੀ ਸਰਕਾਰ ਦੇ ਇਸ਼ਾਰੇ @ਤੇ ਕਿਸਾਨਾਂ @ਤੇ ਅੱਥਰੂ ਗੈਸ ਦੇ ਗੋਲੇ , ਰਬੜ ਦੀਆਂ ਗੋਲੀਆਂ ਅਤੇ ਡਾਂਗਾਂ ਸੋਟੀਆਂ ਵਰਾ ਕੇ ਪੰਜਾਬ ਦੇ ਬਹੁਤ ਸਾਰੇ ਕਿਸਾਨਾਂ ਨੂੰ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ । ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਪੰਜਾਬ ਦੇ ਕਿਸਾਨਾਂ ਨਾਲ ਦੁਸ਼ਮਣਾਂ ਵਾਲਾ ਵਿਵਹਾਰ ਕਰਨ ਤੇ ਤੁਲੀ ਹੋਈ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਭਾਰਤ ਦੇ ਕਿਸਾਨਾਂ ਦੀਆਂ ਜੋ ਹੱਕੀ ਮੰਗਾਂ ਹਨ ਉਨ੍ਹਾਂ ਨੂੰ ਪਹਿਲ ਦੇ ਆਧਾਰ ਤੇ ਮੰਨਿਆ ਜਾਵੇ ।

# ਦਿੱਲੀ ਜਾਣ ਅਤੇ ਲੇਲੇਵਾਲਾ ਵਿਖੇ ਸੰਘਰਸ਼ ਕਰ ਰਹੇ ਕਿਸਾਨਾਂ ਤੇ ਜਬਰ ਜ਼ੁਲਮ ਦੀ ਨਿਖੇਧੀ

**ਪਾਤੜਾਂ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਭੂ ਬਾਰਡਰ ਤੋਂ ਦਿੱਲੀ ਵੱਲ ਪੈਦਲ ਮਾਰਚ ਕਰ ਰਹੇ ਕਿਸਾਨਾਂ ਉੱਤੇ ਹੰਝੂ ਗੈਸ ਦੀ ਵਰਤੋਂ ਕਰਦਿਆਂ ਰੋਕਾਂ ਲਾਉਣ ਅਤੇ ਲੇਲੇਵਾਲਾ ਵਿਖੇ ਸਸਤੇ ਭਾਅ ਜ਼ਮੀਨ ਹਥਿਆਉਣ ਵਿਰੁੱਧ ਸੰਘਰਸ਼ ਕਰ ਰਹੇ ਕਿਸਾਨਾਂ ਉੱਤੇ ਪੁਲਿਸ ਜਬਰ ਕਰਨ ਦੀ ਪੁਰਜ਼ੋਰ ਨਿਖੇਧੀ ਕੀਤੀ ਹੈ। ਜਥੇਬੰਦੀ ਦੇ ਸੂਬਾਈ ਪ੍ਰੈਸ ਸਕੱਤਰ ਰਾਮਿੰਦਰ ਸਿੰਘ ਪਟਿਆਲਾ ਨੇ ਕਿਹਾ ਹੈ ਕਿ ਪੰਜਾਬ ਦੇ ਸੰਭੂ ਸਮੇਤ ਹਰਿਆਣਾ ਨਾਲ ਲੱਗਦੇ ਬਾਕੀ ਬਾਰਡਰ ਸੀਲ ਕਰਕੇ ਭਾਜਪਾ ਦੀ ਕੇਂਦਰ ਅਤੇ ਹਰਿਆਣਾ ਸਰਕਾਰ ਇੱਕ ਤਰ੍ਹਾਂ ਨਾਲ ਪੰਜਾਬ ਦੇ ਕਿਸਾਨਾਂ ਅੰਦਰ ਬੇਗਾਨਗੀ ਦੀ ਭਾਵਨਾ ਦਾ ਮੰਦਭਾਗਾ ਅਹਿਸਾਸ ਪੈਦਾ ਕਰ ਰਹੀਆਂ ਹਨ। ਕੇਂਦਰ ਅਤੇ ਸੂਬਾ ਸਰਕਾਰਾਂ ਵਲੋਂ ਕੀਤਾ ਜਾ ਰਿਹਾ ਜਬਰ ਨਾ ਸਿਰਫ ਕਿਸਾਨਾਂ ਨਾਲ ਕਿਸੇ ਦੁਸ਼ਮਣ ਦੇਸ਼ ਦੇ ਨਾਗਰਿਕਾਂ ਵਾਂਗ ਵਿਹਾਰ ਦੇ ਬਰਾਬਰ ਹੈ ਬਲਕਿ ਸੰਘਰਸ਼ ਕਰਨ ਦੇ ਉਨ੍ਹਾਂ ਦੇ ਜਮਹੂਰੀ ਅਤੇ ਸੰਵਿਧਾਨਕ ਹੱਕ ਨੂੰ ਕੁਚਲਣ ਦੇ ਤਾਨਾਸ਼ਾਹੀ ਰੁਝਾਨ ਦਾ ਸੂਚਕ ਹੈ।

# ਮਿਸ਼ਨ ਰੋਜ਼ਗਾਰ ਤਹਿਤ ਡਾ. ਰਵਜੋਤ ਸਿੰਘ ਨੇ 85 ਵਿਅਕਤੀਆਂ ਨੂੰ ਵੰਡੇ ਨਿਯੁਕਤੀ ਪੱਤਰ



**ਚੰਡੀਗੜ੍ਹ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵਲੋਂ ਸ਼ੁਰੂ ਕੀਤੇ ਗਏ ਰੋਜ਼ਗਾਰ ਮਿਸ਼ਨ ਤਹਿਤ ਅੱਜ ਸਥਾਨਕ ਸਰਕਾਰਾਂ ਬਾਰੇ ਮੰਤਰੀ ਪੰਜਾਬ ਡਾ ਰਵਜੋਤ ਸਿੰਘ ਨੇ ਨਗਰ ਨਿਗਮ ਦਫ਼ਤਰ ਵਿਖੇ 85 ਵਿਅਕਤੀਆਂ ਨੂੰ ਨਿਯੁਕਤੀ ਪੱਤਰ ਸੌਂਪਣ ਉਪਰੰਤ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਨੌਕਰੀਆਂ ਦੇ ਹੋਰ ਮੌਕੇ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਸਾਡੀ ਸਰਕਾਰ ਨੇ ਆਪਣੇ ਢਾਈ ਸਾਲ ਦੇ ਕਾਰਜਕਾਲ ਦੌਰਾਨ ਕਰੀਬ 51000 ਵਿਅਕਤੀਆਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁਕੀਆਂ ਹਨ।

ਡਾ. ਰਵਜੋਤ ਸਿੰਘ ਨੇ ਨਿਯੁਕਤੀ ਪੱਤਰ ਦਿੰਦੇ ਹੋਏ ਕਰਮਚਾਰੀਆਂ ਨੂੰ ਕਿਹਾ ਕਿ ਤੁਸੀਂ ਇਸ ਸਰਕਾਰ ਦਾ ਹਿੱਸਾ ਬਣ ਗਏ ਹੋ ਅਤੇ ਤੁਸੀਂ ਹੁਣ ਪੰਜਾਬ ਦੀ ਸਮਾਜਿਕ ਅਤੇ ਆਰਥਿਕ ਵਿਕਾਸ ਵਿੱਚ ਸਰਗਰਮ ਭੂਮਿਕਾ ਨਿਭਾਉਣੀ ਹੈ। ਉਨਾਂ ਕਿਹਾ ਕਿ ਸਖ਼ਤ ਮਿਹਨਤ ਅਤੇ ਜੀਵਨ ਵਿੱਚ ਸਫ਼ਲਤਾ ਪ੍ਰਾਪਤ ਕਰਨ ਲਈ ਲਗਾਤਾਰ ਯਤਨਸ਼ੀਲ ਰਹਿਣਾ ਚਾਹੀਦਾ ਹੈ ਤਾਂ ਹੀ ਅਸੀਂ ਜੀਵਨ ਵਿੱਚ ਆਪਣੇ ਮਿੱਥੇ ਟੀਚੇ ਨੂੰ ਪ੍ਰਾਪਤ ਕਰ ਸਕਦੇ ਹਾਂ। ਉਨਾਂ ਨਵ ਨਿਯੁਕਤ ਕਰਮਚਾਰੀਆਂ ਨੂੰ ਕਿਹਾ ਕਿ ਉਹ ਤਨਦੇਹੀ ਤੇ ਇਮਾਨਦਾਰੀ ਨਾਲ ਆਪਣੀ ਨੌਕਰੀ ਕਰਨ। ਡਾ. ਰਵਜੋਤ ਨੇ ਕਿਹਾ ਕਿ ਇਹ ਨੌਕਰੀਆਂ ਬਿਨਾਂ ਕਿਸੇ ਸਿਫਾਰਸ਼, ਭੇਦਭਾਵ , ਵੱਡੀ ਅਤੇ ਭਾਈ ਭਤੀਜਾਵਾਦ ਰਹਿਤ ਦਿੱਤੀਆਂ ਹਨ। ਉਨਾਂ ਕਿਹਾ ਕਿ ਨੌਕਰੀਆਂ ਕੇਵਲ ਯੋਗਤਾ ਦੇ ਆਧਾਰ ਤੇ ਹੀ ਦਿੱਤੀਆਂ ਗਈਆਂ ਹਨ।

ਉਨਾਂ ਦੱਸਿਆ ਕਿ ਮਿਸ਼ਨ ਰੋਜਗਾਰ ਤਹਿਤ ਸਥਾਨਕ ਸਰਕਾਰਾਂ ਵਿਭਾਗ ਵਿੱਚ 1255 ਕਰਮਚਾਰੀਆਂ ਨੂੰ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ ਅਤੇ ਇਸੇ ਹੀ ਲੜੀ ਤਹਿਤ ਇਹ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਉਨਾਂ ਉਮੀਦ ਜਤਾਈ ਕਿ ਨਵੀਂ ਭਰਤੀ ਹੋਏ ਕਰਮਚਾਰੀ ਆਪਣੀ ਕਲਮ ਦੀ ਵਰਤੋ ਸਮਾਜ ਦੇ ਲੋੜਵੰਦ ਅਤੇ ਪਿਛੜੇ ਵਰਗਾਂ ਦੀ ਮਦਦ ਲਈ ਕਰਨਗੇ।

ਇਸ ਮੌਕੇ ਸਥਾਨਕ ਸਰਕਾਰਾਂ ਮੰਤਰੀ ਵਲੋਂ 19 ਕਾਰਜ ਸਾਧਕ ਅਫ਼ਸਰਾਂ , 18 ਡਰਾਈਵਰ /ਓਪਰੇਟਰ ਅਤੇ 48 ਸਫਾਈ ਸੇਵਕਾਂ, ਸੇਵਾਦਾਰਾਂ ਅਤੇ ਬੇਲਦਾਰਾਂ ਨੂੰ ਨਿਯੁਕਤੀ ਪੱਤਰਾਂ ਦੀ ਵੰਡ ਕੀਤੀ ਗਈ। ਕੈਬਨਿਟ ਮੰਤਰੀ ਸ: ਕੁਲਦੀਪ ਸਿੰਘ ਧਾਲੀਵਾਲ ਨੇ ਕਰਮਚਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਤੁਸੀਂ ਇਸ ਪਵਿੱਤਰ ਸ਼ਹਿਰ ਵਿੱਚ ਨਿੱਯੁਕਤ ਹੋਏ ਹੋ, ਜਿਥੇ ਰੋਜਾਨਾ 1.25 ਲੱਖ ਸ਼ਰਧਾਲੂ ਆਉਂਦੇ ਹਨ ਅਤੇ ਤੁਹਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਇਸ ਸ਼ਹਿਰ ਨੂੰ ਸਾਫ਼ ਸੁਥਰਾ ਪਾਣੀ ਅਤੇ ਸਾਫ਼ ਰੱਖਣ ਲਈ ਮਿਹਨਤ ਕਰੀਏ।

**ਪੰਜਾਬ ਸਰਕਾਰ ਵੱਲੋਂ 4 ਮਹੀਨਿਆਂ ਵਿੱਚ ਲਗਾਏ ਜਾਣਗੇ 2356 ਖੇਤੀ ਸੋਲਰ ਪੰਪ**

# ਕੈਬਨਿਟ ਮੰਤਰੀ ਅਮਨ ਅਰੋੜਾ ਨੇ ਖੇਤੀਬਾੜੀ ਵਾਸਤੇ ਸੋਲਰ ਪੰਪ ਲਗਾਉਣ ਸਬੰਧੀ ਵਰਕ ਆਰਡਰ ਸੌਂਪੇ



**ਚੰਡੀਗੜ੍ਹ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀ ਸੈਕਟਰ ਵਿੱਚ ਗਰੀਨ ਊਰਜਾ ਦੀ ਵਰਤੋਂ ਨੂੰ ਉਤਸ਼ਾਹਿਤ ਕਰਦਿਆਂ ਪੰਜਾਬ ਊਰਜਾ ਵਿਕਾਸ ਏਜੰਸੀ (ਪੇਡਾ) ਵੱਲੋਂ ਖੇਤੀਬਾੜੀ ਵਾਸਤੇ ਸੂਬੇ ਭਰ ਵਿੱਚ 2,356 ਸੋਲਰ ਪੰਪ ਲਗਾਏ ਜਾਣਗੇ। ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਸ੍ਰੀ ਅਮਨ ਅਰੋੜਾ ਨੇ ਸੂਬੇ ਵਿੱਚ ਖੇਤੀਬਾੜੀ ਵਾਸਤੇ ਮੈਸਰਜ਼ ਏ.ਵੀ.ਆਈ. ਐਪਲਾਇੰਸਜ਼ ਪ੍ਰਾਈਵੇਟ ਲਿਮਟਿਡ, ਮੈਸਰਜ਼ ਪੀ.ਵੀ. ਪਾਵਰ ਟੈਕਨਾਲੋਜੀਜ਼ ਪ੍ਰਾਈਵੇਟ ਲਿਮਟਿਡ ਅਤੇ ਮੈਸਰਜ਼ ਹਿਮਾਲੀਅਨ ਸੋਲਰ ਪ੍ਰਾਈਵੇਟ ਲਿਮਟਿਡ ਨੂੰ 2,356 ਸੋਲਰ ਪੰਪ ਲਗਾਉਣ ਸਬੰਧੀ ਵਰਕ ਆਰਡਰ ਸੌਂਪੇ।

ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਇਨ੍ਹਾਂ ਕੰਪਨੀਆਂ ਨੂੰ ਪਾਰਦਰਸ਼ੀ ਅਤੇ ਬੋਲੀ ਪ੍ਰਕਿਰਿਆ ਰਾਹੀਂ ਚੁਣਿਆ ਗਿਆ ਹੈ। ਇਨ੍ਹਾਂ ਪੰਪਾਂ ਨੂੰ ਲਗਾਉਣ ਸਬੰਧੀ ਕਾਰਜ ਦੇ ਚਾਰ ਮਹੀਨਿਆਂ ਵਿੱਚ ਮੁਕੰਮਲ ਹੋਣ ਦੀ ਉਮੀਦ ਹੈ। ਦੱਸਣਯੋਗ ਹੈ ਕਿ 3, 5, 7.5 ਅਤੇ 10 ਐਚ.ਪੀ. ਦੀ ਸਮਰੱਥਾ ਵਾਲੇ ਸੋਲਰ ਪੰਪਾਂ ਵਾਸਤੇ ਜਨਰਲ ਸ਼੍ਰੇਣੀ ਦੇ ਕਿਸਾਨਾਂ ਲਈ 60 ਫ਼ੀਸਦ ਅਤੇ ਅਨੁਸੂਚਿਤ ਜਾਤੀ ਦੇ ਕਿਸਾਨਾਂ ਲਈ 80 ਫ਼ੀਸਦ ਸਬਸਿਡੀ ਉਪਲਬਧ ਹੈ।

ਉਨ੍ਹਾਂ ਕਿਹਾ ਕਿ ਡਾਰਕ ਜ਼ੋਨਾਂ (ਧਰਤੀ ਹੇਠਲਾਂ ਪਾਣੀ ਡੂੰਘਾ ਚਲਾ ਗਿਆ ਹੈ ਵਾਲੇ ਬਲਾਕ) ਵਿੱਚ ਇਹ ਸੋਲਰ ਪੰਪ ਉਨ੍ਹਾਂ ਕਿਸਾਨਾਂ ਦੇ ਬੋਰ-ਵੈਲਾਂ 'ਤੇ ਲਗਾਏ ਜਾਣਗੇ, ਜੋ ਪਹਿਲਾਂ ਹੀ ਮਾਈਕਰੋ ਸਿੰਜਾਈ ਪ੍ਰਣਾਲੀ (ਤੁਪਕਾ ਜਾਂ ਫੁਹਾਰਾ) ਦੀ ਵਰਤੋਂ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਇਨ੍ਹਾਂ ਸੋਲਰ ਪੰਪਾਂ ਦੇ ਲੱਗਣ ਨਾਲ ਕਿਸਾਨਾਂ ਨੂੰ ਸਿੰਜਾਈ ਲਈ ਰਾਤ ਸਮੇਂ ਆਪਣੇ ਖੇਤਾਂ ਵਿੱਚ ਜਾਣ ਦੀ ਲੋੜ ਨਹੀਂ ਪਵੇਗੀ ਕਿਉਂਕਿ ਇਹ ਪੰਪ ਦਿਨ ਵੇਲੇ ਕਾਰਜਸ਼ੀਲ ਹੋਣਗੇ। ਇਸ ਨਾਲ ਨਾ ਸਿਰਫ਼ ਡੀਜ਼ਲ ਉੱਤੇ ਆਉਣ ਵਾਲਾ ਖ਼ਰਚਾ ਬਚੇਗਾ ਸਗੋਂ ਜ਼ੀਰੋ ਫ਼ੀਸਦ ਕਾਰਬਨ ਨਿਕਾਸੀ ਹੋਵੇਗੀ, ਜਿਸ ਨਾਲ ਵਧੇਰੇ ਟਿਕਾਊ ਖੇਤੀ ਅਭਿਆਸਾਂ ਨੂੰ ਉਤਸ਼ਾਹ ਮਿਲੇਗਾ।

ਸ੍ਰੀ ਅਮਨ ਅਰੋੜਾ ਨੇ ਪੇਡਾ ਦੇ ਅਧਿਕਾਰੀਆਂ ਨੂੰ ਕਿਸਾਨਾਂ ਦੀ ਭਲਾਈ ਲਈ ਹੋਰ ਖੇਤੀ ਸੋਲਰ ਪੰਪ ਲਗਾਉਣ ਲਈ ਉਪਰਾਲੇ ਕਰਨ ਦੇ ਵੀ ਨਿਰਦੇਸ਼ ਦਿੱਤੇ।

ਇਸ ਮੌਕੇ ਪੇਡਾ ਦੇ ਮੁੱਖ ਕਾਰਜਕਾਰੀ ਅਧਿਕਾਰੀ ਸ੍ਰੀ ਸੰਦੀਪ ਹੰਸ, ਡਾਇਰੈਕਟਰ ਸ੍ਰੀ ਐਮ.ਪੀ. ਸਿੰਘ ਅਤੇ ਸਬੰਧਤ ਕੰਪਨੀਆਂ ਦੇ ਨੁਮਾਇੰਦੇ ਵੀ ਹਾਜ਼ਰ ਸਨ।

# ਕੈਦੀਆਂ ਦੇ ਦੋ ਧੜਿਆਂ ਵਿਚਕਾਰ ਖ਼ੂਨੀ ਝੜਪ, ਚਾਰ ਜ਼ਖ਼ਮੀ

**ਜਲੰਧਰ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਡਰਨ ਜੇਲ੍ਹ ਕਪੂਰਥਲਾ ਵਿੱਚ ਦੇਰ ਰਾਤ ਕੈਦੀਆਂ ਦੇ ਦੋ ਧੜਿਆਂ ਵਿੱਚ ਗੈਂਗਵਾਰ ਹੋਈ, ਜਿਸ ਵਿੱਚ ਜੇਲ੍ਹ ਦੇ ਚਾਰ ਕੈਦੀ ਜ਼ਖ਼ਮੀ ਹੋ ਗਏ। ਜਾਣਕਾਰੀ ਅਨੁਸਾਰ ਪੁਰਾਣੇ ਝਗੜੇ ਨੂੰ ਲੈ ਕੇ ਜੇਲ੍ਹ 'ਚ ਬੰਦ ਦੋ ਧੜਿਆਂ ਵਿਚਾਲੇ ਹੋਈ ਖ਼ੂਨੀ ਝੜਪ ਦੌਰਾਨ ਦੋਹਾਂ ਗੁੱਟਾਂ ਕੁੱਲ ਚਾਰ ਕੈਦੀ ਜ਼ਖ਼ਮੀ ਹੋ ਗਏ ਹਨ ਅਤੇ ਇਨ੍ਹਾਂ ਵਿੱਚੋਂ ਇੱਕ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਮੈਡੀਕਲ ਕਾਲਜ ਅੰਮ੍ਰਿਤਸਰ ਰੈਫਰ ਕਰ ਦਿੱਤਾ ਗਿਆ ਹੈ। ਜੇਲ 'ਚ ਦੋਵਾਂ ਗਰੁੱਪਾਂ ਦੇ ਕੈਦੀ ਸਿਮਰਨਜੀਤ ਸਿੰਘ, ਵਿਸ਼ਾਲ, ਸੁਨੀਲ (34) ਅਤੇ ਮੁਕੇਸ਼ (35) ਜ਼ਖਮੀ ਹੋਏ। ਜਿੰਨ੍ਹਾਂ ਵਿਚ ਵਿਸ਼ਾਲ ਕਤਲ ਦੇ ਇੱਕ ਕੇਸ ਵਿੱਚ ਜੇਲ੍ਹ ਵਿੱਚ ਸਜ਼ਾ ਕੱਟ ਰਿਹਾ ਸੀ। ਜੇਲ੍ਹ ਪੁਲੀਸ ਨੇ ਜ਼ਖ਼ਮੀਆਂ ਨੂੰ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਸੀ। ਮੁਕੇਸ਼ ਦੀ ਹਾਲਤ ਨਾਜ਼ੁਕ ਦੇਖਦਿਆਂ ਡਾਕਟਰਾਂ ਨੇ ਉਸ ਨੂੰ ਅੰਮ੍ਰਿਤਸਰ ਮੈਡੀਕਲ ਕਾਲਜ ਲਈ ਰੈਫਰ ਕਰ ਦਿੱਤਾ ਅਤੇ ਦੋ ਕੈਦੀਆਂ ਨੂੰ ਇਲਾਜ ਉਪਰੰਤ ਮੁੜ ਜੇਲ੍ਹ ਭੇਜਿਆ ਗਿਆ ਹੈ। ਗੈਂਗਵਾਰ ਦੀ ਸੂਚਨਾ ਮਿਲਦੇ ਹੀ ਥਾਣਾ ਸਿਟੀ-2 ਦੇ ਐਸਐਚਓ ਮਨਜੀਤ ਸਿੰਘ, ਪੀਸੀਆਰ ਟੀਮ ਨੇ ਸਿਵਲ ਹਸਪਤਾਲ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਪੁਲਿਸ ਮੁਤਾਬਕ ਪੁਰਾਣੀ ਰੰਜਿਸ਼ ਦੇ ਚੱਲਦੇ ਦੋ ਗੁੱਟਾਂ ਵਿੱਚ ਝੜਪ ਹੋ ਗਈ ਸੀ।

# ਹਿੰਦੂਆਂ 'ਤੇ ਹੋ ਰਹੇ ਅੱਤਿਆਚਾਰਾਂ ਦੇ ਵਿਰੋਧ ਵਿੱਚ ਸ਼ਿਵ ਸੈਨਾ ਹਿੰਦੁਸਤਾਨ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਯੂਨਸ ਦਾ ਪੁਤਲਾ ਫੂਕਿਆ

**ਪਟਿਆਲਾ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਦੇ ਕੌਮੀ ਪ੍ਰਧਾਨ ਮਾਨਯੋਗ ਸ਼੍ਰੀ ਪਵਨ ਕੁਮਾਰ ਗੁਪਤਾ ਦੀਆਂ ਹਦਾਇਤਾਂ 'ਤੇ ਪੰਜਾਬ ਭਰ ਵਿੱਚ ਬੰਗਲਾਦੇਸ਼ ਵਿੱਚ ਹਿੰਦੂਆਂ 'ਤੇ ਹੋ ਰਹੇ ਅੱਤਿਆਚਾਰਾਂ ਦੇ ਵਿਰੋਧ ਵਿੱਚ ਸ਼ਿਵ ਸੈਨਾ ਹਿੰਦੁਸਤਾਨ ਦੇ ਉੱਤਰੀ ਭਾਰਤ ਮੁਖੀ ਸ਼੍ਰੀ ਰਾਜੇਸ਼ ਗੱਗੀ ਅਤੇ ਸ਼ਿਵ ਸੈਨਾ ਹਿੰਦੁਸਤਾਨ ਪੰਜਾਬ ਆਈ.ਟੀ ਸੈੱਲ ਦੇ ਮੁਖੀ ਰਿੰਕੂ ਭਾਰਦਵਾਜ ਦੀ ਅਗਵਾਈ ਹੇਠ ਸ਼ਿਵ ਸੈਨਾ ਹਿੰਦੁਸਤਾਨ ਜਿਲ੍ਹਾ ਪਟਿਆਲਾ ਦੇ ਵਲੋ ਪਟਿਆਲਾ ਦੇ ਭਗਵਾਨ ਸ਼੍ਰੀ ਪਰਸ਼ੂਰਾਮ ਚੌਂਕ ਵਿਖੇ ਪ੍ਰਧਾਨ ਮੰਤਰੀ ਯੂਨਸ ਦਾ ਪੁਤਲਾ ਫੂਕਿਆ ਗਿਆ। ਬੰਗਲਾਦੇਸ਼ ਦੇ ਸ਼ਾਸਕ ਦੇ ਖਿਲਾਫ ਨਾਅਰੇਬਾਜ਼ੀ ਕਰਦੇ ਹੋਏ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਬੰਗਲਾਦੇਸ਼ ਦੇ ਹਿੰਦੂਆਂ ਨੂੰ ਇਨਸਾਫ ਦਿਵਾਉਣ ਲਈ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਨੂੰ ਉਨ੍ਹਾਂ ਦੀ ਨੀਂਦ ਤੋਂ ਜਗਾਉਣ ਦਾ ਯਤਨ ਕੀਤਾ ਗਿਆ, ਉਹਨਾਂ ਕਿਹਾ ਕਿ ਸ਼ਿਵਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਸ੍ਰੀ ਪਵਨ ਗੁਪਤਾ ਜੀ ਬਲੋ ਮੰਗ ਕੀਤੀ ਜਾ ਰਹੀ ਹੈ ਕਿ ਬੰਗਲਾਦੇਸ਼ ਦੇ ਹਿੰਦੂਆਂ ਨੂੰ ਬਚਾਉਣ ਦੇ ਲਈ ਜੇਕਰ ਜੰਗ ਕਰਨੀ ਜਰੂਰੀ ਹੈ ਤਾਂ ਜੰਗ ਜਰੂਰ ਕੀਤੀ ਜਾਣੀ ਚਾਹੀਦੀ ਹੈ ਜੇਕਰ ਹਿੰਦੁਸਤਾਨ ਦੀ ਸੈਨਾ ਜੰਗ ਕਰਕੇ ਬਾਂਗਲਾਦੇਸ਼ ਬਣਾ ਸਕਦੀ ਹੈ ਤਾਂ ਹਿੰਦੂਆਂ ਦੀ ਰਾਖੀ ਕਰਨ ਲਈ ਬੰਗਲਾਦੇਸ਼ ਮਿਟਾਉਣ ਵਾਸਤੇ ਵੀ ਜੰਗ ਕੀਤੀ ਜਾ ਸਕਦੀ ਹੈ।



ਇਸ ਮੌਕੇ ਉੱਤਰ ਭਾਰਤ ਦੇ ਪ੍ਰਧਾਨ ਸ਼੍ਰੀ ਰਾਜੇਸ਼ ਕੌਸ਼ਿਕ ਗੱਗੀ ਜੀ ਅਤੇ ਪੰਜਾਬ ਚੀਫ਼ ਆਈ.ਟੀ. ਸੇਲ ਰਿੰਕੂ ਭਾਰਦਵਾਜ, ਪੰਜਾਬ ਮੀਤ ਪ੍ਰਧਾਨ ਗੁਰਮੁੱਖ ਸਿੰਘ ਜੀ ਅਮਿਤ ਪੰਡਿਤ ਉੱਤਰੀ ਭਾਰਤ ਦੇ ਮੀਤ ਪ੍ਰਧਾਨ, ਪੰਜਾਬ ਪ੍ਰਧਾਨ ਹਿੰਦੁਸਤਾਨ ਵਪਾਰ ਸੈਨਾ ਸ਼੍ਰੀ ਕ੍ਰਿਸ਼ਨ ਕੁਮਾਰ ਗਾਬਾ ਜੀ, ਪੰਜਾਬ ਚੇਅਰਮੈਨ ਰਵਿੰਦਰ ਸਿੰਗਲਾ ਜੀ, ਜਿਲ੍ਹਾ ਸ਼ਹਿਰੀ ਪ੍ਰਧਾਨ ਰਵੀ ਸੋਹਲ ਜੀ, ਜਿਲ੍ਹਾ ਉਪ ਪ੍ਰਧਾਨ ਸ. ਨੰਦਲਾਲ ਜੀ, ਪੁਰਸ਼ੋਤਮ ਗੋਸਵਾਮੀ ਦਿਹਾਤੀ ਜਿਲ੍ਹਾ ਪ੍ਰਧਾਨ, ਸ਼੍ਰੀ ਪਰਸ਼ੂਰਾਮ ਸੈਨਾ ਪੰਜਾਬ ਪ੍ਰਧਾਨ ਰੋਬਿਨ ਸ਼ਰਮਾ ਜੀ, ਵਿਨੈ ਤਿਵਾੜੀ, ਯੋਗੇਸ਼ ਸ਼ਰਮਾ, ਰਜਿੰਦਰ ਯਾਦਵ ਮੀਤ ਪ੍ਰਧਾਨ ਰਾਹੁਲ ਮਹਿਤਾ, ਰਸ਼ਨ ਸਿੰਘ, ਵੀਰੂ, ਸੰਜੀਵ ਕੁਮਾਰ, ਇੰਦਰਜੀਤ ਸਿੰਘ, ਅਸ਼ੋਕ ਕੁਮਾਰ ਗੁਰਪ੍ਰੀਤ ਸਿੰਘ ਬਾਗੀ, ਮੰਗਾਰਾਮ ਜੀ. ਲੂਕਾ, ਰਾਜੇਸ਼ ਬਹਾਦਰਗੜ੍ਹ, ਵਰੁਣ ਕੌਸ਼ਿਕ, ਸ਼ਰਵਣ ਕੁਮਾਰ, ਪੱਪੂ, ਸੁੱਖੀ, ਰਿੰਕੂ, ਅਸ਼ੋਕ ਕੁਮਾਰ, ਅਤੇ ਵੱਡੀ ਗਿਣਤੀ ਵਿੱਚ ਨੌਜਵਾਨ ਹਾਜ਼ਰ ਸਨ।

# ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ: 92 ਕਰੋੜ ਵਿੱਚੋਂ 256 ਸੰਸਥਾਵਾਂ ਨੂੰ 59.34 ਕਰੋੜ ਰੁਪਏ ਦੀ ਰਾਸ਼ੀ ਜਾ ਚੁੱਕੀ ਹੈ ਵੰਡੀ: ਡਾ. ਬਲਜੀਤ ਕੌਰ

**ਚੰਡੀਗੜ੍ਹ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਪੜ੍ਹਾਈ ਲਈ ਵਿੱਤੀ ਸਹਾਇਤਾ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਨੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਅਧੀਨ ਸਾਲ 2024-25 ਦੇ ਬਜਟ ਉਪਬੰਧ ਵਿੱਚੋਂ 92 ਕਰੋੜ ਰੁਪਏ ਜਾਰੀ ਕੀਤੇ ਗਏ ਹਨ ਅਤੇ ਸਾਲ 2024-25 ਲਈ ਵਿਦਿਆਰਥੀਆਂ ਦੇ ਵਜ਼ੀਫੇ ਲਈ 245.00 ਕਰੋੜ ਰੁਪਏ ਦੀ ਰਾਸ਼ੀ ਰਾਖਵੀਂ ਰੱਖੀ ਗਈ ਹੈ। ਇਹ ਪ੍ਰਗਟਾਵਾ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਬਾਰੇ ਮੰਤਰੀ ਡਾ. ਬਲਜੀਤ ਕੌਰ ਨੇ ਪੰਜਾਬ ਭਵਨ, ਚੰਡੀਗੜ੍ਹ ਵਿਖੇ ਅੱਜ ਇੱਕ ਪ੍ਰੈਸ ਕਾਨਫਰੰਸ ਦੌਰਾਨ ਕੀਤਾ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ. ਸਟੂਡੈਂਟਸ ਸਕੀਮ ਤਹਿਤ ਸਾਲ 2017-18 ਤੋਂ 2019-20 ਤੱਕ ਦੀ ਬਕਾਇਆ ਰਹਿੰਦੀ ਅਦਾਇਗੀ ਲਈ ਸਾਲ 2023-24 ਦੌਰਾਨ 366.00 ਕਰੋੜ ਰੁਪਏ ਜਾਰੀ ਕੀਤੇ ਗਏ ਸਨ ਜਿਸ ਵਿੱਚੋਂ 1008 ਸੰਸਥਾਵਾਂ ਨੂੰ 283.62 ਕਰੋੜ ਰੁਪਏ ਦੀ ਰਾਸ਼ੀ ਅਦਾਇਗੀ ਕੀਤੀ ਜਾ ਚੁੱਕੀ ਹੈ। ਮੰਤਰੀ ਨੇ ਇਹ ਵੀ ਕਿਹਾ ਕਿ ਬਕਾਇਆ ਰਹਿੰਦੀਆਂ ਸੰਸਥਾਵਾਂ ਨੂੰ ਵੀ ਜਲਦ ਹੀ ਅਦਾਇਗੀ ਕੀਤੀ ਜਾਵੇਗੀ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਸਰਕਾਰੀ ਸੰਸਥਾਵਾਂ ਅਤੇ ਪੰਜਾਬ ਰਾਜ ਦੇ ਵਿਦਿਆਰਥੀ ਜੋ ਕਿ ਹੋਰ ਰਾਜਾਂ ਦੀਆਂ ਸੰਸਥਾਵਾਂ ਵਿੱਚ ਪੜ੍ਹਾਈ ਕਰ ਰਹੇ ਹਨ, ਨੂੰ ਵੀ ਇਸ ਸਮੇਂ ਦੀ ਬਕਾਇਆ ਅਦਾਇਗੀ ਲਈ 92.00 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਇਸ ਰਾਸ਼ੀ ਵਿੱਚੋਂ 256 ਸੰਸਥਾਵਾਂ ਨੂੰ 59.34 ਕਰੋੜ ਰੁਪਏ ਦੀ ਰਾਸ਼ੀ ਵੰਡੀ ਜਾ ਚੁੱਕੀ ਹੈ ਅਤੇ ਬਕਾਇਆ ਰਹਿੰਦੀਆਂ ਸੰਸਥਾਵਾਂ ਨੂੰ ਵੀ ਰਾਸ਼ੀ ਵੰਡਣ ਲਈ ਤੇਜ਼ੀ ਨਾਲ ਕਾਰਵਾਈ ਕੀਤੀ ਜਾ ਰਹੀ ਹੈ।

ਇਸ ਤੋਂ ਇਲਾਵਾ ਕੈਬਨਿਟ ਮੰਤਰੀ ਨੇ ਇਹ ਵੀ ਦੱਸਿਆ ਕਿ ਸਾਲ 2023-24 ਦੇ ਵਿਦਿਆਰਥੀਆਂ ਲਈ 229.23 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਸੀ ਅਤੇ ਚਾਲੂ ਵਿੱਤੀ ਸਾਲ 2024-25 ਲਈ ਵਿਦਿਆਰਥੀਆਂ ਦੇ ਵਜ਼ੀਫੇ ਲਈ 245.00 ਕਰੋੜ ਰੁਪਏ ਦੀ ਰਾਸ਼ੀ ਰਾਖਵੀਂ ਰੱਖੀ ਗਈ ਹੈ।



ਕੈਬਨਿਟ ਮੰਤਰੀ ਡਾ ਬਲਜੀਤ ਕੌਰ ਨੇ ਦੱਸਿਆ ਕਿ 2017 ਤੋਂ 2020 ਦੇ ਸਮੇਂ ਦੌਰਾਨ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਜੋ ਸਕਾਲਰਸ਼ਿਪ ਸਕੀਮ ਅਧੀਨ ਰਾਸ਼ੀ ਜਾਰੀ ਕੀਤੀ ਜਾਣੀ ਸੀ ਨਾ ਤਾਂ ਉਹ ਕੇਂਦਰ ਸਰਕਾਰ ਵੱਲੋਂ ਦਿੱਤੀ ਗਈ ਅਤੇ ਨਾ ਹੀ ਉਸ ਸਮੇਂ ਦੀ ਪੰਜਾਬ ਦੀ ਕਾਂਗਰਸ ਸਰਕਾਰ ਵੱਲੋਂ ਅਦਾ ਕੀਤੀ ਗਈ। ਪਿੱਛਲੀਆਂ ਸਰਕਾਰਾਂ ਦੇ ਅਜਿਹੇ ਰਵਈਏ ਕਾਰਨ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਸਬੰਧਤ ਕਾਲਜਾਂ ਵੱਲੋਂ ਡਿਗਰੀਆਂ ਰੋਕ ਦਿੱਤੀਆਂ ਗਈਆਂ। ਜਿਸ ਕਾਰਨ ਇਹਨਾਂ ਵਿਦਿਆਰਥੀਆਂ ਦਾ ਭਵਿੱਖ ਖਤਰੇ ਵਿੱਚ ਪੈ ਗਿਆ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਜਦੋਂ ਤੋਂ ਆਪਣਾ ਕਾਰਜ਼ ਭਾਰ ਸੰਭਾਲਿਆ ਹੈ, ਉਹ ਇਸ ਦਿਸ਼ਾ ਵਿੱਚ ਹਰ ਸੰਭਵ ਉਪਰਾਲੇ ਕਰ ਰਹੀ ਹੈ ਤਾਂ ਜੋ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਪੜਾਈ ਵਿੱਚ ਕੋਈ ਵਿਘਨ ਨਾ ਪਵੇ।

ਕੈਬਨਿਟ ਮੰਤਰੀ ਨੇ ਅੱਗੇ ਕੇਂਦਰ ਸਰਕਾਰ ਨੂੰ ਵੀ ਅਪੀਲ ਕੀਤੀ ਹੈ ਕਿ ਸਕਾਲਰਸ਼ਿਪ ਸਕੀਮ ਅਧੀਨ ਆਪਣਾ ਬਣਦਾ ਬਕਾਇਆ ਹਿੱਸਾ ਜਲਦ ਤੋਂ ਜਲਦ ਜ਼ਾਰੀ ਕਰਨ ਤਾਂ ਜੋ ਪੰਜਾਬ ਦੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਵਿਚ ਕੋਈ ਵਿਘਨ ਨਾ ਪਵੇ। ਇਥੇ ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸਕਾਲਰਸ਼ਿਪ ਸਕੀਮ ਦੇ ਪੋਰਟਲ ਤੇ ਸਾਲ 2024-25 ਅਧੀਨ 2 ਲੱਖ 31 ਹਜ਼ਾਰ ਦੇ ਕਰੀਬ ਵਿਦਿਆਰਥੀ ਇਸ ਸਕੀਮ ਅਧੀਨ ਨਵੇਂ ਰਜਿਸਟਰਡ ਹੋਏ ਹਨ।

ਮੰਤਰੀ ਨੇ ਦੱਸਿਆ ਕਿ ਇਹ ਰਾਸ਼ੀ ਵੱਖ-ਵੱਖ ਸਰਕਾਰੀ ਸੰਸਥਾਵਾਂ ਨੂੰ ਜਾਰੀ ਕਰਨ ਅਤੇ ਇਸਦੀ ਸਹੀ ਅਦਾਇਗੀ ਯਕੀਨੀ ਬਣਾਉਣ ਦੀ ਜਿੰਮੇਵਾਰੀ ਪ੍ਰਬੰਧਕੀ ਵਿਭਾਗ ਨੂੰ ਦਿੱਤੀ ਗਈ ਹੈ। ਇਹ ਵਿਭਾਗ ਇਸ ਰਕਮ ਦੇ ਸਹੀ ਵਰਤੋਂ ਲਈ ਜਿੰਮੇਵਾਰ ਹੋਵੇਗਾ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਦੀ ਭਲਾਈ ਅਤੇ ਉਨ੍ਹਾਂ ਦੇ ਅਧਿਕਾਰਾਂ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਇਸ ਸਕੀਮ ਤਹਿਤ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਪੜ੍ਹਾਈ ਲਈ ਵਿੱਤੀ ਸਹਾਇਤਾ ਸਮੇਂ-ਸਿਰ ਮੁਹੱਈਆ ਕਰਵਾਈ ਜਾਵੇਗੀ। ਇਹ ਰਕਮ ਉਹਨਾਂ ਦੀ ਸਿੱਖਿਆ ਦੀ ਲਗਾਤਾਰਤਾ ਲਈ ਮਦਦਗਾਰ ਸਾਬਤ ਹੋਵੇਗੀ।

ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਨੇ ਕਿਹਾ ਕਿ ਸਿੱਖਿਆ ਸਮਾਜਿਕ ਬਦਲਾਅ ਲਈ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਹ ਯਕੀਨੀ ਬਣਾਏਗੀ ਕਿ ਕੋਈ ਵੀ ਵਿਦਿਆਰਥੀ ਆਰਥਿਕ ਕਾਰਣਾਂ ਕਰਕੇ ਆਪਣੀ ਪੜਾਈ ਨੂੰ ਛੱਡਣ ਲਈ ਮਜਬੂਰ ਨਾ ਹੋਵੇ।

# ਮਾਈਟੀ ਖਾਲਸਾ ਇੰਟਰਨੈਸ਼ਨਲ ਸਕੂਲ ਵੱਲੋਂ ਦੂਜੀ ਸਾਲਾਨਾ ਕਰਤਾਰਪੁਰ ਸਾਹਿਬ ਪਾਕਿਸਤਾਨ ਦੀ ਯਾਤਰਾ ਯਾਦਗਾਰੀ ਹੋ ਨਿਭੜੀ

**ਸ੍ਰੀ ਅਨੰਦਪੁਰ ਸਾਹਿਬ, 8 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਈਟੀ ਖਾਲਸਾ ਇੰਟਰਨੈਸ਼ਨਲ ਸਕੂਲ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਆਪਣੇ ਜ਼ਿਲ੍ਹੇ ਵਿਚ ਪਿਛਲੇ ਸਾਲ ਇਕ ਬਹੁਤ ਹੀ ਇਤਿਹਾਸਕ ਪਹਿਲਕਦਮੀ ਕਰਕੇ ਆਪਣੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਗੁਰਦਵਾਰਾ ਸ੍ਰੀ ਦਰਬਾਰ ਸਾਹਿਬ, ਕਰਤਾਰਪੁਰ ਸਾਹਿਬ, ਪਾਕਿਸਤਾਨ ਵਿਖੇ ਲਿਜਾਇਆ ਗਿਆ ਸੀ। ਇਸੇ ਯਾਦਗਾਰੀ ਸਾਲਾਨਾ ਕਾਰਜ ਨੂੰ ਜਾਰੀ ਰੱਖਦਿਆਂ ਇਸ ਸਾਲ ਵੀ ਇਹ ਯਾਤਰਾ ਸਕੂਲ ਦੇ ਸਰਪ੍ਰਸਤ ਸਿੰਘ ਸਾਹਿਬ ਪ੍ਰੋ.ਮਨਜੀਤ ਸਿੰਘ ਜੀ ਦੀ ਯੋਗ ਅਗਵਾਈ ਹੇਠ ਅਤੇ ਡਾਇਰੈਕਟਰ ਡਾ.ਅਮਿਤੋਜ ਸਿੰਘ ਦੇ ਯਤਨਾਂ ਸਦਕਾ 5 ਦਸੰਬਰ ਨੂੰ ਆਯੋਜਿਤ ਕੀਤੀ ਗਈ ਸੀ ਜਿਸ ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਸਮੇਤ ਕੁਲ 17 ਯਾਤਰੀਆਂ ਨੇ ਭਾਗ ਲਿਆ।

ਗੁਰਦਵਾਰਾ ਸਾਹਿਬ ਪਹੁੰਚ ਕੇ ਸਭ ਤੋਂ ਪਹਿਲਾਂ ਸਾਰਿਆਂ ਵੱਲੋਂ ਪਵਿੱਤਰ ਸਰੋਵਰ ਵਿਚ ਇਸ਼ਨਾਨ ਕੀਤਾ ਗਿਆ। ਉਸ ਤੋਂ ਬਾਦ ਗੁਰਦਵਾਰਾ ਸਾਹਿਬ ਵਿਚ ਅੰਮ੍ਰਿਤ ਬਾਣੀ ਦਾ ਜਸ ਸ੍ਰਵਣ ਕੀਤਾ। ਗੁਰਦਵਾਰਾ ਸਾਹਿਬ ਦੇ ਮੁੱਖ ਗ੍ਰੰਥੀ ਜੀ ਵੱਲੋਂ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਗੁਰੂ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਚੜ੍ਹਦੀਕਲਾ ਲਈ ਅਰਦਾਸ ਕੀਤੀ ਗਈ। ਫੇਰ ਇਸ ਤੋਂ ਬਾਦ ਸਾਰਿਆਂ ਵੱਲੋਂ ਪਵਿੱਤਰ ਇਤਿਹਾਸਕ ਖੂਹ ਦੇ ਦਰਸ਼ਨ ਕੀਤੇ ਗਏ। ਗੁਰਦਵਾਰਾ ਸਾਹਿਬ ਦੀ ਪਰਕਰਮਾਂ ਕਰਕੇ ਸਾਰਿਆਂ ਵੱਲੋਂ ਪੰਗਤ ਵਿਚ ਬੈਠ ਕੇ ਗੁਰੂ ਕਾ ਲੰਗਰ ਛੱਕਿਆ ਗਿਆ ਅਤੇ ਸੇਵਾ ਵੀ ਕੀਤੀ। ਬਾਕੀ ਸਮੇਂ ਵਿਚ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਮਾਰਕਿਟ ਵਿਖੇ ਸ਼ਾਪਿੰਗ ਕੀਤੀ ਗਈ। ਫੇਰ ਸਮਾਂ ਮੁੱਕਣ ਤੇ ਵਾਪਸੀ ਤੇ ਹੁਸ਼ਿਆਰਪੁਰ ਐਚ ਟੀ ਮਾਲ ਵਿਖੇ ਡਿਨਰ ਦਾ ਪ੍ਰਬੰਧ ਕੀਤਾ ਗਿਆ। ਗੁਰੂ ਦਾ ਸ਼ੁਰਕਾਨਾ ਕਰਦਿਆਂ ਡਾਇਰੈਕਟਰ ਡਾ. ਅਮਿਤੋਜ ਸਿੰਘ ਨੇ ਦਸਿਆ ਕਿ ਅੱਜ ਦਾ ਦਿਨ ਸਾਡੀ ਜ਼ਿੰਦਗੀ ਦੀ ਇਕ ਅਭੁੱਲ ਯਾਦ ਬਣ ਗਿਆ ਹੈ ਜਿਸ ਵਿਚ ਸਾਨੂੰ ਗੁਰੂ ਨਾਨਕ ਸਾਹਿਬ ਦੇ ਦਰ ਦੀ ਚਰਣ ਧੂੜ ਨਸੀਬ ਹੋਈ। ਗੁਰੂ ਦਰ ਤੇ ਸੇਵਾ ਕਰਨਾ, ਇਸ਼ਨਾਨ ਕਰਨਾ ਅਤੇ ਸੰਗਤਾਂ ਨਾਲ ਵਿਚਾਰ ਕਰਨਾ ਸਾਡੇ ਲਈ ਯਾਦਗਾਰੀ ਪਲ ਹਨ ਅਤੇ ਅਸੀਂ ਆਪਣੇ ਆਪ ਨੂੰ ਵੱਡੇ ਭਾਗਾਂ ਵਾਲੇ ਮੰਨਦੇ ਹਾਂ ਜੋ ਸਾਨੂੰ ਇਹ ਪਲ ਨਸੀਬ ਹੋਏ। ਡਾ.ਅਮਿਤੋਜ ਸਿੰਘ ਵੱਲੋਂ ਦਸਿਆ ਗਿਆ ਕਿ ਇਸ ਸੈਸ਼ਨ ਦਾ ਸਕੂਲ ਦਾ ਇਹ ਸੱਤਵਾਂ ਟਰਿਪ ਸੀ। ਗੌਰਤਲਬ ਹੈ ਕਿ ਇਸੇ ਸੈਸ਼ਨ ਵਿਚ ਸਕੂਲ ਵੱਲੋਂ ਮਲੇਸ਼ੀਆ, ਕਸ਼ਮੀਰ, ਸ਼ਿਮਲਾ, ਆਈਸ ਪਾਰਕ ਕਸੌਲੀ ਆਦਿ ਦੇ ਟਰਿਪ ਲਗਾਏ ਗਏ ਸੀ ਅਤੇ ਆਉਣ ਵਾਲੇ ਸਮੇਂ ਵਿਚ ਉਹ ਇਸੇ ਤਰ੍ਹਾਂ ਯਾਦਗਾਰੀ ਟਰਿਪ ਦਾ ਆਯੋਜਨ ਕਰਦੇ ਰਹਿਣਗੇ। ਉਨ੍ਹਾਂ ਵੱਲੋਂ ਭਾਰਤ ਸਰਕਾਰ ਅਤੇ ਪਾਕਿਸਤਾਨ ਸਰਕਾਰ ਦੇ ਪ੍ਰਬੰਧਾਂ ਦੀ ਸਰਾਹਣਾ ਕੀਤੀ ਗਈ ਅਤੇ ਦੱਸਿਆ ਕਿ ਸਾਨੂੰ ਕਿਤੇ ਵੀ ਕੋਈ ਕਮੀ ਮਹਿਸੂਸ ਨਹੀਂ ਹੋਈ ਬਲਕਿ ਸਾਰਿਆਂ ਵੱਲੋਂ ਸਾਨੂੰ ਬਹੁਤ ਮਾਣ ਪਿਆਰ ਨਸੀਬ ਹੋਇਆ। ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰ ਯਾਤਰੀਆਂ ਵੱਲੋਂ ਡਾਇਰੈਕਟਰ ਡਾ. ਅਮਿਤੋਜ ਸਿੰਘ ਦਾ ਇਸ ਯਾਤਰਾ ਦਾ ਆਯੋਜਨ ਕਰਨ ਵਾਸਤੇ ਧੰਨਵਾਦ ਕੀਤਾ ਗਿਆ ਅਤੇ ਸਾਰਿਆਂ ਨੂੰ ਅਪੀਲ ਕੀਤੀ ਗਈ ਕਿ ਸਾਰੇ ਗੁਰੂ ਨਾਨਕ ਸਾਹਿਬ ਦੇ ਦਰ ਤੇ ਜ਼ਰੂਰ ਆਪਣੀ ਹਾਜ਼ਰੀ ਲਗਵਾ ਕੇ ਆਉਣ ਅਤੇ ਅਪਣਾ ਜੀਵਨ ਸਫਲਾ ਕਰਨ।

# ਬੁੱਢੇ ਨਾਲੇ ਨੂੰ ਲੈ ਕੇ ਚੱਲ ਰਹੇ ਸੰਘਰਸ ‘ਤੇ ਗਿਆਨੀ ਹਰਪ੍ਰੀਤ ਸਿੰਘ ਦਾ ਵੱਡਾ ਬਿਆਨ

**ਏਜੰਸੀਆਂ**

ਬਠਿੰਡਾ 8 ਦਸੰਬਰ। ਬੁੱਢੇ ਨਾਲੇ ਦੇ ਗੰਦਲੇ ਪਾਣੀ ਦੇ ਮਸਲੇ ਉੱਤੇ ਬੀਤੇ ਦਿਨ ਕਿਸਾਨਾਂ ਤੇ ਪ੍ਰਸ਼ਾਸਨ ਵਿਚਾਲੇ ਤਿੱਖਾ ਸੰਘਰਸ਼ ਦੇਖਣ ਨੂੰ ਮਿਲਿਆ। ਇਸ ਸਭ ਤੋਂ ਬਾਅਦ ਪ੍ਰਸ਼ਾਸਨ ਤੇ



ਕਿਸਾਨਾਂ ਵਿਚਾਲੇ ਕੁਝ ਮਸਲਿਆਂ ਉੱਤੇ ਸਹਿਮਤੀ ਵੀ ਬਣ ਗਈ। ਹੁਣ ਇਸ ਸਭ ਵਿਚਾਲੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਗਿਆਨੀ ਹਰਪ੍ਰੀਤ ਸਿੰਘ ਸਿੰਘ ਨੇ ਵੀਡੀਓ ਸੰਦੇਸ਼ ਰਾਹੀਂ ਜਾਰੀ ਬਿਆਨ ਵਿਚ ਕਿਹਾ ਕਿ ਪਾਣੀ ਨੂੰ ਗੁਰਬਾਣੀ ਦੇ ਵਿਚ ਬਹੁਤ ਸਤਿਕਾਰ ਦਿੱਤਾ ਗਿਆ ਹੈ। ਪਾਣੀ ਜਿੰਦਗੀ ਐ ਤੇ ਜਿ਼ੰਦਗੀ ਵਿਚ ਪਾਣੀ ਐ। ਪਾਣੀ ਜਿ਼ੰਦਗੀ ਦਾ ਆਧਾਰ ਹੈ। ਤੇ ਜੇ ਅਸੀਂ ਪਾਣੀ ਨੂੰ ਦੂਸ਼ਿਤ ਕਰ ਦਿਆਂਗੇ ਜਾਂ ਪ੍ਰਦੂਸ਼ਿਤ ਕਰਨ ਵਾਲੇ ਪਾਸੇ ਤੁਰਾਂਗੇ ਤਾਂ ਮੈਂ ਸਮਝਦਾ ਕਿ ਇਹ ਇਨਸਾਨਾਂ ਦਾ ਕਤਲ ਨਹੀਂ ਬਲਕਿ ਇਨਸਾਨੀਅਤ ਦਾ ਵੀ ਕਤਲ ਹੈ। ਸਰਕਾਰਾਂ ਦਾ ਫਰਜ ਬਣਦਾ ਹੈ ਕਿ ਜਿਹੜੇ ਲੋਕ ਪਾਣੀ ਨੂੰ ਗੰਦਲਾ ਕਰ ਕੇ ਮਨੁੱਖੀ ਜਿ਼ੰਦਗੀਆਂ ਨਾਲ ਖਿਲਵਾੜ ਕਰਦੇ ਹਨ ਉਨ੍ਹਾਂ ਉੱਤੇ ਕਤਲ ਦੇ ਮੁਕੱਦਮੇ ਹੋਣੇ ਚਾਹੀਦੇ ਹਨ। ਪਾਣੀ ਨੂੰ ਸਾਫ ਰੱਖਣ ਦੀ ਜਿ਼ੰਮੇਵਾਰੀ ਸਰਕਾਰਾਂ ਦੀ ਹੈ ਤੇ ਇਸ ਨੂੰ ਨਿਭਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਹੈਰਾਨੀ ਦੀ ਗੱਲ ਹੈ ਕਿ ਜਿਹੜੀ ਜਿ਼ੰਮੇਵਾਰੀ ਜਿਹੜੀ ਸਰਕਾਰਾਂ ਨੂੰ ਨਿਭਾਉਣੀ ਚਾਹੀਦੀ ਹੈ ਉਹ ਪਬਲਿਕ ਨਿਭਾਅ ਰਹੀ ਹੈ ਜਾਂ ਇਸ ਦਾ ਯਤਨ ਕਰ ਰਹੀ ਹੈ ਤੇ ਤਸ਼ੱਦਦ ਵੀ ਸਹਿ ਰਹੀ ਹੈ। ਇਸ ਕਰ ਕੇ ਸਰਕਾਰਾਂ ਆਪਣਾ ਫਰਜ ਪਛਾਨਣ। ਸਤਲੁਜ ਦਾ ਪਾਣੀ ਇਕੱਲਾ ਪੰਜਾਬ ਹੀ ਨਹੀਂ ਪੀਂਦਾ। ਹੁਣ ਤਾਂ ਇਸ ਨੂੰ ਹਰਿਆਣਾ ਵੀ ਪੀਂਦਾ ਤੇ ਰਾਜਸਥਾਨ ਵੀ। ਜਿਸ ਪਾਣੀ ਨੂੰ ਪੀਣ ਨਾਲ ਕੈਂਸਰ ਵਰਗੀਆਂ ਬਿਮਾਰੀਆਂ ਫੈਲ ਰਹੀਆਂ ਹਨ, ਲੋਕ ਮਰ ਰਹੇ ਹਨ ਤੇ ਲੱਖਾਂ ਰੁਪਏ ਦਾ ਖਰਚਾ ਹੋ ਰਿਆ ਹੈ, ਉਨ੍ਹਾਂ ਪਰਿਵਾਰਾਂ ਦਾ ਜਿਹੜੇ ਪਹਿਲਾਂ ਹੀ ਮੰਦਹਾਲੀ ਦੀ ਮਾਰ ਝੱਲ ਰਹੇ ਹਨ। ਇਨ੍ਹਾਂ ਲੋਕਾਂ ਨੂੰ ਤਕਲੀਫ ਵਿਚੋਂ ਕੱਢਣਾ ਸਰਕਾਰ ਦਾ ਫਰਜ ਹੈ। ਸਰਕਾਰਾਂ ਆਪਣੇ ਫਰਜਾਂ ਨੂੰ ਪਛਾਨਣ। ਦਰਿਆ ਸਾਫ ਰੱਖਣ ਲਈ ਯਤਨ ਜਰੂਰ ਕਰਨ।

# ਜਹਿਰੀਲਾ ਹੋਇਆ ਪਾਣੀ ! ਤਿੰਨ ਲੋਕਾਂ ਦੀ ਹੋਈ ਮੌਤ ਤੇ 20 ਤੋਂ ਵਧੇਰੇ ਬਿਮਾਰ

**ਸਰਦੂਲ ਸਿੰਘ**

ਚੇਨਈ 8 ਦਸੰਬਰ। ਤਾਮਿਲਨਾਡੂ ਦੇ ਚੇਨਈ ਦੇ ਪੱਲਾਵਰਮ ਅਤੇ ਅਲੰਦੂਰ ‘ਚ ਦੂਸਿ਼ਤ ਪਾਣੀ ਪੀਣ ਨਾਲ 3 ਲੋਕਾਂ ਦੀ ਮੌਤ ਹੋ ਗਈ ਹੈ ਅਤੇ 20 ਤੋਂ ਜਿ਼ਆਦਾ ਲੋਕ ਬਿਮਾਰ ਹੋ ਗਏ ਹਨ। ਪਾਣੀ ਪੀਣ ਤੋਂ ਬਾਅਦ ਬਿਮਾਰ ਹੋਏ ਲੋਕਾਂ ਨੂੰ ਹਸਪਤਾਲ ‘ਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਇਲਾਕੇ ਦੇ ਲੋਕਾਂ ਨੇ ਦੂਸਿ਼ਤ ਪਾਣੀ ਪੀਣ ਦੀ ਸਿ਼ਕਾਇਤ ਕੀਤੀ ਹੈ। ਲੋਕਾਂ ਦਾ ਕਹਿਣਾ ਹੈ ਕਿ ਦੂਸਿ਼ਤ ਪਾਣੀ ਪੀਣ ਕਾਰਨ ਉਨ੍ਹਾਂ ਨੂੰ ਉਲਟੀਆਂ, ਚੱਕਰ ਆਉਣਾ ਅਤੇ ਹੋਰ ਬਿਮਾਰੀਆਂ ਸਮੇਤ ਗੰਭੀਰ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਘਟਨਾ ਨਾਲ ਇਲਾਕੇ ‘ਚ ਦਹਿਸਤ ਦਾ ਮਾਹੌਲ ਹੈ ਅਤੇ ਸਥਾਨਕ ਜਲ ਸਪਲਾਈ ਦੀ ਸੁਰੱਖਿਆ ‘ਤੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਜਦੋਂ ਈਟੀਵੀ ਭਾਰਤ ਦੀ ਟੀਮ ਹਸਪਤਾਲ ਪਹੁੰਚੀ ਤਾਂ ਉਨ੍ਹਾਂ ਨੂੰ ਦੂਸਿ਼ਤ ਪਾਣੀ ਪੀਣ ਵਾਲੇ ਦੋ ਵਿਅਕਤੀਆਂ ਦੀ ਮੌਤ ਹੋਣ ਦੀ ਸੂਚਨਾ ਮਿਲੀ। ਇਸ ਦੌਰਾਨ ਤਾਮਿਲਨਾਡੂ ਸਰਕਾਰ ਦੇ ਮੰਤਰੀ ਟੀਐੱਮ ਅੰਬਰਸਨ ਨੇ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਸਿਰਫ ਇੱਕ ਮੌਤ ਦੀ ਸੂਚਨਾ ਮਿਲੀ ਹੈ। ਇਸ ਦੌਰਾਨ ਮੰਤਰੀ ਨੇ ਘਟਨਾ ਦਾ ਕਾਰਨ ਫੂਡ ਪੋਇਜਨਿੰਗ ਵੱਲ ਇਸਾਰਾ ਕੀਤਾ। ਪੱਲਾਵਰਮ ਅਤੇ ਅਲੰਦੂਰ ਦੇ ਵਸਨੀਕਾਂ ਨੇ ਆਪਣੀਆਂ ਬਿਮਾਰੀਆਂ ਨੂੰ ਸਿੱਧੇ ਤੌਰ ‘ਤੇ ਦੂਸਿ਼ਤ ਪਾਣੀ ਨਾਲ ਜੋੜਿਆ। ਉਨ੍ਹਾਂ ਕਿਹਾ ਕਿ ਪ੍ਰਕੋਪ ਤੋਂ ਪਹਿਲਾਂ ਕਈ ਦਿਨਾਂ ਤੱਕ ਸਪਲਾਈ ਕੀਤੇ ਜਾਂਦੇ ਪਾਣੀ ਦਾ ਰੰਗ ਬਦਲ ਗਿਆ ਸੀ ਅਤੇ ਇਸ ਵਿੱਚੋਂ ਬਦਬੂ ਆ ਰਹੀ ਸੀ। ਹਾਲਾਂਕਿ, ਮੰਤਰੀ ਅੰਬਰਸਨ ਨੇ ਸੁਝਾਅ ਦਿੱਤਾ ਕਿ ਭੋਜਨ ਜਹਿਰ ਇਸ



ਦਾ ਕਾਰਨ ਹੋ ਸਕਦਾ ਹੈ। ਇਸ ਦੌਰਾਨ ਇਹ ਵੀ ਕਿਹਾ ਗਿਆ ਕਿ ਪਾਣੀ ਦੇ ਨਮੂਨਿਆਂ ਵਿੱਚ ਦੂਸਿ਼ਤ ਹੋਣ ਦਾ ਕੋਈ ਸਬੂਤ ਨਹੀਂ ਹੈ। ਅਧਿਕਾਰੀਆਂ ਵੱਲੋਂ ਸਮੇਂ ਸਿਰ ਕਾਰਵਾਈ ਨਾ ਕਰਨ ’ਤੇ ਸਥਾਨਕ ਲੋਕਾਂ ਨੇ ਨਿਰਾਸਾ ਪ੍ਰਗਟਾਈ। ਉਨ੍ਹਾਂ ਦਾਅਵਾ ਕੀਤਾ ਕਿ ਸਥਾਨਕ ਅਧਿਕਾਰੀਆਂ ਨੂੰ ਪਾਣੀ ਦੀ ਖਰਾਬ ਗੁਣਵੱਤਾ ਬਾਰੇ ਕਈ ਦਿਨ ਪਹਿਲਾਂ ਸੂਚਿਤ ਕੀਤਾ ਗਿਆ ਸੀ, ਪਰ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਘਟਨਾ ਤੋਂ ਬਾਅਦ ਸਥਾਨਕ ਅਧਿਕਾਰੀਆਂ ਨੇ ਬਾਰੀਕੀ ਨਾਲ ਜਾਂਚ ਸੁਰੂ ਕਰ ਦਿੱਤੀ ਹੈ। ਪਾਣੀ ਦੇ ਨਮੂਨੇ ਵੀ ਜਾਂਚ ਲਈ ਲਏ ਗਏ ਹਨ ਅਤੇ ਸਿਹਤ ਅਧਿਕਾਰੀ ਬਿਮਾਰੀ ਦੇ ਸਹੀ ਕਾਰਨਾਂ ਦਾ ਪਤਾ ਲਗਾਉਣ ਲਈ ਕੰਮ ਕਰ ਰਹੇ ਹਨ। ਮੰਤਰੀ ਅਨਬਰਸਨ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪਾਣੀ ਨੂੰ ਪੀਣ ਤੋਂ ਪਹਿਲਾਂ ਉਬਾਲ ਕੇ ਖਾਣ ਅਤੇ ਸਿਹਤ ਦੇ ਹੋਰ ਖਤਰਿਆਂ ਤੋਂ ਬਚਣ ਲਈ ਜ਼ਰੂਰੀ ਸਾਵਧਾਨੀਆਂ ਵਰਤਣ। ਉਸਨੇ ਪ੍ਰਭਾਵਿਤ ਖੇਤਰਾਂ ਵਿੱਚ ਸਹੀ ਸਫਾਈ ਬਣਾਈ ਰੱਖਣ ਦੀ ਮਹੱਤਤਾ ‘ਤੇ ਵੀ ਜੋਰ ਦਿੱਤਾ। ਇਸ ਘਟਨਾ ਨੇ ਸਥਾਨਕ ਪਾਣੀ ਦੇ ਬੁਨਿਆਦੀ ਢਾਂਚੇ ਅਤੇ ਜਨਤਕ ਸਿਹਤ ਚਿੰਤਾਵਾਂ ਲਈ ਵਧੇਰੇ ਕਿਰਿਆਸੀਲ ਪਹੁੰਚ ਨੂੰ ਸੁਧਾਰਨ ਦੀ ਤੁਰੰਤ ਲੋੜ ਨੂੰ ਉਜਾਗਰ ਕੀਤਾ ਹੈ।

# ਦਿੱਲੀ ਤੀਹਰਾ ਕਤਲਕਾਂਡ: ਪੁਲਸ ਨੇ ਜੰਗਲ ‘ਚੋਂ ਖੂਨ ਨਾਲ ਲਿਬੜੇ ਕੱਪੜੇ ਅਤੇ ਚਾਕੂ ਕੀਤਾ ਬਰਾਮਦ

ਨਵੀਂ ਦਿੱਲੀ 8 ਦਸੰਬਰ। ਦੱਖਣੀ ਦਿੱਲੀ ਦੇ ਨੇਬ ਸਰਾਏ ਇਲਾਕੇ ਵਿਚ ਤੀਹਰੇ ਕਤਲਕਾਂਡ ਵਿਚ ਕਥਿਤ ਤੌਰ ‘ਤੇ ਵਰਤੇ ਗਏ ਚਾਕੂ ਅਤੇ ਖੂਨ ਨਾਲ ਲਿਬੜੇ ਕੱਪੜੇ ਪੁਲਸ ਨੇ ਸੰਜੇ ਵਨ ਤੋਂ ਬਰਾਮਦ ਕੀਤੇ ਹਨ। ਬੁੱਧਵਾਰ ਨੂੰ ਪੁਲਸ ਨੇ ਅਰਜੁਨ ਤੰਵਰ (20) ਨੂੰ ਉਸ ਦੇ ਮਾਤਾ-ਪਿਤਾ ਅਤੇ ਭੈਣ ਦੀ ਹੱਤਿਆ ਦੇ ਦੋਸ ‘ਚ ਗ੍ਰਿਫਤਾਰ ਕੀਤਾ ਸੀ। ਸਾਬਕਾ ਸੈਨਿਕ ਰਾਜੇਸ ਕੁਮਾਰ (51), ਉਨ੍ਹਾਂ ਦੀ ਪਤਨੀ ਕੋਮਲ (46) ਅਤੇ ਉਨ੍ਹਾਂ ਦੀ ਬੇਟੀ ਕਵਿਤਾ (23) ਬੁੱਧਵਾਰ ਸਵੇਰੇ ਦਿਓਲੀ ਪਿੰਡ ਵਿੱਚ ਆਪਣੇ ਘਰ ਵਿੱਚ ਮ੍ਰਿਤਕ ਪਾਏ ਗਏ ਸਨ। ਪੁਲਸ ਮੁਤਾਬਕ ਤੰਵਰ ਦੇ ਆਪਣੇ ਮਾਤਾ-ਪਿਤਾ ਨਾਲ ਚੰਗੇ ਰਿਸਤੇ ਨਹੀਂ ਸਨ ਅਤੇ ਉਹ ਇਸ ਗੱਲ ਤੋਂ ਪਰੇਸਾਨ ਸੀ ਕਿ ਉਸ ਦੇ ਮਾਤਾ-ਪਿਤਾ ਉਸ ਤੋਂ ਜਿ਼ਆਦਾ ਉਸ ਦੀ ਭੈਣ ਨੂੰ ਪਸੰਦ ਕਰਦੇ ਹਨ। ਪੁਲਸ ਨੇ ਬੁੱਧਵਾਰ ਦੇਰ ਰਾਤ ਸੰਜੇ ਵਨ ਤੋਂ ਤੰਵਰ ਦੀ ਖੂਨ ਨਾਲ ਲਿਬੜੀ ‘ਸਵੈਟਸ਼ਰਟ’ ਅਤੇ ਉਸ ਦੇ ਮਾਤਾ-ਪਿਤਾ ਅਤੇ ਭੈਣ ਦੇ ਕਤਲ ‘ਚ ਵਰਤਿਆ ਗਿਆ ਚਾਕੂ ਬਰਾਮਦ ਕੀਤਾ। ਪੁੱਛਗਿੱਛ



ਦੌਰਾਨ ਤੰਵਰ ਨੇ ਪੁਲਸ ਨੂੰ ਦੱਸਿਆ ਕਿ ਉਸ ਨੇ ਸਭ ਤੋਂ ਪਹਿਲਾਂ ਆਪਣੀ ਭੈਣ ਦਾ ਗਲਾ ਵੱਢ ਕੇ ਕਤਲ ਕੀਤਾ, ਜਦੋਂ ਉਹ ਸੁੱਤੀ ਪਈ ਸੀ। ਪੁਲਸ ਨੇ ਦੱਸਿਆ ਕਿ ਇਸ ਤੋਂ ਬਾਅਦ ਉਹ ਉੱਪਰ ਗਿਆ ਅਤੇ ਆਪਣੇ ਪਿਤਾ ਦੀ ਗਰਦਨ ‘ਤੇ ਚਾਕੂ ਨਾਲ ਵਾਰ ਕਰ ਦਿੱਤਾ ਅਤੇ ਟਾਇਲਟ ‘ਚ ਮੌਜੂਦ ਆਪਣੀ ਮਾਂ ਦਾ ਗਲਾ ਵੀ ਵੱਢ ਦਿੱਤਾ। ਪੁਲਸ ਮੁਤਾਬਕ ਤੰਵਰ ਨੇ ਫਿਰ ਆਪਣੇ ਖੂਨ ਨਾਲ ਲਿਬੜੇ ਕੱਪੜੇ ਇੱਕ ਜਿਮ ਬੈਗ ਵਿੱਚ ਪਾ ਦਿੱਤੇ ਅਤੇ ਸੰਜੇ ਵਨ ਪਹੁੰਚਿਆ, ਜਿੱਥੇ ਉਸਨੇ ਅਪਰਾਧ ਵਿੱਚ ਵਰਤੇ ਗਏ ਚਾਕੂ ਸਮੇਤ ਉਹ ਕੱਪੜੇ ਸੁੱਟ ਦਿੱਤੇ। ਅਧਿਕਾਰੀਆਂ ਨੇ ਦੱਸਿਆ ਕਿ ਉੱਥੋਂ ਪਰਤਣ ਤੋਂ ਬਾਅਦ ਉਸ ਨੇ ਘਰ ਦੇ ਟਾਇਲਟ ਅਤੇ ਹੋਰ ਸਾਮਾਨ ਤੋਂ ਖੂਨ ਸਾਫ ਕਰਨ ਦੀ ਕੋਸਿ਼ਸ ਕੀਤੀ। ਉਨ੍ਹਾਂ ਕਿਹਾ ਕਿ ਤੰਵਰ ਨੇ ਫਿਰ ਪੁਲਸ ਨੂੰ ਝੂਠਾ ਬਿਆਨ ਦਿੱਤਾ, ਜਿਸ ਵਿੱਚ ਦਾਅਵਾ ਕੀਤਾ ਗਿਆ ਕਿ ਜਦੋਂ ਪਰਿਵਾਰਕ ਮੈਂਬਰਾਂ ਦਾ ਕਤਲ ਕੀਤਾ ਗਿਆ ਤਾਂ ਉਹ ਜਿਮ ਵਿੱਚ ਸੀ।

## ਪੁਲਸ ਨੇ ਹੈਰੋਇਨ ਸਣੇ 2 ਵਿਅਕਤੀਆਂ ਨੂੰ ਕੀਤਾ ਗ੍ਰਿਫਤਾਰ

ਫਿਰੋਜ਼ਪੁਰ 8 ਦਸੰਬਰ। ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਗਸ਼ਤ ਅਤੇ ਚੈਕਿੰਗ ਦੌਰਾਨ ਦੋ ਵਿਅਕਤੀਆਂ ਨੂੰ 10 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਉਨ੍ਹਾਂ ਖਿ਼ਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਨਜ਼ਦੀਕ ਟਰੱਕ ਯੂਨੀਅਨ ਬਾਰਡਰ ਰੋਡ ’ਤੇ ਪੁੱਜੀ ਤਾਂ ਦੋ ਨੌਜਵਾਨ ਲੜਕੇ ਜੱਜ ਪੁੱਤਰ ਹਰਦੀਪ ਸਿੰਘ ਵਾਸੀ ਨੇੜੇ ਮੁਹੱਲਾ ਨਾਨਕਪੁਰਾ ਬਸਤੀ ਗੋਲਬਾਗ ਅਤੇ ਦੀਪਕ ਪੁੱਤਰ ਬਾਰਾ ਸਿੰਘ ਪੁੱਤਰ ਦਾਰਾ ਸਿੰਘ ਵਾਸੀ ਮੁਹੱਲਾ ਨਾਨਕਪੁਰਾ ਸਿਟੀ ਫਿਰੋਜ਼ਪੁਰ ਆਉਂਦੇ ਵਿਖਾਈ ਦਿੱਤੇ। ਉਹ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਏ ਤੇ ਇਕ ਦਮ ਮੌਕੇ ਤੋਂ ਖਿਸਕਣ ਲੱਗੇ, ਜਿਨ੍ਹਾਂ ਨੂੰ ਕਾਬੂ ਕਰਕੇ ਤਲਾਸ਼ੀ ਲਈ ਤਾਂ ਇਨ੍ਹਾਂ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿ਼ਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਕਰਮਚਾਰੀਆਂ ਲਈ ਖੁਸ਼ਖਬਰੀ ! ਮੂਲ ਤਨਖਾਹ ‘ਚ ਵਾਧੇ ਨੂੰ ਲੈ ਕੇ ਕੀਤਾ ਜਾ ਸਕਦੈ ਇਹ ਐਲਾਨ

**ਕਿਸ਼ਨ ਪਾਲ**

ਜਲੰਧਰ 8 ਦਸੰਬਰ। ਕੇਂਦਰ ਸਰਕਾਰ ਕਰਮਚਾਰੀ ਭਵਿੱਖ ਨਿਧੀ ਸੰਗਠਨ (ਈ. ਪੀ. ਐੱਫ. ਓ.) ਅਤੇ ਕਰਮਚਾਰੀ ਰਾਜ ਬੀਮਾ ਨਿਗਮ (ਈ. ਐੱਸ. ਆਈ. ਸੀ.) ਦੇ ਅਧੀਨ ਆਉਣ ਵਾਲੇ ਪ੍ਰਾਈਵੇਟ ਖੇਤਰ ਦੇ ਕਰਮਚਾਰੀਆਂ ’ਤੇ ਮੇਹਰਬਾਨ ਹੁੰਦੀ ਨਜਰ ਆ ਰਹੀ ਹੈ। ਕੇਂਦਰੀ ਕਿਰਤ ਤੇ ਰੋਜਗਾਰ ਮੰਤਰਾਲਾ ਕਰਮਚਾਰੀਆਂ ਦੀ ਮਹੀਨਾਵਾਰ ਅਤੇ ਮੂਲ ਤਨਖਾਹ ਦੀ ਸੀਮਾ ਨੂੰ ਵਧਾਉਣ ’ਤੇ ਵਿਚਾਰ ਕਰ ਰਿਹਾ ਹੈ। ਇਕ ਰਿਪੋਰਟ ’ਚ ਸੂਤਰਾਂ ਦੇ ਹਵਾਲੇ ਨਾਲ ਕਿਹਾ ਗਿਆ ਕਿ ਮੰਤਰਾਲਾ ਮੂਲ ਤਨਖਾਹ ਦੀ ਨਵੀਂ ਸੀਮਾ 25,000 ਰੁਪਈ ਜਾਂ ਉਸ ਤੋਂ ਵੱਧ ਤੱਕ ਵਧਾ ਸਕਦਾ ਹੈ। ਦੱਸਿਆ ਜਾ ਰਿਹਾ ਹੈ ਕਿ ਜੇਕਰ ਮੂਲ ਤਨਖਾਹ ’ਚ ਵਾਧਾ ਹੁੰਦਾ ਹੈ ਤਾਂ ਸੇਵਾਮੁਕਤੀ ਸਮੇਂ ਕਰਮਚਾਰੀਆਂ ਨੂੰ ਪੈਨਸ਼ਨ ਮਿਲੇਗੀ। ਈ. ਪੀ. ਐੱਫ. ਓ. ਤਹਿਤ ਘੱਟੋ-ਘੱਟ ਮੂਲ ਤਨਖਾਹ ਦੀ ਸੀਮਾ 15,000 ਰੁਪਏ ਹੈ। ਅੱਜ ਤੋਂ 10 ਸਾਲ ਪਹਿਲਾਂ ਮੂਲ ਤਨਖਾਹ ਨੂੰ 6500 ਰੁਪਏ ਤੋਂ ਵਧਾ ਕੇ 15,000 ਰੁਪਏ ਕੀਤਾ ਗਿਆ ਸੀ। ਜਾਣਕਾਰੀ ਮੁਤਾਬਕ ਹਾਲ ਹੀ ’ਚ ਈ. ਪੀ. ਐੱਫ. ਓ. ਦੀ ਕੇਂਦਰੀ ਟਰੱਸਟੀ ਬੋਰਡ (ਸੀ. ਬੀ. ਟੀ.) ਦੀ ਬੈਠਕ ’ਚ ਇਸ ਮੁੱਦੇ ’ਤੇ ਚਰਚਾ ਹੋਈ ਹੈ। ਜਿ਼ਆਦਾਤਰ ਮੈਂਬਰਾਂ ਨੇ ਸਹਿਮਤੀ ਪ੍ਰਗਟਾਈ ਕਿ ਮੌਜੂਦਾ ਮੂਲ ਤਨਖਾਹ ਨੂੰ ਵਧਾਇਆ ਜਾਣਾ ਚਾਹੀਦਾ ਹੈ। ਵਰਤਮਾਨ ’ਚ ਈ. ਪੀ. ਐੱਫ. ਓ. ਤਹਿਤ ਮੂਲ ਤਨਖਾਹ 15,000 ਰੁਪਏ ’ਚੋਂ ਕਰਮਚਾਰੀ ਦੇ ਪੀ. ਐੱਫ. ਖਾਤੇ ਲਈ 12 ਫੀਸਦੀ ਅੰਸਦਾਨ ਕੱਟਿਆ ਜਾਂਦਾ ਹੈ। ਇੰਨੀ ਹੀ ਰਾਸੀ ਕੰਪਨੀ ਪੀ. ਐੱਫ. ਖਾਤੇ ’ਚ ਜਮ੍ਹਾ ਕਰਵਾਉਂਦੀ ਹੈ। ਇੰਪਲਾਇਰ ਯਾਨੀ ਕੰਪਨੀ ਦੇ ਯੋਗਦਾਨ ਦਾ 8.33 ਫੀਸਦੀ ਹਿੱਸਾ ਪੈਨਸ਼ਨ ਫੰਡ (ਈ. ਪੀ. ਐੱਫ.) ਵਿਚ ਜਾਂਦਾ ਹੈ, ਜਦਕਿ 3.67 ਫੀਸਦੀ ਪੀ. ਐੱਫ. ਖਾਤੇ ’ਚ ਜਮ੍ਹਾ ਹੁੰਦਾ ਹੈ। ਆਖਰੀ ਵਾਰ ਈ. ਪੀ. ਐੱਫ. ਓ. ਤਹਿਤ ਮੂਲ ਤਨਖਾਹ ਸੀਮਾ ਨੂੰ 2014 ’ਚ ਵਧਾਇਆ ਗਿਆ ਸੀ। ਪਿਛਲੇ 10 ਸਾਲਾਂ ’ਚ ਮਹਿੰਗਾਈ ’ਚ ਵਾਧਾ ਹੋਇਆ ਹੈ, ਜਿਸ ਕਾਰਨ ਹੁਣ ਇਸ ਸੀਮਾ ਨੂੰ ਫਿਰ ਤੋਂ ਵਧਾਉਣ ਦੀ ਲੋੜ ਮਹਿਸੂਸ ਹੋ ਰਹੀ ਹੈ। ਇਸ ਨਾਲ ਕਰਮਚਾਰੀਆਂ ਨੂੰ ਭਵਿੱਖ ’ਚ ਜਿ਼ਆਦਾ ਪੈਨਸ਼ਨ ਅਤੇ ਪੀ. ਐੱਫ. ’ਚ ਹੋਰ ਰਾਸ਼ੀ ਜਮ੍ਹਾ ਕਰਨ ਦਾ ਮੌਕਾ ਮਿਲੇਗਾ। ਈ. ਐੱਸ. ਆਈ. ਸੀ. ਦੇ ਤਹਿਤ ਗ੍ਰਾਸ ਸੈਲਰੀ 21,000 ਰੁਪਏ ਦੇ ਆਧਾਰ ’ਤੇ ਕਟੌਤੀ ਕੀਤੀ ਜਾਂਦੀ ਹੈ। ਕਰਮਚਾਰੀ ਦਾ 1.75 ਫੀਸਦੀ ਅਤੇ ਇੰਪਲਾਇਰ ਦਾ 4.75 ਫੀਸਦੀ



ਅੰਸਦਾਨ ਇਸ ’ਚ ਸਾਮਲ ਹੁੰਦਾ ਹੈ। ਸਰਕਾਰ ਹੁਣ ਈ. ਐੱਸ. ਆਈ. ਸੀ. ਦੇ ਤਹਿਤ ਗ੍ਰਸ ਸੈਲਰੀ ਦੀ ਸੀਮਾ ਵਧਾਉਣ ’ਤੇ ਵੀ ਵਿਚਾਰ ਕਰ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਅਗਲੀਆਂ ਮੀਟਿੰਗਾਂ ’ਚ ਇਸ ’ਤੇ ਆਖਰੀ ਫੈਸਲਾ ਲਿਆ ਜਾ ਸਕਦਾ ਹੈ।

# ਪਰਿਵਾਰ ’ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ, ਪਿਓ-ਪੁੱਤਰ ਤੇ ਭਰਜਾਈ ਜ਼ਖਮੀ

ਅਬੋਹਰ 8 ਦਸੰਬਰ। ਵਿਧਾਨ ਸਭਾ ਹਲਕਾ ਬੱਲੂਆਣਾ ਦੇ ਪਿੰਡ ਕੇਰਾਖੇੜਾ ਵਿਖੇ ਜ਼ਮੀਨੀ ਝਗੜੇ ਨੂੰ ਲੈ ਕੇ ਗੁਆਂਢੀ ਖੇਤ ਮਾਲਕਾਂ ਨੇ ਇਕ ਪਰਿਵਾਰ ’ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਜ਼ਖਮੀ ਕਰ ਦਿੱਤਾ। ਉਨ੍ਹਾਂ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਨ੍ਹਾਂ ਜ਼ਖਮੀਆਂ ’ਚੋਂ 2 ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਮਾਮਲੇ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ ਹੈ। ਜਾਣਕਾਰੀ ਦਿੰਦੇ ਹੋਏ ਮਦਨ ਪੁੱਤਰ ਪਿਰਥੀ ਲਾਲ ਵਾਸੀ ਪਿੰਡ ਕੇਰਖੇੜਾ ਨੇ ਦੱਸਿਆ ਕਿ ਅੱਜ ਸਵੇਰੇ ਉਹ, ਉਸ ਦਾ ਪੁੱਤਰ ਪਵਨ ਅਤੇ ਭਰਜਾਈ ਸੋਮਾ ਪਤਨੀ ਸੁਭਾਸ਼ ਖੇਤ ’ਚ ਸਰ੍ਹੋਂ ਦੀ ਬਿਜਾਈ ਕਰ ਰਹੇ ਸਨ। ਇਸੇ ਦੌਰਾਨ ਗੁਆਂਢੀ ਖੇਤ ਮਾਲਕ ਨੇ ਉਨ੍ਹਾਂ ਦੀ ਜ਼ਮੀਨ ’ਚ ਬੀਜੀ ਗਈ ਕਣਕ ’ਤੇ ਟਰੈਕਟਰ ਚਲਾ ਦਿੱਤਾ। ਜਦੋਂ ਉਨ੍ਹਾਂ ਇਤਰਾਜ਼ ਕੀਤਾ ਤਾਂ ਗੁਆਂਢੀ ਖੇਤ ਮਾਲਕ ਨੇ ਆਪਣੇ ਸਾਥੀਆਂ ਨੂੰ ਬੁਲਾ ਕੇ ਉਨ੍ਹਾਂ ’ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਜ਼ਖਮੀ ਕਰ ਦਿੱਤਾ। ਤਿੰਨਾਂ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਇਸ ਮਾਮਲੇ ’ਚ ਦੂਜੀ ਧਿਰ ਦੇ ਤਿੰਨ ਵਿਅਕਤੀਆਂ ਨੂੰ ਵੀ ਹਸਪਤਾਲ ’ਚ ਦਾਖਲ ਕਰਵਾਇਆ ਗਿਆ ਹੈ ਪਰ ਉਹ ਕੁਝ ਨਹੀਂ ਦੱਸਣਾ ਚਾਹੁੰਦੇ। ਹਸਪਤਾਲ ਦੇ ਡਾਕਟਰ ਸਵਪਨਿਲ ਨੇ ਦੱਸਿਆ ਕਿ ਇਸ ਮਾਮਲੇ ’ਚ ਕੁੱਲ 6 ਲੋਕਾਂ ਨੂੰ ਹਸਪਤਾਲ ’ਚ ਦਾਖਲ ਕਰਵਾਇਆ ਗਿਆ ਹੈ। ਜਿਸ ’ਚ ਮਦਨ ਦੇ ਸਿਰ ’ਤੇ ਡੂੰਘੀਆਂ ਸੱਟਾਂ ਲੱਗਣ ਕਾਰਨ ਕਰੀਬ 15 ਟਾਂਕੇ ਲੱਗੇ ਹਨ, ਜਦ ਕਿ ਪਵਨ ਦੀ ਵੀ ਬਾਂਹ ਟੁੱਟੀ ਹੈ ਅਤੇ ਸੋਮਾ ਵੀ ਮਾਮੂਲੀ ਜ਼ਖਮੀ ਹੈ। ਇਸ ਸਬੰਧੀ ਥਾਣਾ ਸਦਰ ਦੇ ਇੰਚਾਰਜ ਸੁਨੀਲ ਕੁਮਾਰ ਨਾਲ ਗੱਲ ਕਰਨ ’ਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਲੜਾਈ ਦੀ ਹੁਣੇ ਹੀ ਸੂਚਨਾ ਮਿਲੀ ਹੈ

# ਵਿਆਹ ‘ਚੋਂ ਪਰਤ ਰਹੇ ਨੌਜਵਾਨਾਂ ਨਾਲ ਵਾਪਰ ਗਿਆ ਭਾਣਾ

ਭਵਾਨੀਗੜ੍ਹ 8 ਦਸੰਬਰ। ਬੀਤੀ ਰਾਤ ਜੀਰਕਪੁਰ-ਬਠਿੰਡਾ ਨੈਸਨਲ ਹਾਈਵੇ ’ਤੇ ਸਥਿਤ ਪਿੰਡ ਚੰਨੋ ਨੇੜੇ ਇਕ ਸਵਿਫਟ ਕਾਰ ਦਾ ਟਾਇਰ ਫੱਟਣ ਕਾਰਨ ਬੇਕਾਬੂ ਹੋ ਕੇ ਖਤਾਨਾਂ ’ਚ ਪਲਟ ਗਈ। ਹਾਦਸੇ ਦੌਰਾਨ ਕਾਰ ’ਚ ਸਵਾਰ 2 ਦੋਸਤਾਂ ’ਚੋਂ ਇਕ ਦੀ ਮੌਤ ਹੋ ਗਈ, ਜਦਕਿ ਦੂਜਾ ਗੰਭੀਰ ਰੂਪ ’ਚ ਜਖਮੀ ਹੋ ਗਿਆ। ਦੋਵੇਂ ਦੋਸਤ ਭਵਾਨੀਗੜ੍ਹ ਨੇੜਲੇ ਪਿੰਡ ਭੱਟੀਵਾਲ ਖੁਰਦ ਦੇ ਰਹਿਣ ਵਾਲੇ ਸਨ ਅਤੇ ਕਿਸੇ ਵਿਆਹ ਸਮਾਗਮ ਤੋਂ ਵਾਪਸ ਆ ਰਹੇ ਸਨ। ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਕਾਲਾਝਾੜ ਪੁਲਸ ਚੌਕੀ ਦੇ ਇੰਚਾਰਜ ਏ. ਐੱਸ. ਆਈ. ਗੁਰਦੇਵ ਸਿੰਘ ਨੇ ਦੱਸਿਆ ਕਿ ਇਹ ਹਾਦਸਾ ਰਾਤ ਕਰੀਬ ਸਾਢੇ 11 ਵਜੇ ਹਾਈਵੇਅ ’ਤੇ ਨਾਇਰਾ ਪੈਟਰੋਲ ਪੰਪ ਨੇੜੇ ਵਾਪਰਿਆ, ਜਿਸ ’ਚ ਦੋ ਨੌਜਵਾਨ ਸੰਜਮਪ੍ਰੀਤ ਸਿੰਘ (24) ਤੇ ਉਸਦਾ ਦੋਸਤ ਗੁਰਪ੍ਰੀਤ ਸਿੰਘ ਦੋਵੇਂ ਵਾਸੀ ਭੱਟੀਵਾਲ ਖੁਰਦ ਪਟਿਆਲਾ ਕੋਲੋਂ ਵਿਆਹ ਪ੍ਰੋਗਰਾਮ ’ਚ ਹਿੱਸਾ ਲੈ ਕੇ ਵਾਪਸ ਆਪਣੇ ਪਿੰਡ ਆ ਰਹੇ ਸਨ ਕਿ ਪਿੰਡ ਚੰਨੋ ਨੇੜੇ ਅਚਾਨਕ ਟਾਇਰ ਫੱਟਣ ਕਾਰਨ ਉਨ੍ਹਾਂ ਦੀ ਕਾਰ ਬੇਕਾਬੂ ਹੋ ਕੇ ਡਿਵਾਈਡਰ ਨਾਲ ਟਕਰਾਉਂਦੀ ਉਛਲਦੇ ਹੋਏ ਸੜਕ ਦੇ ਦੂਜੇ ਪਾਸੇ ਖਤਾਨਾਂ ’ਚ ਜਾ ਡਿੱਗੀ। ਪੁਲਸ ਅਧਿਕਾਰੀ ਨੇ ਦੱਸਿਆ ਕਿ ਹਾਦਸੇ ’ਚ ਗੰਭੀਰ ਜਖਮੀ ਹੋਏ ਸੰਜਮਪ੍ਰੀਤ ਸਿੰਘ ਦੀ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਮੌਤ ਹੋ ਗਈ




# 60 ਫੀਸਦੀ ਵਧ ਸਕਦੈ ਡੇਂਗੂ ਦਾ ਖਤਰਾ !

**ਏਜੰਸੀਆਂ**

ਨੈਸਨਲ ਡੈਸਕ 8 ਦਸੰਬਰ। ਜਲਵਾਯੂ ਪਰਿਵਰਤਨ ਕਾਰਨ ਡੇਂਗੂ ਦੇ ਮਾਮਲੇ 25 ਸਾਲਾਂ ਵਿੱਚ 2050 ਤੱਕ 40 ਤੋਂ 60 ਫੀਸਦੀ ਤੱਕ ਵਧ ਸਕਦੇ ਹਨ। ਕੁਝ ਖੇਤਰਾਂ ਵਿੱਚ ਡੇਂਗੂ ਦੇ ਕੇਸਾਂ ਵਿੱਚ 200 ਪ੍ਰਤੀਸਤ ਵਾਧਾ ਹੋ ਸਕਦਾ ਹੈ। ਇਹ ਜਾਣਕਾਰੀ ਅਮਰੀਕਨ ਸੋਸਾਇਟੀ ਆਫ ਟ੍ਰੋਪਿਕਲ ਮੈਡੀਸਨ ਐਂਡ ਹਾਈਜੀਨ (ਏ.ਐੱਸ.ਟੀ.ਐੱਮ.ਐੱਚ.) ਦੀ ਸਾਲਾਨਾ ਬੈਠਕ ‘ਚ ਕੀਤੀ ਗਈ ਖੋਜ ‘ਚ ਸਾਹਮਣੇ ਆਈ ਹੈ। ਇਹ ਅਧਿਐਨ ਹਾਰਵਰਡ, ਸਟੈਨਫੋਰਡ ਅਤੇ ਮੈਰੀਲੈਂਡ ਯੂਨੀਵਰਸਿਟੀ ਦੇ ਖੋਜਕਰਤਾਵਾਂ ਦੁਆਰਾ ਕੀਤਾ ਗਿਆ ਸੀ। ਖੋਜ ਨੇ 21 ਦੇਸਾਂ ਵਿੱਚ ਡੇਂਗੂ ਦੇ 1.5 ਮਿਲੀਅਨ ਮਾਮਲਿਆਂ ਦਾ ਵਿਸਲੇਸਣ ਕੀਤਾ। ਵਿਗਿਆਨੀਆਂ ਨੇ ਇਹ ਸਮਝਣ ਦੀ ਕੋਸਿ਼ਸ ਕੀਤੀ ਕਿ ਕਿਵੇਂ ਵਧਦਾ ਤਾਪਮਾਨ ਡੇਂਗੂ ਦੇ ਫੈਲਣ ਨੂੰ ਪ੍ਰਭਾਵਿਤ ਕਰ ਰਿਹਾ ਹੈ, ਖਾਸ ਕਰਕੇ ਅਮਰੀਕਾ ਅਤੇ ਏਸੀਆ ਵਿੱਚ। ਅਧਿਐਨ ਨੇ ਦਿਖਾਇਆ ਕਿ ਡੇਂਗੂ ਦਾ ਸੰਚਾਰ ਉਦੋਂ ਹੁੰਦਾ ਹੈ ਜਦੋਂ ਤਾਪਮਾਨ 15 ਡਿਗਰੀ ਸੈਲਸੀਅਸ ਤੋਂ 27.8 ਡਿਗਰੀ ਸੈਲਸੀਅਸ ਤੱਕ ਹੁੰਦਾ ਹੈ। ਜਦੋਂ ਬਹੁਤ ਜਿ਼ਆਦਾ ਗਰਮੀ ਹੁੰਦੀ ਹੈ ਤਾਂ ਡੇਂਗੂ ਦਾ ਫੈਲਣਾ ਹੌਲੀ ਹੋ ਜਾਂਦਾ ਹੈ। ਅਮਰੀਕਾ ‘ਚ 2023 ‘ਚ ਡੇਂਗੂ ਦੇ 45.9 ਲੱਖ ਮਾਮਲੇ ਸਨ ਅਤੇ 2024 ਵਿੱਚ ਇਹ ਅੰਕੜਾ ਵੱਧ ਕੇ 1.25 ਕਰੋੜ ਹੋ ਗਿਆ, ਜੋ ਕਿ 160 ਫੀਸਦੀ ਦਾ ਵਾਧਾ ਦਰਸਾਉਂਦਾ ਹੈ।



ਅਧਿਐਨ ਵਿਚ ਇਹ ਵੀ ਪਾਇਆ ਗਿਆ ਕਿ ਮੌਸਮ ਵਿਚ ਤਬਦੀਲੀ ਮੱਛਰ ਤੋਂ ਪੈਦਾ ਹੋਣ ਵਾਲੀਆਂ ਬਿਮਾਰੀਆਂ ਦਾ ਵੱਡਾ ਕਾਰਨ ਬਣ ਰਹੀ ਹੈ। ਜਲਵਾਯੂ ਪਰਿਵਰਤਨ ਕਾਰਨ ਮੱਛਰ ਹੁਣ ਉਨ੍ਹਾਂ ਇਲਾਕਿਆਂ ਵਿਚ ਵੀ ਵਧ-ਫੁੱਲ ਰਹੇ ਹਨ ਜਿੱਥੇ ਉਹ ਪਹਿਲਾਂ ਨਹੀਂ ਵਧਦੇ ਸਨ। ਜੇਕਰ ਨਿਕਾਸ ਵਿੱਚ ਤੇਜੀ ਨਾਲ ਕਟੌਤੀ ਕੀਤੀ ਜਾਂਦੀ ਹੈ ਤਾਂ ਡੇਂਗੂ ਦੇ ਮਾਮਲਿਆਂ ਵਿੱਚ 60 ਫੀਸਦੀ ਵਾਧਾ 40 ਫੀਸਦੀ ਤੱਕ ਸੀਮਤ ਹੋ ਸਕਦਾ ਹੈ। ਡੇਂਗੂ ਨਾਲ ਸਭ ਤੋਂ ਵੱਧ ਪ੍ਰਭਾਵਿਤ 30 ਦੇਸਾਂ ‘ਚ ਭਾਰਤ ਵੀ ਸਾਮਲ ਹੈ। ਪਿਛਲੇ ਪੰਜ ਸਾਲਾਂ ‘ਚ ਭਾਰਤ ‘ਚ ਡੇਂਗੂ ਦੇ ਕੇਸਾਂ ‘ਚ 84 ਫੀਸਦੀ ਦਾ ਵਾਧਾ ਹੋਇਆ ਹੈ। 2020 ‘ਚ ਡੇਂਗੂ ਦੇ 1,57,315 ਮਾਮਲੇ ਸਾਹਮਣੇ ਆਏ ਸਨ ਜਦੋਂ ਕਿ 2023 ‘ਚ ਇਹ ਗਿਣਤੀ ਵਧ ਕੇ 2,89,235 ਹੋ ਗਈ ਸੀ। ਇਸ ਸਮੇਂ ਦੌਰਾਨ ਡੇਂਗੂ ਕਾਰਨ ਹੋਣ ਵਾਲੀਆਂ ਮੌਤਾਂ ‘ਚ ਵੀ 192 ਫੀਸੰਦੀ ਦਾ ਵਾਧਾ ਹੋਇਆ ਹੈ। ਵਿਸਵ ਸਿਹਤ ਸੰਗਠਨ () ਦਾ ਕਹਿਣਾ ਹੈ ਕਿ ਪਿਛਲੇ ਦੋ ਦਹਾਕਿਆਂ ਵਿੱਚ ਵਿਸਵ ਪੱਧਰ ‘ਤੇ ਡੇਂਗੂ ਦੇ ਮਾਮਲੇ ਵਧੇ ਹਨ। 2023 ਦੇ ਅੰਤ ਤੱਕ 129 ਤੋਂ ਵੱਧ ਦੇਸਾਂ ਵਿੱਚ ਡੇਂਗੂ ਦੀ ਲਾਗ ਦੀ ਰਿਪੋਰਟ ਕੀਤੀ ਗਈ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਵਧਦੇ ਤਾਪਮਾਨ ਅਤੇ ਡੇਂਗੂ ਦੇ ਮਾਮਲਿਆਂ ਵਿੱਚ ਵਾਧੇ ਦਾ ਸਿੱਧਾ ਸਬੰਧ ਹੈ। ਖੋਜਕਰਤਾਵਾਂ ਦਾ ਮੰਨਣਾ ਹੈ ਕਿ ਇਸਦੇ ਪ੍ਰਭਾਵ ਹੋਰ ਵੀ ਭੈੜੇ ਹੋ ਸਕਦੇ ਹਨ। ਇਹ ਅਧਿਐਨ ਭਵਿੱਖ ਵਿੱਚ ਸਿਹਤ ਸਬੰਧੀ ਯੋਜਨਾਵਾਂ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ ਤਾਂ ਜੋ ਡੇਂਗੂ ਦੇ ਵੱਧ ਰਹੇ ਮਾਮਲਿਆਂ ਨਾਲ ਨਜਿੱਠਣ ਲਈ ਬਿਹਤਰ ਕਦਮ ਚੁੱਕੇ ਜਾ ਸਕਣ।